# ਸੁਖ਼ੈਨ ਗ਼ਜ਼ਲ

**(ਗ਼ਜ਼ਲ ਦੇ ਰੂਪ-ਵਿਧਾਨ ਦੀ ਸਰਲ ਜਾਣਕਾਰੀ)**

# ਸੁਖ਼ੈਨ ਗ਼ਜ਼ਲ

## (ਗ਼ਜ਼ਲ ਦੇ ਰੂਪ-ਵਿਧਾਨ ਦੀ ਸਰਲ ਜਾਣਕਾਰੀ)


ਗੁਰਦਰਸ਼ਨ ਬਾਦਲ


.....

# *Sukhien Gazal*


***Gurdarshan Badal***

***by:***

***7383-Parkwood Drive***

***Surry B.C. V3W 7G1***

***CANADA***



ਪ੍ਰਕਾਸ਼ਕ

**ਪੰਜਾਬੀ ਆਰਸੀ ਪ੍ਰਕਾਸ਼ਨ**

**ਕੈਨੇਡਾ, ਇੰਡੀਆ**

***Rs. ...../-***

***Type Setting***

***Arman Graphics, Banga***

***Gagandeep #098888-98556***

Published by :

**.....**

.....

## ਤਰਤੀਬ

ਕੀ, ਕਿੱਥੇ ?

**ਸੁਸ਼ੈਨ ਗ਼ਜ਼ਲ** - ਪੁਸਤਕ ਦੇ ਨਾਮ ਦੀ ਮਹੱਤਤਾ

ਕਾਂਡ - 1

ੳ - ਗ਼ਜ਼ਲ ਸ਼ਬਦ ਦੀ ਜਾਣਕਾਰੀ ਤੇ ਇਤਿਹਾਸ

ਅ - ਗ਼ਜ਼ਲ ਦੀ ਜਾਣਕਾਰੀ

ੲ - ਸ਼ਿਅਰ

ਸ - ਕਾਫ਼ੀਆ

ਹ - ਮੂਲ ਅੱਖਰ ਜਾਂ ਹਰਫ਼ੇ ਰਵੀ

ਖ - ਰਦੀਫ਼

ਖ - ਮਤਲਾ

ਗ - ਮਕਤਾ

ਘ - ਮੁਤਹਰਕ-ਸਾਕਿਨ, ਲਘੂ-ਗੁਰੂ ਕੀ ਹਨ

ਕਾਂਡ - 2

ੳ - ਮੂਲ ਰੁਕਨਾਂ ਦੀ ਜਾਣਕਾਰੀ

ਅ - ਗ਼ਜ਼ਲ ਦੀਆਂ ਮੂਲ ਬਹਿਰਾਂ

ਕਾਂਡ - 3

ਜ਼ਿਹਾਫ਼ ਰੁਕਨਾਂ ਨੂੰ ਕਾਂਟ-ਛਾਂਟ ਦੇ ਤਰੀਕੇ

ੳ - ਉਹ ਰੁਕਨ ਜੋ ਜ਼ਿਹਾਫ਼ਾਂ ਕਰਕੇ ਆਪਣਾ ਆਕਾਰ ਵਧਾਉਂਦੇ ਹਨ

ਉਹ ਰੁਕਨ ਜੋ ਜ਼ਿਹਾਫ਼ਾਂ ਕਰਕੇ ਆਪਣਾ ਆਕਾਰ ਘਟਾਉਂਦੇ ਹਨ

ਜ਼ਿਹਾਫ਼ਾਂ ਵੱਲੋਂ ਰੁਕਨਾਂ ਦੇ ਗਿਰਾਏ ਜਾਂਦੇ ਅੱਖਰਾਂ ਦਾ ਵੇਰਵਾ

ਅ - ਮਾਤਰਾ ਵਧਾਉਣ ਵਾਲ਼ੇ ਜ਼ਿਹਾਫ਼

ੲ - ਰੁਕਨਾਂ ਵਿਚ ਅੱਖਰ ਜਾਂ ਮਾਤਰਾ ਘਟਾਉਣ ਵਾਲ਼ੇ ਜ਼ਿਹਾਫ਼

ਸ - ਜ਼ਿਹਾਫ਼ਾਂ ਨਾਲ਼ ਵੱਖ-ਵੱਖ ਰੁਕਨਾਂ ਦਾ ਕਾਂਟ-ਛਾਂਟ ਕੇ ਬਣਿਆ ਇੱਕੋ ਰੂਪ

ਹ - ਜ਼ਿਹਾਫ਼ਾਂ ਨਾਲ਼ ਇੱਕੋ ਰੁਕਨ ਦਾ ਕਾਂਟ-ਛਾਂਟ ਕੇ ਬਣਿਆ ਰੂਪ

ਕ - ਦੋ-ਦੋ ਜਾਂ ਜਾਂ ਤਿੰਨ-ਤਿੰਨ ਜ਼ਿਹਾਫ਼ਾਂ ਦੇ ਮੇਲ਼ ਤੋਂ ਬਣੇ ਨਵੇਂ ਜ਼ਿਹਾਫ਼

ਖ - ਬਹਿਰਾਂ ਦੇ ਨਾਮ ਜ਼ਿਹਾਫ਼ਾਂ ਦੇ ਨਾਲ਼:-

ਬਹਿਰ ਹਜਜ਼ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਰਮਲ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਰਜਜ਼ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮੁਤਕਾਰਿਬ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮੁਤਦਾਰਿਕ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਕਾਮਿਲ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਵਾਫ਼ਿਰ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਤਵੀਲ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮਦੀਦ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਬਸੀਤ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮੁਜਾਰਿਆ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮਕਤਜ਼ਬ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮੁਨਸਰਿਹ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮੁਜਤਸ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਜਦੀਦ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਖ਼ਫ਼ੀਫ਼ ਅਤੇ ਉਸਦੇ ਜ਼ਿਹਾਫ਼ੇ ਰੂਪ:-

**(ਅ)**

ਬਹਿਰ ਸਰੀਅ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਕਰੀਬ ਅਤੇ ਉਸਦੇ ਜ਼ਿਹਾਫ਼ੇ ਰੂਪ:-

ਬਹਿਰ ਮੁਸ਼ਾਕਿਲ ਅਤੇ ਉਸਦੇ ਜ਼ਿਹਾਫ਼ੇ ਰੂਪ:-

ਗ - ਬਹਿਰਾਂ ਦਾ ਨਾਮਕਰਨ ਕਰਨਾ:-

ਘ - ਰੁਕਨਾਂ ਦੀ ਗਿਣਤੀ ਦਸਦੇ ਸ਼ਬਦ:-

ਕਾਂਡ - 4

ੳ - ਸ਼ਬਦਾਂ ਜਾਂ ਮਾਤਰਾਵਾਂ ਲਈ ਨਿਸ਼ਾਨ-ਚਿੰਨ੍ਹ

ਅ - ਸ਼ਬਦਾਂ ਦੇ ਟੁਕੜੇ ਕਰਨਾ

ੲ - ਸ਼ਬਦਾਂ ਦੀ ਸਹੀ ਬੰਦਿਸ਼

ਸ - ਸ਼ਬਦ ਚੋਣ

ਹ - ਅੱਖਰਾਂ ਅਤੇ ਮਾਤਰਾਵਾਂ ਦੀ ਸਹੀ ਵਰਤੋਂ

ਕ - ਅੱਧਕ ਅਤੇ ਪੈਰੀਂ ਬਿੰਦੀ ਦੀ ਲੋੜ ਅਤੇ ਮਹੱਤਤਾ

ਖ - ਪੈਰਾਂ ਵਿਚ ਪੈਣ ਵਾਲ਼ੇ ਅੱਧੇ ਅੱਖਰ ਅਤੇ ਗਿਣਤੀ

ਗ - ਇਲਤ ਅੱਖਰ ਭਾਵ ਪੰਜਾਬੀ ਦੇ ਸਵਰ ਅੱਖਰ ਜਾਂ ਵਾਉਲ

ਘ - ਅੱਖਰ ਜਾਂ ਮਾਤਰਾ ਗਿਰਾਉਣੀ

ਕਾਂਡ - 5

ਉ - ਸ਼ਿਅਰ ਦੀ ਤਕਤੀਹ ਜਾਂ ਪੜਤਾਲ਼ ਕਰਨੀ

ਅ - ਗ਼ਜ਼ਲ ਦੇ ਗੁਣ ਅਤੇ ਦੋਸ਼

ਕਾਂਡ - 6

ਉ - ਰੁਬਾਈ ਦੀ ਜਾਣਕਾਰੀ:-

ਅ - ਰੁਬਾਈ ਦੇ ਉਹ ਬਾਰ੍ਹਾਂ ਵਜ਼ਨ ਜੋ ਮਫ਼ਊਲ ਤੋਂ ਸ਼ੁਰੂ ਹੁੰਦੇ ਹਨ

ਏ - ਰੁਬਾਈ ਦੇ ਉਹ ਬਾਰ੍ਹਾਂ ਵਜ਼ਨ ਜੋ ਮਫ਼ਊਲੁਨ ਤੋਂ ਸ਼ੁਰੂ ਹੁੰਦੇ ਹਨ

ਕਾਂਡ - 7 - ਸ਼ਬਦ-ਭੰਡਾਰ

ਉ - ਤਿੰਨ ਅੱਖਰੇ ਸ਼ਬਦਾਂ ਦਾ ਸਹੀ ਵਜ਼ਨ

ਅ - ਚਾਰ ਅੱਖਰੇ ਸ਼ਬਦਾਂ ਦਾ ਸਹੀ ਵਜ਼ਨ

ਏ - ਪੰਜ ਅੱਖਰੇ ਸ਼ਬਦਾਂ ਦਾ ਸਹੀ ਵਜ਼ਨ

ਕਾਂਡ - 8 – ਸ਼ਬਦ-ਭੰਡਾਰ

ਇੱਕੋ ਅਰਥ ਵਾਲ਼ੇ ਵੱਖ-ਵੱਖ ਵਜ਼ਨਾਂ ਵਾਲੇ ਸ਼ਬਦ

ਅੰਤਿਕਾ

## ਸੁਖ਼ੈਨ ਗ਼ਜ਼ਲ – ਪੁਸਤਕ ਦੇ ਨਾਮ ਦੀ ਮਹੱਤਤਾ

ਪਿਆਰੀ ਗ਼ਜ਼ਲ ਦੇ ਪਿਆਰੇ ਸਿਖਿਆਰਥੀਓ! ਅੱਜ ਤੁਹਾਨੂੰ ਇਕ ਬਹੁਤ ਹੀ ਪਿਆਰਾ ਤੁਹਫ਼ਾ ਦੇਣ ਨੂੰ ਜੀਅ ਕਰ ਆਇਆ ਹੈ ਜਿਸ ਦੀ ਤੁਹਾਨੂੰ ਚਿਰਾਂ ਤੋਂ ਉਡੀਕ ਸੀ। ਤੁਹਾਡੇ ਵਿੱਚੋਂ ਬਹੁਤ ਸਾਰੇ ਸਿਖਿਆਰਥੀ ਗ਼ਜ਼ਲ ਬਾਰੇ ਕਿਸੇ ਸੌਖੀ ਜਿਹੀ ਵਿਧੀ ਜਾਨਣ ਦੇ ਇੱਛੁਕ ਸਨ। ਤੁਹਾਡੇ ਹੱਥ ਗ਼ਜ਼ਲ ਬਾਰੇ ਜਾਣਕਾਰੀ ਦੇਣ ਵਾਲ਼ੀ ਜਿਹੜੀ ਵੀ ਕਿਤਾਬ ਆਉਂਦੀ, ਉਹ ਤੁਹਾਨੂੰ ਜਾਣਕਾਰੀ ਘੱਟ ਦਿੰਦੀ, ਭੰਬਲ਼ਭੂਸੇ ਵਿਚ ਵੱਧ ਪਾਉਂਦੀ। ਤਕਰੀਬਨ ਸਾਰੀਆਂ ਹੀ ਕਿਤਾਬਾਂ ਵਿਚ ਗ਼ਜ਼ਲ ਦੇ ਰੂਪ-ਵਿਧਾਨ ਅਰੂਜ਼ ਦੇ ਨਾਲ਼-ਨਾਲ਼ ਸਾਡੀ ਪਿਤਾ-ਪੁਰਖੀ ਭਾਰਤੀ ਕਵਿਤਾ ਦੇ ਛੰਦ-ਵਿਧਾਨ ਪਿੰਗਲ ਦੀ ਵੀ ਜਾਣਕਾਰੀ ਨਾਲ਼ ਚਮੇੜ ਦਿੱਤੀ ਜਾਂਦੀ। ਜਿਸਦੀ ਕਿ ਕਤਈ ਵੀ ਲੋੜ ਨਹੀਂ ਸੀ ਹੁੰਦੀ, ਜਿਸ ਨਾਲ਼ ਤੁਸੀਂ ਹੋਰ ਵੀ ਉਲ਼ਝਣ ਵਿਚ ਫ਼ਸ ਜਾਂਦੇ ਰਹੇ ਅਤੇ ਗ਼ਜ਼ਲ ਤੋਂ ਦੂਰ ਹੋ ਜਾਂਦੇ ਰਹੇ।

ਕਈ ਲਿਖਾਰੀਆਂ ਨੇ ਤਾਂ ਏਦੂੰ ਵੀ ਵੱਧ ਜ਼ਿਆਦਤੀ ਕੀਤੀ ਕਿ ਉਹਨਾਂ ਨੇ ਗ਼ਜ਼ਲ ਦੇ ਨਾਪ-ਤੋਲ ਵਾਲ਼ੇ ਮੁੱਢਲੇ ਵੱਟਿਆਂ ਦੇ ਨਾਮ ਹੀ ਬਦਲ ਦਿੱਤੇ। ਉਹਨਾਂ ਦੇ ਰੱਖੇ ਹੋਏ ਨਾਮ ਸਮੇਂ ਨਾਲ਼ ਆਪਣੀ ਮੌਤ ਆਪ ਹੀ ਮਰ ਗਏ ਪਰ ਇਹ ਸਦੀਆਂ ਪਹਿਲਾਂ ਰੱਖੇ ਹੋਏ ਨਾਮ ਅੱਜ ਤੀਕ ਵੀ ਪ੍ਰਚੱਲਿਤ ਹਨ ਅਤੇ ਰਹਿਣਗੇ ਵੀ ਕਿਉਂਕਿ ਜੇ ਗ਼ਜ਼ਲ ਦੇ ਅਸਲੀ ਨਾਮ ਨੂੰ ਨਹੀਂ ਬਦਲਿਆ ਜਾ ਸਕਦਾ ਤਾਂ ਉਸ ਨਾਲ਼ ਸਬੰਧਿਤ ਸਾਰੀ ਲਫ਼ਜ਼ੀ ਜਾਣਕਾਰੀ ਕਿਵੇਂ ਬਦਲ ਸਕਦੀ ਹੈ? ਲੋੜ ਤਾਂ ਸਿੱਖਣ ਅਤੇ ਯਾਦ ਕਰਨ ਦੀ ਹੈ। ਜੇ ਤੁਸੀਂ ਬਦਲੇ ਹੋਏ ਨਾਮ ਯਾਦ ਕਰ ਸਕਦੇ ਹੋ ਤਾਂ ਅਸਲੀ ਅਤੇ ਪੁਰਾਣੇ ਨਾਮ ਕਿਉਂ ਨਹੀਂ ਯਾਦ ਕਰ ਸਕਦੇ? ਇਹ ਠੀਕ ਹੈ ਕਿ ਅੱਜ ਅਰਬੀ ਜਾਂ ਫ਼ਾਰਸੀ ਭਾਸ਼ਾ ਦੀ ਹੋਂਦ ਸਾਡੇ ਖਿੱਤੇ ਵਿਚ ਖ਼ਤਮ ਹੋ ਗਈ ਹੈ ਜਾਂ ਖ਼ਤਮ ਹੋਣ ਕੰਢੇ ਹੈ ਅਤੇ ਇਨ੍ਹਾਂ ਭਾਸ਼ਾਵਾਂ ਦੀ ਪੜ੍ਹਾਈ ਨਹੀਂ ਕਰਾਈ ਜਾਂਦੀ ਤਾਂ ਇਹ ਖ਼ੁਦ-ਬ-ਖ਼ੁਦ ਹੀ ਜਾਇਜ਼ ਹੋ ਜਾਂਦਾ ਹੈ ਕਿ ਤੁਸੀਂ ਸਮੇਂ ਦੀ ਲੋੜ ਅਨੁਸਾਰ ਆਪਣੇ-ਆਪ ਨੂੰ ਢਾਲ਼ੋ ਅਤੇ ਜੋ ਭਾਸ਼ਾ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਉਸੇ ਵਿਚ ਹੀ ਆਪਣੇ ਦਿਲ ਦੀ ਗੱਲ ਕਹਿਣ ਦੀ ਕੋਸ਼ਿਸ਼ ਕਰੋ। ਲਫ਼ਜ਼ੀ ਜਾਣਕਾਰੀ ਤਾਂ ਕਿਸੇ ਚੀਜ਼ ਦੇ ਅਸੂਲ ਹੁੰਦੇ ਹਨ, ਜਿਵੇਂ ਤੈਅ ਕੀਤੇ ਹੋਏ ਅਸੂਲ ਜਾਂ ਫਾਰਮੂਲੇ ਨਹੀਂ ਬਦਲੇ ਜਾ ਸਕਦੇ, ਬਿਲਕੁਲ ਉਸੇ ਤਰ੍ਹਾਂ ਅਸੂਲਾਂ ਬਾਰੇ ਲਫ਼ਜ਼ੀ ਜਾਣਕਾਰੀ ਦੇ ਨਾਪ



ਨਹੀਂ ਬਦਲੇ ਜਾ ਸਕਦੇ। ਤੁਸੀਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਕਿੰਨੇ ਸ਼ਬਦ ਹੋਰ ਭਾਸ਼ਾਵਾਂ ਦੇ ਬੋਲਦੇ ਹੋ ਅਤੇ ਸਮਝਦੇ ਵੀ ਹੋ ਹਾਲਾਂਕਿ ਤੁਸੀਂ ਉਹ ਭਾਸ਼ਾ ਬਾਕਾਇਦਗੀ ਨਾਲ਼ ਪੜ੍ਹੀ ਨਹੀਂ ਹੁੰਦੀ। ਜੇ ਤੁਹਾਨੂੰ ਇਹਨਾਂ ਰੋਜ਼ਾਨਾ ਦੇ ਸ਼ਬਦਾਂ ਤੋਂ ਕੋਈ ਤਕਲੀਫ਼ ਨਹੀਂ ਹੈ ਤਾਂ ਫਿਰ ਗ਼ਜ਼ਲ ਦੇ ਰੂਪ-ਵਿਧਾਨ ਰੂਪੀ ਲਫ਼ਜ਼ਾਂ ਹੀ ਤੋਂ ਕਿਉਂ ਔਖਿਆਈ ਹੈ?

ਇਹ ਲਫ਼ਜ਼ ਲਿਖ ਕੇ ਮੇਰਾ ਮਕਸਦ ਕਿਸੇ ਵਿਦਵਾਨ ਜਾਂ ਦੋਸਤ ਦਾ ਦਿਲ ਦੁਖਾਉਣਾ ਜਾਂ ਉਹਨਾਂ ਦੀ ਹੇਠੀ ਕਰਨਾ ਨਹੀਂ ਹੈ। ਉਨ੍ਹਾਂ ਦਾ ਕੰਮ ਉਨ੍ਹਾਂ ਨੂੰ ਮੁਬਾਰਕ! ਕੁਝ ਸਿਖਿਆਰਥੀ ਉਨ੍ਹਾਂ ਦੀਆਂ ਕਿਤਾਬਾਂ ਤੋਂ ਲਾਭ ਵੀ ਉਠਾ ਰਹੇ ਹੋਣਗੇ ਪਰ ਮੇਰਾ ਮਕਸਦ ਤਾਂ ਸੌਖੀ ਤੋਂ ਸੌਖੀ ਭਾਸ਼ਾ ਵਿਚ ਪੂਰੇ ਸਰਲ ਤਰੀਕੇ ਨਾਲ਼ ਗ਼ਜ਼ਲ ਦੇ ਰੂਪ-ਵਿਧਾਨ ਦੀ ਪੂਰੀ ਜਾਣਕਾਰੀ ਤੁਹਾਡੇ ਤੀਕ ਪਹੁੰਚਾਉਣਾ ਹੀ ਹੈ ਏਸੇ ਲਈ ਇਸ ਜਾਣਕਾਰੀ ਭਰਪੂਰ ਕਿਤਾਬ ਦਾ ਨਾਮ ਵੀ ਮੈਂ ਸੁਖ਼ੈਨ ਗ਼ਜ਼ਲ ਰੱਖਿਆ ਹੈ। ਸਿਰਫ਼ ਨਾਮ ਹੀ **ਸੁਖ਼ੈਨ ਗ਼ਜ਼ਲ** ਨਹੀਂ ਰੱਖਿਆ, ਸਗੋਂ ਸਾਰੀ ਜਾਣਕਾਰੀ ਵੀ ਸਰਲ ਅਤੇ ਸੌਖੇ ਸ਼ਬਦਾਂ ਵਿਚ ਬਿਆਨ ਕਰਾਂਗਾ। ਸਿਰਫ਼ ਗ਼ਜ਼ਲ ਦੇ ਰੂਪ-ਵਿਧਾਨ ਨਾਲ਼ ਸਬੰਧਿਤ ਸ਼ਬਦ ਹੀ ਅਰਬੀ/ਫ਼ਾਰਸੀ ਦੇ ਰੱਖਾਗਾ ਜਿਨ੍ਹਾਂ ਨੂੰ ਬਦਲ਼ਨਾ ਮੈਂ ਯੋਗ ਨਹੀਂ ਮਸਝਦਾ ਅਤੇ ਨਾ ਹੀ ਮੈਂ ਇਸ ਯੋਗ ਹਾਂ ਕਿ ਅਰਬੀ/ਫ਼ਾਰਸੀ ਸ਼ਬਦਾਵਲੀ ਦੇ ਸਮਾਨ-ਅੰਤਰ ਸ਼ਬਦਾਵਲੀ ਘੜ ਸਕਾਂ। ਸੋ ਇਸ **ਸੁਖ਼ੈਨ ਗ਼ਜ਼ਲ** ਨਾਮੀ ਇਸ ਪੁਸਤਕ ਨੂੰ ਮੇਰੇ ਵੱਲੋਂ ਆਪਣੇ ਲਈ ਇਕ ਪਿਆਰਾ ਜਿਹਾ ਤੁਹਫ਼ਾ ਸਮਝਣਾ ਤੇ ਲਾਭ ਉਠਾ ਕੇ ਗ਼ਜ਼ਲ ਦੇ ਪਿੜ ਵਿਚ ਮੱਲਾਂ ਮਾਰਦੇ ਹੋਏ ਅੱਗੇ ਹੀ ਅੱਗੇ ਵਧਦੇ ਜਾਣਾ..ਆਮੀਨ!

ਮੈਂ ਜਦੋਂ ਗ਼ਜ਼ਲ ਦੇ ਪਿੜ ਵਿਚ ਦਾਖ਼ਲਾ ਲਿਆ ਤਾਂ ਮੇਰਾ ਮਾਰਗ-ਦਰਸ਼ਨ ਕਰਨ ਲਈ ਇੱਕ-ਦੋ ਕਿਤਾਬਾਂ ਪੰਜਾਬੀ ਵਿਚ ਸਨ, ਜਿਹੜੀਆਂ ਕਿ ਕਾਫ਼ੀ ਮੁਸ਼ਕਿਲ ਹੋਣ ਦੇ ਨਾਲ਼-ਨਾਲ਼ ਅਕਾਊ ਵੀ ਸਨ, ਪਰ ਮੈਂ ਮਿਹਨਤ ਕੀਤੀ ਅਤੇ ਮੌਜੂਦਾ ਸਥਾਨ ਉੱਤੇ ਪੁੱਜਿਆ ਹਾਂ। ਮੇਰੇ ਪਿਤਾ ਜੀ ਫ਼ਾਰਸੀ ਅਤੇ ਉਰਦੂ ਦੇ ਗਿਆਤਾ ਸਨ ਅਤੇ ਉਨ੍ਹਾਂ ਨੂੰ ਕਵਿਤਾ ਲਿਖਣ ਦਾ ਸ਼ੌਂਕ ਵੀ ਸੀ ਇਸ ਲਈ ਉਹ ਕਵਿਤਾ ਅਤੇ ਗ਼ਜ਼ਲ ਦੇ ਰੂਪ-ਵਿਧਾਨ ਦੀ ਜਾਣਕਾਰੀ ਦੇਣ ਵਾਲ਼ੀਆਂ ਕਿਤਾਬਾਂ ਖ਼ਰੀਦ ਕੇ ਪੜ੍ਹਦੇ ਰਹਿੰਦੇ ਸਨ। ਜਦੋਂ ਉਨ੍ਹਾਂ ਨੂੰ ਮੇਰੇ ਗ਼ਜ਼ਲ ਦੇ ਸ਼ੌਂਕ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਮੈਨੂੰ ਉਰਦੂ ਕਿਤਾਬਾਂ ਵਿਚੋਂ ਕਾਫ਼ੀ ਕੁਝ ਪੜ੍ਹ ਕੇ ਸੁਣਾਉਣਾ ਸ਼ੁਰੂ ਕਰ ਦਿੱਤਾ ਅਤੇ ਮੈਂ ਆਪਣੀ ਲੋੜ ਅਨੁਸਾਰ ਨੋਟ ਕਰਨਾ ਸ਼ੁਰੂ ਕਰ ਦਿੱਤਾ, ਜੋ ਸਮੇਂ-ਸਮੇਂ 'ਤੇ ਮੇਰੀ ਅਗਵਾਈ ਕਰਕੇ ਮਦਦ ਕਰਦਾ ਰਿਹਾ ਪਰ ਅਫ਼ਸੋਸ! ਮੇਰੇ 1998 ਵਿਚ ਕੈਨੇਡਾ ਆ ਜਾਣ ਤੋਂ ਬਾਅਦ ਪਿਤਾ ਜੀ ਦੀ ਮੌਤ

ਹੋ ਗਈ ਅਤੇ ਉਸ ਤੋਂ ਕੁਝ ਸਮਾਂ ਪਿੱਛੋਂ ਮੇਰੇ ਮਾਤਾ ਜੀ, ਜੋ ਕਿ ਬਹੁਤੇ ਪੜ੍ਹੇ-ਲਿਖੇ ਨਹੀਂ ਸਨ, ਕਿਤਾਬਾਂ ਦੇ ਅਮੁੱਲ ਖ਼ਜ਼ਾਨੇ ਦੇ ਨਾਲ਼-ਨਾਲ਼ ਪਿਤਾ ਜੀ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਦੀਆਂ ਕਾਪੀਆਂ ਵੀ ਘਰ ਦੀ ਸਫ਼ਾਈ ਦੇ ਨਾਮ ਉੱਤੇ ਦੋ ਰੁਪਏ ਕਿੱਲੋ ਕਿਸੇ ਰੱਦੀ ਖ਼ਰੀਦਣ ਵਾਲ਼ੇ ਕਬਾੜੀਏ ਕੋਲ਼ ਵੇਚ ਦਿੱਤੀਆਂ। ਮਾਤਾ ਜੀ ਨੇ ਤਾਂ ਪੰਜਾਹ-ਸੌ ਰੁਪਏ ਵੱਟੇ ਹੋਣਗੇ, ਪਰ ਉਨ੍ਹਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਨੇ ਅਣਜਾਣੇ ਵਿਚ ਹੀ ਕਿੰਨੇ ਅਮੁੱਲ ਖ਼ਜ਼ਾਨੇ ਨੂੰ ਭੰਗ ਦੇ ਭਾੜੇ ਗੁਆ ਦਿੱਤਾ। ਬੇਸ਼ੱਕ ਮੈਂ ਉਰਦੂ/ਫ਼ਾਰਸੀ ਤਾਂ ਨਹੀਂ ਜਾਣਦਾ ਸੀ, ਪਰ ਕਿਸੇ ਉਰਦੂ/ਫ਼ਾਰਸੀ ਦੇ ਜਾਣਕਾਰ ਨੂੰ ਬੇਨਤੀ ਕਰਕੇ ਉਨ੍ਹਾਂ ਕਿਤਾਬਾਂ ਤੋਂ ਕੁਝ ਹੋਰ ਲਾਭ ਲੈ ਕਸਦਾ ਸੀ ਅਤੇ ਹੁਣ ਉਹੀ ਲਾਭ ਤੁਹਾਡੇ ਤੀਕ ਪਹੁੰਚਾ ਸਕਦਾ ਸੀ, ਪਰ ਹੋਣੀ ਨੂੰ ਕੌਣ ਬਦਲ ਸਕਿਆ ਹੈ। ਪਿਤਾ ਜੀ ਤੋਂ ਸੁਣਿਆ ਹੋਇਆ ਉਹ ਗਿਆਨ ਹੀ ਮੇਰੀ ਅਗਵਾਈ ਕਰਦਾ ਰਹਿੰਦਾ ਹੈ। ਹੁਣ ਮੈਂ ਆਪਣੀਆਂ ਯਾਦਾਂ ਕੁਰੇਦ-ਕੁਰੇਦ ਕੇ ਤੁਹਾਡੇ ਤੀਕ ਪਹੁੰਚਾ ਰਿਹਾ ਹਾਂ। ਬੇਸ਼ੱਕ ਮੇਰੇ ਪਿਤਾ ਜੀ ਅੱਜ ਮੇਰੇ ਨਾਲ਼ ਨਹੀਂ ਹਨ, ਪਰ ਉਨ੍ਹਾਂ ਦਾ ਆਪਣਾ ਗਿਆਨ-ਰੂਪੀ ਹੱਥ ਮੇਰੀ ਪਿੱਠ 'ਤੇ ਰਹੇਗਾ। ਦੁਬਾਰਾ ਅਫ਼ਸੋਸ ਹੈ ਕਿ ਪਿਤਾ ਜੀ ਵੱਲੋਂ ਪੜ੍ਹ ਕੇ ਸੁਣਾਈਆਂ ਹੋਈਆਂ ਕਿਤਾਬਾਂ ਦੇ ਨਾਮ ਵੀ ਮੈਨੂੰ ਯਾਦ ਨਹੀਂ, ਏਸੇ ਲਈ ਆਪਣੀ ਜਾਣਕਾਰੀ ਦੇ ਸਰੋਤ -ਉਹਨਾਂ ਕਿਤਾਬਾਂ ਦੇ ਨਾਮ- ਏਥੇ ਦਰਜ ਨਹੀਂ ਕਰ ਸਕਦਾ ਕਿਉਂਕਿ ਕਦੇ ਕਿਤਾਬਾਂ ਦੇ ਨਾਮ ਪੁੱਛਣ ਦੀ ਲੋੜ ਹੀ ਨਹੀਂ ਸਮਝੀ ਸੀ ਅਤੇ ਨਾ ਹੀ ਓਸ ਵੇਲ਼ੇ ਕਦੇ ਇਹ ਸੋਚਿਆ ਸੀ ਕਿ ਕਦੇ ਮੈਂ ਵੀ ਇਸ ਯੋਗ ਹੋ ਜਾਵਾਂਗਾ ਕਿ ਸੁਖ਼ੈਨ ਗ਼ਜ਼ਲ ਨਾਮੀ ਕਿਤਾਬ ਲਿਖਣ ਲਈ ਕਲਮ ਚੁੱਕ ਲਵਾਂਗਾ। ਮੇਰੀ ਜਾਣਕਾਰੀ ਦਾ ਸਰੋਤ ਉਹੀ ਉਰਦੂ/ਫ਼ਾਰਸੀ ਦੀਆਂ ਕਿਤਾਬਾਂ ਹਨ, ਜਿਨ੍ਹਾਂ ਤੋਂ ਲਾਹਾ ਲੈ ਕੇ ਹੋਰ ਵਿਦਵਾਨ ਆਪਣੀਆਂ ਕਿਤਾਬਾਂ ਲਿਖਦੇ ਰਹੇ ਹਨ, ਪਰ ਫ਼ਰਕ ਸਿਰਫ਼ ਏਨਾ ਹੈ ਕਿ ਇਹ ਕੀਮਤੀ ਜਾਣਕਾਰੀ ਮੇਰੇ ਤੀਕ ਮੇਰੇ ਸਵਰਗੀ ਪਿਤਾ ਜੀ ਰਾਹੀਂ ਪਹੁੰਚਿਆਂ ਅਤੇ ਹੋਰ ਵਿਦਵਾਨਾਂ ਤੀਕ ਉਹਨਾਂ ਦੀ ਆਪਣੀ ਉਰਦੂ/ਫ਼ਾਰਸੀ ਦੀ ਜਾਣਕਾਰੀ ਕਰਕੇ। ਜਿਹੜੀਆਂ ਦੋ ਪੰਜਾਬੀ ਵਿਚ ਲਿਖੀਆਂ ਹੋਈਆਂ ਕਿਤਾਬਾਂ ਮੈਨੂੰ ਪੜ੍ਹਨ ਨੂੰ ਮਿਲ਼ੀਆਂ ਬੇਸ਼ੱਕ ਉਹ ਕਾਫ਼ੀ ਮੁਸ਼ਕਿਲ ਭਾਸ਼ਾ ਵਿਚ ਸਨ, ਫਿਰ ਵੀ ਮੇਰਾ ਸਿਰ ਉਨ੍ਹਾਂ ਦੋ ਵਿਦਵਾਨਾਂ ਅੱਗੇ ਝੁਕਦਾ ਹੈ। ਉਹ ਦੋਵੇਂ ਵਿਦਵਾਨ ਸਨ - ਪ੍ਰੋ: ਜੁਗਿੰਦਰ ਸਿੰਘ ਪਿੰਡ ਰਾਮਪੁਰ ਜ਼ਿਲ੍ਹਾ ਲੁਧਿਆਣਾ ਜੋ ਭਾਸ਼ਾ-ਵਿਭਾਗ ਪੰਜਾਬ, ਪਟਿਆਲ਼ੇ ਵਿਚ ਚੰਗੀ ਪੋਸਟ ਉੱਪਰ ਨੌਕਰੀ ਕਰਦੇ ਸਨ। ਉਹਨਾਂ ਦੀ ਕਿਤਾਬ ਦਾ ਨਾਮ ਹੈ **ਪਿੰਗਲ ਅਤੇ ਅਰੂਜ਼** ਅਤੇ ਦੂਜੇ ਵਿਦਵਾਨ ਸਨ ਸਵਰਗੀ ਸ਼੍ਰੀ ਗੁਰਚਰਨ ਸਿੰਘ ਦੀਪਕ ਜੈਤੋਈ ਜੀ ਜੋ ਖ਼ੁਦ ਵੀ ਇਕ ਉੱਘੇ ਗ਼ਜ਼ਲਗੋਅ ਸਨ। ਉਹਨਾਂ ਦੀ ਕਿਤਾਬ ਦਾ



ਨਾਮ ਹੈ **ਗ਼ਜ਼ਲ ਕੀ ਹੈ ?** ਬਿਨਾ ਸ਼ੱਕ ਉਪਰੋਕਤ ਦੋਹਾਂ ਵਿਦਵਾਨਾਂ ਦੀਆਂ ਦੋਹਾਂ ਕਿਤਾਬਾਂ ਤੋਂ ਵੀ ਮੈਂ ਕਾਫ਼ੀ ਕੁਝ ਸਿੱਖਿਆ ਹੈ। ਇੱਕ ਵਾਰ ਫੇਰ ਇਨ੍ਹਾਂ ਦੋਹਾਂ ਵਿਦਵਾਨਾਂ ਅਤੇ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਨੂੰ ਸਲਾਮ!

ਸਿਖਿਆਰਥੀਓ! ਤੁਹਾਨੂੰ ਸਮਝਾਉਣ ਲਈ ਜਿੱਥੇ-ਜਿੱਥੇ ਕਿਸੇ ਸ਼ਿਅਰ ਦੀ ਲੋੜ ਪਵੇਗੀ ਉਸ ਸਾਰੇ ਸ਼ਿਅਰ ਮੈਂ ਆਪਣੇ ਹੀ ਦਿਆਂਗਾ ਕਿਉਂਕਿ ਸ਼ਿਅਰਾਂ ਦੇ ਨੁਕਸ ਦੱਸਦੇ ਸਮੇਂ ਮੈਂ ਕਿਸੇ ਹੋਰ ਗ਼ਜ਼ਲਗੋਅ ਦੇ ਸ਼ਿਅਰ ਕੋਟ ਕਰਕੇ ਉਸਨੂੰ ਛੋਟਾ ਜਾਂ ਨੀਵਾਂ ਨਹੀਂ ਵਿਖਾਉਣਾ ਚਾਹੁੰਦਾ ਤੇ ਨਾ ਹੀ ਮੇਰੀ ਇਹ ਮਨਸ਼ਾ ਹੈ ਕਿ ਖ਼ਾਹਮਖਾਹ ਹੀ ਕਿਸੇ ਵਿਦਵਾਨ ਜਾਂ ਗ਼ਜ਼ਲਗੋਅ ਨੂੰ ਆਪਣਾ ਵਿਰੋਧੀ ਬਣਾ ਲਵਾਂ।

**ਸੁਖ਼ੈਨ ਗ਼ਜ਼ਲ** ਵਿਚ ਕੁਝ ਕੁ ਤਾਂ ਓਹੀ ਬਿਆਨ ਹੋਣਗੇ ਜੋ ਅਰਬੀ/ਫ਼ਾਰਸੀ ਵਿੱਚੋਂ ਉਰਦੂ ਰਾਹੀਂ ਹੋ ਕੇ ਸਾਡੇ ਤੀਕ ਪੁੱਜੇ ਹਨ ਪਰ ਉਨ੍ਹਾਂਨੂੰ ਬਿਆਨ ਕਰਨ ਦਾ ਢੰਗ ਨਿਰੋਲ ਮੇਰਾ ਆਪਣਾ ਹੋਵੇਗਾ ਜੋ ਬੇਹੱਦ ਸੌਖਾ, ਸਰਲ ਅਤੇ ਦਿਲਚਸਪੀ ਭਰਪੂਰ ਹੋਵੇਗਾ। ਕੁਝ ਗੱਲਾਂ ਨਿਰੋਲ ਮੇਰੇ ਗ਼ਜ਼ਲ ਸਫ਼ਰ ਦੇ ਤਜਰਬੇ ਦੇ ਅਧਾਰਿਤ ਹੋਣਗੀਆਂ ਜਿੰਨ੍ਹਾਂ ਨੂੰ ਮੈਂ ਆਪਣੀਆਂ ਕਾਢਾਂ ਕਹਿ ਸਕਦਾਂ ਹਾਂ। ਇਹ ਗੱਲਾਂ ਕਿਹੜੀਆਂ ਹੋਣਗੀਆਂ, ਅਗਲੇ ਕਾਂਡਾਂ ਵਿਚ ਤੁਸੀਂ ਪੜ੍ਹੋਗੇ।

ਗ਼ਜ਼ਲ ਕਿਉਂਕਿ ਇੱਕ ਬਾਹਰੋਂ ਆਈ ਕਵਿਤਾ ਦੀ ਸਿਨਫ਼ ਹੈ, ਇਸ ਲਈ ਇਸਦਾ ਰੂਪ-ਵਿਧਾਨ ਵੀ ਅਰਬੀ/ਫ਼ਾਰਸੀ ਭਾਵ ਬਾਹਰਲਾ ਹੀ ਹੈ, ਸੋ ਇਸਦਾ ਮੁੱਢਲਾ ਹੱਕ ਜਾਂ ਕਾਪੀ ਰਾਈਟ ਵੀ ਮੁੱਢਲੇ ਲਿਖਾਰੀ ਕੋਲ਼ ਹੀ ਹੈ ਜਿਸਨ ਗ਼ਜ਼ਲ ਦੇ ਰੂਪ-ਵਿਧਾਨ ਦੀ ਕਾਢ ਕੱਢੀ। ਮਗਰਲੇ ਸਾਰੇ ਲਿਖਾਰੀਆਂ ਨੇ ਤਾਂ ਪਹਿਲੀਆਂ ਲਿਖਤਾਂ ਦਾ ਤਰਜੁਮਾ ਹੀ ਆਪਣੇ ਸ਼ਬਦਾਂ ਜਾਂ ਆਪਣੀ ਬੋਲੀ ਵਿਚ ਕੀਤਾ ਹੈ। ਸੋ ਮਗਰਲਾ ਕੋਈ ਵੀ ਲਿਖਾਰੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਗ਼ਜ਼ਲ ਦਾ ਇਹ ਮੌਜੂਦਾ ਰੂਪ-ਵਿਧਾਨ ਮੇਰੀ ਕਾਢ ਹੈ। ਗ਼ਜ਼ਲ ਬਾਰੇ ਲਿਖੀ ਹੋਈ ਕਿਸੇ ਕਿਤਾਬ ਦਾ ਸਿਰਫ਼ ਨਾਮ ਹੀ ਕਿਸੇ ਲਿਖਾਰੀ ਦਾ ਆਪਣਾ ਹੋ ਸਕਦਾ ਹੈ ਜਿਸ 'ਤੇ ਉਸਦਾ ਹੱਕ ਹੈ ਤੇ ਕਾਪੀ ਰਾਈਟ ਹੈ ਬਾਕੀ ਵਿਚਲਾ ਮੈਟਰ ਤਾਂ ਪਹਿਲੀਆਂ ਲਿਖਤਾਂ ਦਾ ਤਰਜੁਮਾ ਜਾਂ ਪਰਤਾਉ ਹੀ ਹੈ ਹਾਂ ਸ਼ਬਦਾਵਲੀ ਜਾਂ ਅੰਦਾਜ਼ ਲਿਖਾਰੀ ਦਾ ਹੈ। ਪੰਜਾਬੀ ਵਿਚ ਲਿਖੀਆਂ ਗਈਆਂ ਸਾਰੀਆਂ ਹੀ ਕਿਤਾਬਾਂ ਦਾ ਸਰੋਤ ਕਿਉਂਕਿ ਉਹੀ ਅਰਬੀ/ਫ਼ਾਰਸੀ ਵਾਲ਼ੀ ਮੁੱਢਲ਼ੀ ਕਿਤਾਬ ਜਾਂ ਜਾਣਕਾਰੀ ਹੈ ਇਸ ਲਈ ਨਾ ਚਾਹੁੰਦਿਆਂ ਹੋਇਆਂ ਵੀ ਕੋਈ ਸ਼ਬਦ ਜਾਂ ਮਿਸਰਾ ਜਾਂ ਲਿਖਣ ਦਾ ਢੰਗ ਦੂਸਰੇ ਕਿਸੇ ਲਿਖਾਰੀ ਨਾਲ਼ ਟਕਰਾਅ ਜਾਣਾ ਸੁਭਾਵਿਕ ਹੈ। ਜੇ ਮੇਰੇ ਵੱਲੋਂ ਵੀ ਅਜਿਹਾ ਕਿਤੇ ਹੋ ਗਿਆ ਹੋਵੇ ਤਾਂ ਇਸਨੂੰ ਸੁਭਾਵਿਕ ਅਜਿਹਾ ਹੋ ਜਾਣਾ ਸਮਝ ਕੇ ਮੇਰੇ ਵੱਲੋਂ ਕੀਤੀ ਗਈ ਇਸ ਨਿਮਾਣੀ ਜਿਹੀ ਕੋਸ਼ਿਸ਼ ਨੂੰ ਉਤਸ਼ਾਹਿਤ ਹੀ ਕੀਤਾ ਜਾਵੇ

ਨਾ ਕਿ ਮੇਰੀ ਕੋਸ਼ਿਸ਼ ਨੂੰ ਛੁਟਿਆਉਣ ਦੇ ਯਤਨ ਕੀਤੇ ਜਾਣ।

ਪਿਆਰੇ ਸਿਖਿਆਰਥੀਓ! ਇਸ ਕਿਤਾਬ ਨੂੰ ਲਿਖਣ ਦਾ ਮਨੋਰਥ ਤਾਂ ਤੁਸੀਂ ਸਮਝ ਹੀ ਗਏ ਹੋਵੋਗੇ ਮੇਰੀ ਕੋਸ਼ਿਸ਼ ਨੂੰ ਫ਼ਲ਼ ਉਦੋਂ ਹੀ ਲੱਗੇਗਾ ਜਦੋਂ ਤੁਹਾਡੇ ਵਿੱਚੋਂ ਕੋਈ ਜਣਾ ਇਸ ਕਿਤਾਬ ਰਾਹੀਂ ਗ਼ਜ਼ਲ ਬਿਰਖ਼ ਦੇ ਸਿਖਰਲੇ ਪੱਤੇ ਤੀਕ ਪਹੁੰਚ ਜਾਵੇਗਾ ਅਤੇ ਕੋਈ ਝੱਖੜ ਜਾਂ ਤੂਫ਼ਾਨ ਉਸ ਨੂੰ ਆਪਣੇ ਮਨੋਰਥ ਤੋਂ ਹਿਲਾ ਨਹੀਂ ਸਕੇਗਾ। ਆਓ! ਵੇਖਦੇ ਹਾਂ ਤੁਹਾਡੇ ਵਿੱਚੋਂ ਕੌਣ-ਕੌਣ ਮੇਰੇ ਸ਼ਬਦਾਂ ਉੱਤੇ ਫੁੱਲ ਚੜ੍ਹਾਉਂਦਾ ਹੈ ਅਤੇ ਗ਼ਜ਼ਲ ਰੂਪੀ ਮਹਿਬੂਬਾ ਦੀ ਨਿੱਘੀ ਬੁੱਕਲ਼ ਦਾ ਨਿੱਘ ਮਾਣਦਾ ਹੈ। ਉਮੀਦ ਹੈ ਮੇਰੀ ਇਸ ਨਿਮਾਣੀ ਕੋਸ਼ਿਸ਼ ਦੇ ਦਾਅਵੇਦਾਰ ਹੋਣ ਦਾ ਮਾਣ ਮੈਨੂੰ ਤੁਹਾਡੇ ਰਾਹੀਂ ਮਿਲ਼ੇਗਾ। ਆਮੀਨ!

ਗੁਰਦਰਸ਼ਨ ਬਾਦਲ
ਸਰੀ, ਕੈਨੇਡਾ
ਫਰਵਰੀ, 05, 2012

# ਕਾਂਡ - 1 – ਓ

**ਗ਼ਜ਼ਲ ਸ਼ਬਦ ਦੀ ਜਾਣਕਾਰੀ ਅਤੇ ਇਤਿਹਾਸ :–**

ਪਿਆਰੇ ਸਿਖਿਆਰਥੀਓ ! ਗ਼ਜ਼ਲ ਸ਼ਬਦ ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਹੈ। ਮਾਦਾ ਹਿਰਨੀ ਨੂੰ ਅਰਬੀ ਵਿਚ ਗ਼ਜ਼ਾਲ ਕਿਹਾ ਜਾਂਦਾ ਹੈ। ਜਿਸ ਤੋਂ ਸ਼ਾਇਦ ਇਹ ਨਾਮ ਹੋਂਦ ਵਿਚ ਆਇਆ ਹੋਵੇ ਕਿਉਂਕਿ ਗਰਭਵਤੀ ਹਿਰਨੀ ਜਦੋਂ ਖ਼ਤਰੇ ਵਿਚ ਘਿਰੀ ਹੋਵੇ ਅਤੇ ਬਚਾਅ ਦਾ ਕੋਈ ਸਾਧਨ ਨਜ਼ਰ ਨਾ ਆਵੇ ਤਾਂ ਓਸ ਵੇਲ਼ੇ ਮਦਦ ਦੀ ਪੁਕਾਰ ਲਈ ਜਿਹੜੀ ਕਰੁਣਾਮਈ ਆਵਾਜ਼ ਉਸ ਦੇ ਗਲ਼ੇ ਵਿੱਚੋਂ ਨਿਕਲ਼ਦੀ ਹੈ, ਉਹੀ ਆਵਾਜ਼ ਗ਼ਜ਼ਾਲਾ ਅਖਵਾਈ, ਜੋ ਬਾਅਦ ਵਿਚ ਗ਼ਜ਼ਲ ਸ਼ਬਦ ਦਾ ਰੂਪ ਲੈ ਗਈ। ਕੁਝ ਲੋਕ ਇੰਉਂ ਵੀ ਕਹਿੰਦੇ ਹਨ ਕਿ ਦੌੜਦੀ ਹੋਈ ਹਿਰਨੀ ਜਦੋਂ ਦੁੜੰਗੇ ਮਾਰਦੀ ਹੈ ਤਾਂ ਉਸਦੀ ਚਾਲ ਇਕ ਖ਼ਾਸ ਰਿਦਮ ਵਿਚ ਹੁੰਦੀ ਹੈ ਤੇ ਉਹੀ ਰਿਦਮ ਇਸ ਸ਼ਬਦ ਦੀ ਹੋਂਦ ਦਾ ਸਬੱਬ ਬਣਿਆ। ਇਹ ਗਲ਼ ਕੁਝ ਠੀਕ ਵੀ ਜਾਪਦੀ ਹੈ ਕਿਉਂਕਿ ਗ਼ਜ਼ਲ ਵਿਚ ਸਾਰੀਆਂ ਬਹਿਰਾਂ ਜਾਂ ਚਾਲਾਂ ਕਿਸੇ ਖ਼ਾਸ ਅੰਦਾਜ਼ ਵਿਚ ਹੁੰਦੀਆਂ ਹਨ। ਇਨ੍ਹਾਂ ਚਾਲਾਂ ਜਾਂ ਰਿਦਮਾਂ ਤੋਂ ਹੀ ਕਿਸੇ ਵਿਦਵਾਨ ਨੇ ਗ਼ਜ਼ਲ ਦੇ ਵਿਧੀ–ਵਿਧਾਨ ਬਣਾਏ। ਉਸ ਵਿਦਵਾਨ ਨੇ ਕਿੰਨੀ ਮਿਹਨਤ ਇਨ੍ਹਾਂ ਚਾਲਾਂ ਨੂੰ ਬਣਾਉਣ ਲਈ ਕੀਤੀ ਹੋਵੇਗੀ ਇਹ ਤਾਂ ਉਹੀ ਜਾਣੇ ਪਰ ਸਾਡੇ ਲਈ ਉਸ ਨੇ ਅਜਿਹੀਆਂ ਪੈੜਾਂ ਪਾਈਆਂ ਹਨ ਕਿ ਸਾਨੂੰ ਔਝੜੇ ਪੈ ਜਾਣ ਦਾ ਕੋਈ ਖ਼ਤਰਾ ਹੀ ਨਹੀਂ ਰਹਿੰਦਾ ਬਸ਼ਰਤੇ ਕਿ ਅਸੀਂ ਕੁਝ ਧਿਆਨ ਨਾਲ਼ ਤੁਰੀਏ ਅਤੇ ਉਸ ਵਿਦਵਾਨ ਦੀਆਂ ਪਾਈਆਂ ਪੈੜਾਂ ਉੱਪਰ ਤੁਰਦੇ ਜਾਈਏ।

ਤੁਹਾਨੂੰ ਇਹ ਜਾਨਣ ਦੀ ਇੱਛਾ ਤਾਂ ਜ਼ਰੂਰ ਹੋਵੇਗੀ ਕਿ ਨਾ ਮਿਟਣ ਵਾਲ਼ੀਆਂ ਅਜਿਹੀਆਂ ਪੈੜਾਂ ਪਾਉਣ ਵਾਲ਼ਾ ਉਹ ਮਹਾਨ ਇਨਸਾਨ ਕੌਣ ਸੀ। ਇਰਾਕ ਦਾ ਜੰਮ–ਪਲ਼ ਉਹ ਮਹਾਨ ਇਨਸਾਨ ਆਪਣੇ ਸਮੇਂ ਦਾ ਵੱਡਾ ਹਿਸਾਬਦਾਨ ਖ਼ਲੀਲ ਬਿਨ ਅਹਿਮਦ ਸੀ। ਜਿਸਦੀ ਮਾਦਰੀ ਭਾਸ਼ਾ ਅਰਬੀ ਸੀ ਅਤੇ ਉਹ ਇਕ ਸਕੂਲ ਵਿਚ ਬੱਚਿਆਂ ਨੂੰ ਹਿਸਾਬ ਦਾ ਵਿਸ਼ਾ ਪੜ੍ਹਾਉਂਦਾ ਸੀ। ਹਿਸਾਬ ਪੜ੍ਹਾਉਂਦੇ–ਪੜ੍ਹਾਉਂਦੇ ਇਕ ਦਿਨ ਉਸਦੇ ਦਿਮਾਗ਼ ਦੀ ਸੂਈ ਹਿਸਾਬ ਦੇ ਇਕ ਫਾਰਮੂਲੇ ਉੱਪਰ ਅੜ ਗਈ। ਥੋੜ੍ਹੀ ਜਿਹੀ ਮਿਹਨਤ ਨਾਲ਼ ਉਸਨੇ ਇਕ ਸੌਖਾ ਅਤੇ ਨਵਾਂ ਫਾਰਮੂਲਾ ਘੜ ਲਿਆ ਜਿਸ ਨਾਲ਼ ਹਿਸਾਬ ਦੇ ਸਵਾਲ ਹੋਰ ਸੋਖ ਨਾਲ਼ ਹੱਲ ਹੋਣ ਲੱਗੇ।

ਏਸੇ ਤਰ੍ਹਾਂ ਇਕ ਦਿਨ ਉਸਨੇ ਚੋਅ ਰਹੀ ਛੱਤ ਦੀ ਟਪ–ਟਪ ਸੁਣੀ, ਫੇਰ ਇਕ ਦਿਨ ਹੋਰ ਕੋਈ ਰਿਦਮ ਵਾਲ਼ੀ ਚਾਲ ਸੁਣ ਕੇ ਨਾਲ਼–ਨਾਲ਼ ਉਸ ਚਾਲ ਨੂੰ ਦੁਹਰਾਅ ਕੇ



ਪੱਕਾ ਕਰਦਾ ਰਿਹਾ। ਜਦ ਉਸਨੇ ਉਸ ਚਾਲ ਦੀਆਂ ਟਾਪਾਂ ਦੀ ਗਿਣਤੀ ਕੀਤੀ ਤਾਂ ਉਹ ਸੱਤ ਸੀ। ਬੱਸ ਫੇਰ ਕੀ ਸੀ ਇਨ੍ਹਾਂ ਸੱਤਾਂ ਟਾਪਾਂ ਨੂੰ ਅੱਗੇ–ਪਿੱਛੇ ਕਰਕੇ ਉਸਨੇ ਕੁਝ ਵਜ਼ਨ ਬਣਾਏ, ਜਿਨ੍ਹਾਂ ਦੀ ਗਿਣਤੀ ਅੱਠ ਸੀ। ਇਨ੍ਹਾਂ ਅੱਠਾਂ ਵਿਚ ਪੂਰੀ ਲੈਅ–ਤਾਲ ਸੀ। ਉਸਨੇ ਇਨ੍ਹਾਂ ਚਾਲਾਂ ਦੇ ਕੁਝ ਨਾਮ ਧਰ ਲਏ ਤੇ ਸੰਗੀਤਕਾਰਾਂ ਨੂੰ ਕੁਝ ਧੁਨਾਂ ਬਣਾਉਣ ਲਈ ਕਿਹਾ। ਜਦ ਸੰਗੀਤਕਾਰਾਂ ਨੇ ਇਨ੍ਹਾਂ ਚਾਲਾਂ ਉੱਪਰ ਧੁਨਾਂ ਬਣਾਈਆਂ ਤਾਂ ਇਹ ਧੁਨਾਂ ਉਨ੍ਹਾਂ ਸੰਗੀਤਕਾਰਾਂ ਨੂੰ ਬਹੁਤ ਖਿੱਚ–ਪਾਊ ਅਤੇ ਨਵੀਆਂ–ਨਵੀਆਂ ਲੱਗੀਆਂ। ਇਨ੍ਹਾਂ ਧੁਨਾਂ ਉੱਪਰ ਉਸ ਸਮੇਂ ਦੇ ਕਵੀਆਂ ਨੇ ਕੁਝ ਗੀਤ–ਨੁਮਾ ਕਵਿਤਾਵਾਂ ਸਿਰਜੀਆਂ ਜਿਹੜੀਆਂ ਸਰੋਤਿਆਂ ਦੇ ਮਨਾਂ ਵਿਚ ਡੂੰਘੀਆਂ ਲਹਿ ਗਈਆਂ ਅਤੇ ਇਸ ਤਰ੍ਹਾਂ ਦੀਆਂ ਕਿਰਤਾਂ ਦੀ ਮੰਗ ਹੋਣ ਲੱਗ ਪਈ। ਰਾਜ–ਦਰਬਾਰਾਂ ਵਿਚ ਇਨ੍ਹਾਂ ਧੁਨਾਂ ਨੂੰ ਬਹੁਤ ਉਤਸ਼ਾਹ ਮਿਲ਼ਿਆ ਅਤੇ ਚਾਰੇ ਪਾਸੇ ਖ਼ਲੀਲ–ਖ਼ਲੀਲ ਹੋਣ ਲੱਗ ਪਈ ਜਿਸਨੇ ਸੰਗਤਿ–ਜਗਤ ਨੂੰ ਕੁਝ ਨਵੀਆਂ ਧੁਨਾਂ ਵਾਲ਼ੇ ਫਾਰਮੂਲਿਆਂ ਦੀ ਕਾਢ ਕੱਢ ਕੇ ਦਿੱਤੀ ਸੀ। ਸਿਖਿਆਰਥੀਓ ! ਇਹੀ ਸੀ ਗ਼ਜ਼ਲ ਦੇ ਕੁਝ ਤੋਲ–ਰੂਪੀ ਵੱਟਿਆਂ ਦੇ ਕਾਢ ਦੀ ਕਹਾਣੀ ਅਤੇ ਇਨ੍ਹਾਂ ਤੋਲ–ਰੂਪੀ ਵੱਟਿਆਂ ਨੂੰ ਖ਼ਲੀਲ ਬਿਨ ਅਹਿਮਦ ਨੇ ਰੁਕਨਾਂ ਦਾ ਨਾਮ ਦਿੱਤਾ ਅਤੇ ਕੁਝ ਰੁਕਨਾਂ ਦੇ ਸਮੂਹ ਨੂੰ ਅਰਕਾਨ ਕਿਹਾ ਭਾਵ ਅਰਕਾਨ ਸ਼ਬਦ ਰੁਕਨ ਸ਼ਬਦ ਦਾ ਬਹੁ–ਵਚਨ ਹੈ। ਰੁਕਨ ਦਾ ਭਾਵ ਕੋਈ ਖ਼ਾਸ ਇਕਾਈ ਅਤੇ ਕੁਝ ਇਕਾਈਆਂ ਦਾ ਸਮੂਹ ਹੈਂ ਅਰਕਾਨ ਹੈ। ਇਕ ਵਚਨ ਅਤੇ ਬਹੁ–ਵਚਨ ਦੀ ਮਿਸਾਲ ਨਾਲ਼ ਤੁਸੀਂ ਆਰਾਮ ਨਾਲ਼ ਸਮਝ ਗਏ ਹੋਵੋਗੇ ਕਿ ਰੁਕਨ ਕੀ ਹੈ ਤੇ ਅਰਕਾਨ ਕੀ ਹੈ।

# ਕਾਂਡ - 1 - ਅ
# ਗ਼ਜ਼ਲ ਦੀ ਜਾਣਕਾਰੀ

ਪਿਆਰੇ ਸਿਖਿਆਰਥੀਓ ! ਕਾਂਡ ਨੰਬਰ ਇਕ ਓ ਵਿਚ ਤੁਸੀਂ ਗ਼ਜ਼ਲ ਸ਼ਬਦ ਦਾ ਨਾਮ ਕਰਨ, ਗ਼ਜ਼ਲ ਦਾ ਇਤਿਹਾਸ, ਗ਼ਜ਼ਲ ਦੇ ਅਰੂਜ਼ ਭਾਵ ਗ਼ਜ਼ਲ ਵਿਆਕਰਣ ਦੇ ਹੋਂਦ ਵਿਚ ਆਉਣ ਬਾਰੇ ਕਾਫ਼ੀ ਕੁਝ ਜਾਣ ਚੁੱਕੇ ਹੋ। ਇਸ ਕਾਂਡ ਵਿਚ ਤੁਸੀਂ ਗ਼ਜ਼ਲ ਦੇ ਵੱਖ–ਵੱਖ ਹਿੱਸੇ ਅਤੇ ਉਹਨਾਂ ਦੇ ਕੰਮਾਂ ਬਾਰੇ ਅਤੇ ਅਹਿਮੀਅਤ ਬਾਰੇ ਜਾਣੋਗੇ।

ਗ਼ਜ਼ਲ ਕੁਝ ਸ਼ਿਅਰਾਂ ਦੇ ਸਮੂਹ ਜਾਂ ਇਕੱਠ ਦਾ ਨਾਮ ਹੈ। ਜੇ ਕੁਝ ਸ਼ਿਅਰਾਂ ਨੂੰ ਕੋਈ ਉਨਵਾਨ ਨਾ ਦੇਈਏ ਤਾਂ ਉਹ ਵੱਖ–ਵੱਖ ਸ਼ਿਅਰ ਹੀ ਰਹਿ ਜਾਣਗੇ। ਇਕ ਗ਼ਜ਼ਲ ਸ਼ਬਦ ਹੀ ਹੈ ਜੋ ਕੁਝ ਸ਼ਿਅਰਾਂ ਨੂੰ ਇਕੱਠਿਆਂ ਰੱਖਦਾ ਹੈ ਅਤੇ ਨਾਲ਼ ਹੀ ਉਨ੍ਹਾਂ ਦੀ ਅਹਿਮੀਅਤ ਨੂੰ ਵਧਾਉਂਦਾ ਹੈ ਅਤੇ ਕਵਿਤਾ ਦੀ ਕਿਸੇ ਖ਼ਾਸ ਸਿਨਫ਼ ਵੱਲ

ਇਸ਼ਾਰਾ ਕਰਦਾ ਹੈ। ਕਿਸੇ ਚੀਜ਼ ਦਾ ਕੋਈ ਨਾਮ ਹੀ ਹੈ ਜੋ ਉਸਨੂੰ ਦੂਜੀਆਂ ਉਸ ਵਰਗੀਆਂ ਚੀਜ਼ਾਂ ਨਾਲ਼ੋਂ ਨਿਖੇੜਦਾ ਹੈ। ਸਾਡੀ ਭਾਰਤੀ ਰੰਗ ਦੀ ਕਵਿਤਾ ਵਿਚ ਗੀਤ ਬੈਤ, ਕਬਿੱਤ, ਚੌਵਰਗੇ, ਟੱਪੇ, ਮਾਹੀਆ, ਬੋਲੀਆਂ ਆਦਿ ਪਰਮੁੱਖ ਹਨ ਅਤੇ ਇਨ੍ਹਾਂ ਦੀ ਇਕ ਖ਼ਾਸ ਕਿਸਮ ਦੀ ਸ਼ਬਦਾਵਲੀ ਕਰਕੇ ਵੱਖਰੀ ਪਹਿਚਾਣ ਹੈ। ਭਾਰਤੀ ਕਵਿਤਾ ਦੇ ਇਹ ਰੂਪ ਸਦੀਆਂ ਤੋਂ ਪਰਚੱਲਿਤ ਹਨ ਅਤੇ ਤੁਸੀਂ ਬਚਪਨ ਤੋਂ ਹੀ ਇਨ੍ਹਾਂ ਨੂੰ ਮਾਣਦੇ ਆ ਰਹੇ ਹੋ। ਇਹ ਤੁਹਾਡੇ ਦਿਲਾਂ-ਦਿਮਾਗ਼ਾਂ ਵਿਚ ਵਸੇ ਹੋਏ ਹਨ ਅਤੇ ਤੁਸੀਂ ਇਨ੍ਹਾਂ ਰੂਪਾਂ ਨਾਲ਼ ਇੱਕ-ਮਿੱਕ ਹੋ। ਗ਼ਜ਼ਲ ਕਿਉਂਕਿ ਕਿਸੇ ਬਾਹਰਲੇ ਮੁਲਕ ਅਤੇ ਬਾਹਰਲੀ ਬੋਲੀ ਦੀ ਉਪਜ ਹੈ ਇਸ ਲਈ ਤੁਹਾਡੀ ਦੂਰੀ ਇਸ ਨਾਲ਼ ਬਣੀ ਰਹੀ, ਪਰ ਪਿਛਲੇ ਸੌ ਕੁ ਸਾਲਾਂ ਤੋਂ ਇਸ ਗ਼ਜ਼ਲ ਨੇ ਸਾਡੇ ਸਾਹਿਤਕਾਰਾਂ ਦੇ ਦਿਲਾਂ ਉੱਪਰ ਦਸਤਕ ਦਿੱਤੀ ਹੈ ਅਤੇ ਏਨੇ ਥੋੜ੍ਹੇ ਸਮੇਂ ਵਿਚ ਹੀ ਇਹ ਗ਼ਜ਼ਲ ਰੂਪੀ ਫ਼ਸਲ ਸਾਡੇ ਸਾਹਿਤ ਦੇ ਪਿੜ ਵਿਚ ਏਨੀ ਫ਼ੈਲ ਚੁੱਕੀ ਹੈ ਕਿ ਅੱਜ ਹਰ ਤੀਸਰਾ ਕਵੀ ਗ਼ਜ਼ਲ ਵੱਲ ਰੁਚਿਤ ਹੈ। ਸਾਡੀ ਪੰਜਾਬੀ ਭਾਸ਼ਾ ਨੇ ਸੈਂਕੜੇ ਚੰਗੇ ਗ਼ਜ਼ਲਗੋਅ ਅਤੇ ਗ਼ਜ਼ਲ-ਸੰਗਰਹਿ ਜਾਂ ਗ਼ਜ਼ਲ-ਦੀਵਾਨ ਪੈਦਾ ਕਰ ਦਿੱਤੇ ਹਨ ਜੋ ਸਾਡੇ ਲਈ ਮਾਣ ਵਾਲ਼ੀ ਗੱਲ ਹੈ। ਆਓ ! ਗ਼ਜ਼ਲ ਦੇ ਵੱਖ-ਵੱਖ ਹਿੱਸਿਆਂ ਦੇ ਨਾਮ ਅਤੇ ਉਨ੍ਹਾਂ ਦੇ ਕੰਮਾਂ ਦੀ ਅਹਿਮੀਅਤ ਬਾਰੇ ਜਾਣੀਏ। ਗ਼ਜ਼ਲ ਦੇ ਹੇਠ ਲਿਖੇ ਵੱਖ-ਵੱਖ ਹਿੱਸੇ ਹਨ :-

ਸ਼ਿਅਰ, ਕਾਫ਼ੀਆ, ਰਦੀਫ਼, ਮਤਲਾ, ਮਕਤਾ, ਸਾਕਿਨ, ਮੁਤੱਹਰਕ, ਹਰਫ਼ੇ-ਰਵੀ ਆਦਿ।

## ਕਾਂਡ - 1 - ਏ
## ਸ਼ਿਅਰ

ਗ਼ਜ਼ਲ ਦੀ ਸਭ ਤੋਂ ਛੋਟੀ ਇਕਾਈ ਦਾ ਨਾਮ ਸ਼ਿਅਰ ਹੈ। ਸ਼ਿਅਰ ਦੇ ਦੋ ਹਿੱਸੇ, ਮਿਸਰੇ ਤਾਂ ਤੁਕਾਂ ਹੁੰਦੀਆਂ ਹਨ। ਤੁਸੀਂ ਸ਼ਿਅਰ ਦੇ ਪਹਿਲੇ ਮਿਸਰੇ ਨੂੰ ਮਿਸਰਾ ਅੱਵਲ ਜਾਂ ਪਹਿਲਾਂ ਮਿਸਰਾ ਜਾਂ ਪਹਿਲੀ ਤੁਕ ਕਹਿ ਸਕਦੇ ਹੋ। ਏਸੇ ਤਰ੍ਹਾਂ ਦੂਜੇ ਮਿਸਰੇ ਨੂੰ ਮਿਸਰਾ ਦੋਮ ਜਾਂ ਦੂਜਾ ਮਿਸਰਾ ਜਾਂ ਦੂਜੀ ਤੁਕ ਕਹਿ ਸਕਦੇ ਹੋ। ਇਕ ਸ਼ਿਅਰ ਦੇ ਦੋਹਾਂ ਮਿਸਰਿਆਂ ਨੂੰ ਵੱਖ-ਵੱਖ ਨਾਮ ਦੇਣ ਦੀ ਜ਼ਰੂਰਤ ਇਸ ਲਈ ਪੈਂਦੀ ਹੈ ਤਾਂ ਕਿ ਤੁਸੀਂ ਸ਼ਿਅਰ ਦੀ ਖ਼ੂਬੀ ਜਾਂ ਔਗੁਣ ਦੱਸਣ ਵੇਲ਼ੇ ਆਪਣਾ ਧਿਆਨ ਸ਼ਿਅਰ ਦੇ ਕਿਸੇ ਖ਼ਾਸ ਹਿੱਸੇ ਉੱਪਰ ਕੇਂਦਰਿਤ ਕਰ ਸਕੋ ਅਤੇ ਗੱਲ ਨੂੰ ਬਾਖ਼ੂਬੀ ਸਮਝ ਸਕੋ। ਇਕ ਮਿਸਰੇ ਜਾਂ ਤੁਕ ਦੇ ਦੋ ਹਿੱਸੇ ਹੁੰਦੇ ਹਨ, ਇਕ ਠਹਿਰਾਉ ਤੋਂ ਪਹਿਲਾ ਯਾਨੀ ਅੱਧ ਤੋਂ ਪਹਿਲਾਂ



ਅਤੇ ਦੂਸਰਾ ਠਹਿਰਾਉ ਜਾਂ ਅੱਧ ਤੋਂ ਬਾਅਦ ਤੁਕ ਦੇ ਖ਼ਤਮੇ ਤੀਕ ਜਾਂ ਪੂਰੇ ਵਿਸ਼ਰਾਮ ਜਾਂ ਡੰਡੀ ਤੀਕ। ਤੁਹਾਨੂੰ ਪਤਾ ਹੀ ਹੈ ਕਿ ਕਿਸੇ ਤੁਕ ਨੂੰ ਦੋ ਹਿੱਸਿਆਂ ਵਿਚ ਵੰਡਣ ਵਾਲ਼ੇ ਨਿਸ਼ਾਨ ਨੂੰ ਕੌਮਾ (,) ਅਰਧ ਵਿਸ਼ਰਾਮ ਆਖਦੇ ਹਨ ਅਤੇ ਮਿਸ਼ਰੇ ਜਾਂ ਤੁਕ ਦੇ ਖ਼ਾਤਮੇ ਵਾਲੇ ਨਿਸ਼ਾਨ ਨੂੰ ਡੰਡੀ (।) ਜਾਂ ਪੂਰਨ ਵਿਰਾਮ ਕਹਿੰਦੇ ਹਨ। ਕੌਮੇ ਜਾਂ ਡੰਡੀ ਦਾ ਪੜ੍ਹਨ ਵੇਲ਼ੇ ਬਹੁਤ ਮਹੱਤਵ ਹੁੰਦਾ ਹੈ। ਕੌਮਾ ਸਾਨੂੰ ਇਹ ਚਿੰਤਨ ਕਰਦਾ ਹੈ ਕਿ ਇਹ ਵਾਕ ਪੜ੍ਹਦੇ ਸਮੇਂ ਤੁਸੀਂ ਕਿੱਥੇ ਹਲਕਾ ਜਿਹਾ ਰੁਕਣਾ ਹੈ ਅਤੇ ਡੰਡੀ ਦਸਦੀ ਹੈ ਕਿ ਹੁਣ ਪੂਰਾ ਵਾਕ ਖ਼ਤਮ ਹੋ ਗਿਆ ਹੈ ਅਤੇ ਅੱਗੇ ਕੁਝ ਕਹਿਣ ਦੀ ਗੁੰਜਾਇਸ਼ ਨਹੀਂ ਹੈ। ਸਿਖਿਆਰਥੀਓ !ਇਹ ਸਾਰੀਆਂ ਮੁੱਢਲੀਆਂ ਜਾਂ ਸ਼ੁਰੂਆਤੀ ਗੱਲਾਂ ਹਨ ਜਿਨ੍ਹਾਂ ਨੂੰ ਦੱਸਣ ਦੀ ਏਥੇ ਜ਼ਰੂਰਤ ਨਹੀਂ ਸੀ ਕਿਉਂਕਿ ਦੱਸਿਆਂ ਜਾਂ ਸਮਝਾਇਆਂ ਨਾ-ਸਮਝ ਨੂੰ ਜਾਂਦਾ ਹੈ ਸੂਝਵਾਨ ਨੂੰ ਨਹੀਂ। ਹੁਣ ਅਣਪੜ੍ਹਤਾ ਦਾ ਜ਼ਮਾਨਾ ਨਹੀਂ ਹੈ, ਸਾਡੇ ਵੱਡੇ-ਵਡੇਰੇ ਅਨਪੜ੍ਹ ਹੁੰਦੇ ਹੋਏ ਵੀ ਚੰਗੇ ਕਵੀ ਜਾਂ ਕਵੀਸ਼ਰ ਆਦਿ ਹੋਏ ਹਨ। ਕਾਰਣ ਉਹਨਾਂਦੀ ਇਕਾਗਰਤਾ ਹੀ ਸੀ ਜੋ ਉਨ੍ਹਾਂ ਨੂੰ ਕਿਸੇ ਨੁਕਤੇ ਉੱਪਰ ਪਕੜ ਕੇ ਰੱਖਦੀ ਸੀ। ਤੁਸੀਂ ਤਾਂ ਪੜ੍ਹੇ-ਲਿਖੇ ਅਤੇ ਚਿੰਤਸ਼ੀਲ ਹੋ ਤਾਂ ਹੀ ਤਾਂ ਕਵਿਤਾ ਦੇ ਖੇਤਰ ਵਿਚ ਆਉਣਾ ਚਾਹੁੰਦੇ ਹੋ। ਉਪਰੋਕਤ ਗੱਲਾਂ ਤੁਸੀਂ ਆਪਣੀ ਸਕੂਲੀ ਪੜ੍ਹਾਈ ਦੌਰਾਨ ਪੜ੍ਹ ਚੁੱਕੇ ਹੋ ਏਥੇ ਸਿਰਫ਼ ਦੁਹਰਾਅ ਹੀ ਹੈ, ਜੇ ਤੁਹਾਨੂੰ ਇਨ੍ਹਾਂ ਮੁੱਢਲੀਆਂ ਗੱਲਾਂ ਦਾ ਵੀ ਪਤਾ ਨਹੀਂ ਹੈ ਤਾਂ ਤੁਸੀਂ ਹੁਣੇ ਹੀ ਕਵਿਤਾ ਦੇ ਖੇਤਰ ਤੋਂ ਕਿਨਾਰਾ-ਕਸ਼ੀ ਕਰ ਜਾਓ। ਕਵਿਤਾ ਲਿਖਣੀ ਤੁਹਾਡੇ ਵੱਸ ਦਾ ਰੋਗ ਨਹੀਂ ਹੈ। ਜੇ ਤੁਸੀਂ ਪੂਰੀ ਤਰ੍ਹਾਂ ਚਿਤੰਨ ਅਤੇ ਤਿਆਰ ਹੋ ਤਾਂ ਇਹ ਅਹਿਦ (ਪਰਣ) ਕਰੋ ਕਿ ਹਰ ਗੱਲ ਨੂੰ ਪੂਰੀ ਤਰ੍ਹਾਂ ਆਪਣੇ ਦਿਮਾਗ਼ ਵਿਚ ਬਿਠਾਉਗੇ ਅਤੇ ਕਦੇ ਵੀ ਭੁੱਲੋਗੇ ਨਹੀਂ। ਕੀ ਕਿਹਾ..? ਤੁਸੀਂ ਪੂਰੇ ਤਿਆਰ ਹੋ ? ਤਾਂ ਫਿਰ ਆਓ ! ਪੂਰੇ ਜੋਸ਼ ਅਤੇ ਹੋਸ਼ ਨਾਲ਼ ਮੇਰੇ ਮਗਰ-ਮਗਰ ਨਹੀਂ, ਮੇਰੇ ਨਾਲ਼-ਨਾਲ਼ ਤੁਰੋ ਤਾਂਕਿ ਗ਼ਜ਼ਲ ਦੀ ਉਡੀਕ ਰਹੀ ਮੰਜ਼ਿਲ ਨੂੰ ਗਲ਼ ਨਾਲ਼ ਲਾ ਕੇ ਗ਼ਜ਼ਲ ਦੇ ਪਿਆਰੇ ਗ਼ਜ਼ਲਗੋਅ ਅਖਵਾ ਸਕੋ। ਆਓ ਫਿਰ...

## ਕਾਂਡ - 1 - ਸ
## ਕਾਫ਼ੀਆ:

ਕਾਫ਼ੀਏ ਦੀ ਪਰਿਭਾਸ਼ਾ: ਕਿਸੇ ਤੁਕ ਜਾਂ ਸ਼ਿਅਰ ਵਿਚ ਇਕੱਠੇ ਆਉਣ ਵਾਲ਼ੇ ਕੁਝ ਮੂਲ ਅੱਖਰਾਂ ਅਤੇ ਲਗਾਂ ਦੇ ਸਮੂਹ ਨੂੰ ਕਾਫ਼ੀਆ ਕਹਿੰਦੇ ਹਨ। ਇਹੀ ਸ਼ਬਦ ਸ਼ਿਅਰ ਵਿਚ ਸੰਗੀਤ ਅਤੇ ਚੁਸਤੀ ਪੈਦਾ ਕਰਦਾ ਹੈ ਅਤੇ ਪਾਠਕ ਜਾਂ ਗਵੱਈਏ ਲਈ

ਖਿੱਚ ਦਾ ਕਾਰਣ ਹੁੰਦਾ ਹੈ। ਇਹ ਸ਼ਬਦ ਸ਼ਿਅਰ ਵਿਚ ਸ਼ਿਅਰ ਦੀ ਬੰਦਿਸ਼ ਅਤੇ ਲੋੜ ਅਨੁਸਾਰ ਤੁਕ ਦੇ ਸ਼ੁਰੂ, ਵਿਚਾਲ਼ੇ ਜਾਂ ਅਖ਼ੀਰ ਉੱਤੇ ਆ ਸਕਦਾ ਹੈ। ਇਸ ਕਾਫ਼ੀਏ ਦੇ ਕੁਝ ਅੱਖਰ, ਲਗਾਂ ਹਰ ਵਾਰ ਬਦਲ ਜਾਂਦੇ ਹਨ ਅਤੇ ਕੁਝ ਅਬਦਲ ਹੁੰਦੇ ਹਨ।

ਕਾਫ਼ੀਆ ਸਾਰੀ ਗ਼ਜ਼ਲ ਦਾ ਧੁਰਾ ਹੁੰਦਾ ਹੈ। ਸਾਰੀ ਗ਼ਜ਼ਲ ਦੇ ਸ਼ਿਅਰਾਂ ਦੀ ਹਰ ਇਕਾਈ ਨੂੰ ਆਪਸ ਵਿਚ ਜੋੜ ਕੇ ਰੱਖਦਾ ਹੈ ਭਾਵ ਬੰਨ੍ਹ ਕੇ ਰੱਖਦਾ ਹੈ। ਕਿਧਰੇ ਏਧਰ-ਓਧਰ ਨਹੀਂ ਹੋਣ ਦਿੰਦਾ। ਕਾਫ਼ੀਏ ਦੀ ਸੰਗੀਤਾਮਕਤਾ ਸਰੋਤੇ ਨੂੰ ਖ਼ੁਮਾਰੀ ਵਿਚ ਰੱਖਦੀ ਹੈ। ਉਸਤਾਦਾਂ ਦਾ ਇਹ ਖ਼ਿਆਲ ਹੈ ਕਿ ਇਕ ਚੰਗਾ ਕਾਫ਼ੀਆ ਸੁਣਨ ਵਾਲ਼ੇ ਨੂੰ ਅਗਲੇ ਸ਼ਿਅਰ ਦਾ ਪਹਿਲਾ ਮਿਸਰਾ ਸੁਣ ਕੇ ਹੀ ਅਹਿਸਾਸ ਕਰਵਾ ਦਿੰਦਾ ਹੈ ਕਿ ਅਗਲਾ ਕਾਫ਼ੀਆ ਕਿਹੜਾ ਹੋਵੇਗਾ। ਏਸੇ ਨੂੰ ਸ਼ੁੱਧ ਉਤੇ ਨੁਕਤਾ ਭਰਪੂਰ ਕਾਫ਼ੀਆ ਕਿਹਾ ਜਾਂਦਾ ਹੈ। ਵੈਸੇ ਕਾਫ਼ੀਏ ਦੀਆਂ ਤਿੰਨ ਕਿਸਮਾਂ ਮੰਨੀਆਂ ਗਈਆਂ ਹਨ ਜੋ ਇਸ ਤਰ੍ਹਾਂ ਹਨ:-

1) ਸਹੀ ਕਾਫ਼ੀਆ :- ਭਾਵ ਠਾਹ ਮਣਕੇ 'ਤੇ ਮਣਕਾ ਪੈਣ ਵਾਲ਼ਾ ਕਾਫ਼ੀਆ ਜਿਸ ਦਾ ਜ਼ਿਕਰ ਤੁਸੀਂ ਉੱਪਰ ਪੜ੍ਹ ਚੁੱਕੇ ਹੋ। ਇਸ ਦੇ ਕਾਫ਼ੀਏ ਵਿਚ ਆਣ, ਜਾਣ, ਮਾਣ, ਤਾਣ ਆਦਿ ਵਰਗੇ ਸ਼ਬਦ ਹੋ ਸਕਦੇ ਹਨ। ਇਨ੍ਹਾਂ ਵਿਚ ਕਾਫ਼ੀਏ ਦਾ ਹਰਫ਼ੇ-ਰਵੀ ਭਾਵ ਮੂਲ-ਅੱਖਰ ਸਪੱਸ਼ਟ ਹੁੰਦਾ ਹੈ ਜਿਵੇਂ ਉੱਪਰਲੇ ਸ਼ਬਦਾਂ ਵਿਚ 'ਕੰਨਾ' ਹੈ।

2) ਸੁਸਤ ਕਾਫ਼ੀਆ:- ਇਸ ਕਾਫ਼ੀਏ ਵਿਚ ਸਹੀ ਕਾਫ਼ੀਏ ਵਾਂਗ ਠਾਹ ਮਣਕੇ 'ਤੇ ਮਣਕਾ ਤਾਂ ਨਹੀਂ ਪੈਂਦਾ ਬਲਕਿ ਕਿਸੇ ਮਾਤਰਾ ਦੀ ਖ਼ਾਸ ਆਵਾਜ਼ ਨੂੰ ਹੀ ਕਾਫ਼ੀਆ ਮੰਨ ਲਿਆ ਜਾਂਦਾ ਹੈ, ਜਿਵੇਂ ਹੇਠਲੀ, ਬੋਲਦੀ, ਲੰਘਦੀ, ਆਫ਼ਰੀ ਆਦਿ। ਇਨ੍ਹਾਂ ਸ਼ਬਦਾਂ ਵਿਚ ਸਿਰਫ਼ ਬਿਹਾਰੀ ਦੀ ਹੀ ਸਾਂਝ ਹੈ, ਬਿਹਾਰੀ ਤੋਂ ਪਹਿਲਾਂ ਕਿਸੇ ਅੱਖਰ ਦੀ ਸਾਂਝ ਨਹੀਂ ਹੈ। ਸੋ ਇਸਨੂੰ ਸੁਸਤ ਕਾਫ਼ੀਆ ਕਿਹਾ ਜਾਵੇਗਾ, ਪਰ ਇਸ ਤਰ੍ਹਾਂ ਦੇ ਕਾਫ਼ੀਆਂ ਦੇ ਨਾਲ਼ ਇਕ ਅਸੂਲ ਜੁੜਿਆ ਹੋਇਆ ਹੈ ਕਿ ਅਜਿਹੇ ਕਾਫ਼ੀਆਂ ਦਾ ਐਲਾਨ ਗ਼ਜ਼ਲ ਦੇ ਮਤਲੇ ਵਿਚ ਹੀ ਕਰਨਾ ਚਾਹੀਦਾ ਹੈ ਕਿ ਅੱਗੋਂ ਇਸ ਤਰ੍ਹਾਂ ਦੇ ਕਾਫ਼ੀਏ ਆਉਣਗੇ। ਜੇ ਮਤਲੇ ਵਿਚ ਦੋਹਾਂ ਮਿਸਰਿਆਂ ਵਿਚ ਪਹਿਲਾਂ ਸਹੀ ਕਾਫ਼ੀਆ ਅਤੇ ਅਗਲੇ ਸਿਅਰਾਂ ਵਿਚ ਸੁਸਤ ਕਾਫ਼ੀਆ ਹੋ ਜਾਵੇ ਤਾਂ ਇਹ ਇਕ ਵੱਡਾ ਐਬ ਹੋ ਜਾਂਦਾ ਹੈ ਜਿਸਦੀ ਉਸਤਾਦਾਂ ਨੇ ਮਨਜ਼ੂਰੀ ਨਹੀਂ ਦਿੱਤੀ।

3) ਵਿਕਟ ਕਾਫ਼ੀਆ:- ਇਸਨੂੰ ਬੇਮੇਲ਼ ਕਾਫ਼ੀਆ ਵੀ ਕਿਹਾ ਜਾ ਸਕਦਾ ਹੈ। ਵੈਸੇ ਵਿਕਟ ਦਾ ਭਾਵ ਔਖਾ ਹੁੰਦਾ ਹੈ। ਇਸ ਤਰ੍ਹਾਂ ਦਾ ਕਾਫ਼ੀਆ ਜਿਸਨੂੰ ਨਿਭਾਉਣਾ ਕਾਫ਼ੀ ਔਖਾ, ਜੋਖ਼ਮ ਅਤੇ ਮਿਹਨਤ ਭਰਿਆ ਕੰਮ ਹੋਵੇ ਪਰ ਏਥੇ ਬੇ-ਮੇਲ਼ ਕਾਫ਼ੀਏ ਤੋਂ ਹੀ ਭਾਵ ਹੈ, ਜਿਵੇਂ ਕਹਿ, ਸ਼ੈ, ਤੈਅ ਆਦਿ ਜਾਂ ਫਿਰ ਵੱਖ-ਵੱਖ ਵਜ਼ਨਾਂ ਵਾਲ਼ੇ ਕਾਫ਼ੀਏ, ਜਿਹੜੇ ਅੱਖਰਾਂ ਵਿਚ ਤਾਂ ਸਮਾਨਤਾ ਵਿਖਾਉਣ ਪਰ ਸਮਾਨ ਹੋਣ ਨਾ



ਜਿਵੇਂ:- ਵਕਤ ਨਾਲ਼ ਫ਼ਕਤ ਇੱਕੋ ਜਿਹੇ ਲਗਦੇ ਹੋਏ ਵੀ ਵਜ਼ਨ ਪੱਖੋਂ ਵੱਖ-ਵੱਖ ਹਨ। ਵਕਤ ਦਾ ਵਜ਼ਨ ਜਾਂ ਤੋਲ ਵਕ+ਤ ਹੈ, ਅਤੇ ਫ਼ਕਤ ਦਾ ਫ਼+ਕਤ ਹੈ, ਸੋ ਅੱਖਰਾਂ ਦੀ ਸਾਂਝ ਹੁੰਦੇ ਹੋਏ ਵੀ ਉਪਰਲੇ ਦੋਵੇਂ ਸ਼ਬਦ ਭਿੰਨ ਅਤੇ ਕਾਫ਼ੀਏ ਪੱਖੋਂ ਗ਼ਲਤ ਹਨ, ਜਿਨ੍ਹਾਂ ਦੀ ਉਸਤਾਦ ਕਦੇ ਵੀ ਆਗਿਆ ਨਹੀਂ ਦਿੰਦੇ। ਇਸ ਤੋਂ ਇਲਾਵਾ ਤਿੰਨ ਤਰ੍ਹਾਂ ਦੇ ਹੋਰ ਵੀ ਕਾਫ਼ੀਏ ਮੰਨੇ ਜਾਂਦੇ ਹਨ, ਪਰ ਇਨ੍ਹਾਂ ਦੀ ਵਰਤੋਂ ਕਾਫ਼ੀਏ ਤਰ੍ਹਾਂ ਘੱਟ ਸਗੋਂ ਕਾਫ਼ੀਏ ਦੇ ਨੁਕਸ ਜਾਂ ਖ਼ੂਬੀ ਦੱਸਣ ਲਈ ਕੀਤੀ ਜਾਂਦੀ ਹੈ। ਉਹ ਕਾਫ਼ੀਏ ਇਸ ਪ੍ਰਕਾਰ ਹਨ:-

1) ਕਾਫ਼ੀਆ ਮਾਮੂਲਾ: - ਇਹ ਕਾਫ਼ੀਆ ਇਕ ਐਬ ਤਰ੍ਹਾਂ ਮੰਨਿਆ ਜਾਂਦਾ ਹੈ। ਜਦੋਂ ਕਿਤੇ ਕਾਫ਼ੀਆਂ ਅਤੇ ਰਦੀਫ਼ ( ਰਦੀਫ਼ ਦਾ ਜ਼ਿਕਰ ਅੱਗੇ ਆਵੇਗਾ ) ਮਿਲ਼ ਕੇ ਇੱਕੋ ਹੀ ਸ਼ਬਦ ਬਣ ਜਾਣ ਜਿਵੇਂ ਪੀ ਲਿਆ, ਸੀ ਲਿਆ ਦੇ ਨਾਲ਼ ਕੀਲਿਆ ਸ਼ਬਦ ਦਾ ਵਰਤੋਂ ਵਿਚ ਆਉਣਾ। ਕੀਲਿਆ ਵਿਚ ਦੋਵੇਂ ਸ਼ਬਦ ਕੀ ਅਤੇ ਲਿਆ ਮਿਲ਼ ਕੇ ਇਕ ਹੋ ਗਏ ਹਨ ਸੋ ਇਹ ਕਾਫ਼ੀਆ ਸਹ ਨਹੀਂ ਮੰਨਿਆ ਜਾਵੇਗਾ। ਉਸਤਾਦਾਂ ਨੇ ਇਸ ਦੇ ਨਾਲ਼ ਵੀ ਇਕ ਅਸੂਲ ਜੋੜਿਆ ਹੋਇਆ ਹੈ ਕਿ ਇਸ ਤਰ੍ਹਾਂ ਦਾ ਇਕ ਕਾਫ਼ੀਆ ਇਕ ਗ਼ਜ਼ਲ ਵਿਚ ਬਰਦਾਸ਼ਤ ਕੀਤਾ ਜਾ ਸਕਦਾ ਹੈ ਪਰ ਜੇ ਦੋ ਜਾਂ ਵਧੇਰੇ ਹੋ ਜਾਣ ਤਾਂ ਮੁਆਫ਼ੀ ਦੇ ਕਾਬਿਲ ਨਹੀਂ ਹੈ ਅਤੇ ਸ਼ਾਇਰ ਲਈ ਵਡਿਆਈ ਨਹੀਂ ਖੱਟ ਸਕਦੇ।

2) ਕਾਫ਼ੀਏ ਦੀ ਅਦਾ ਭਾਵ ਅਦਾ ਵਾਲ਼ਾ ਕਾਫ਼ੀਆ :- ਇਹ ਕਾਫ਼ੀਆ ਮਾਮੂਲੇ ਤੋਂ ਐਨ ਉਲਟ ਹੁੰਦਾ ਹੈ ਪਰ ਸ਼ਾਇਰ ਲਈ ਵਾਹ-ਵਾਹ ਖੱਟਦਾ ਹੈ ਜਿਵੇਂ ਕੀਲਿਆ, ਨੀਲਿਆ ਦੇ ਨਾਲ਼ ਸੀ ਲਿਆ ਜਾਂ ਪੀ ਲਿਆ ਸ਼ਬਦ ਦਾ ਵਰਤਣਾ। ਏਥੇ ਪੀ ਲਿਆ ਜਾਂ ਸੀ ਲਿਆ ਦੋ ਸ਼ਬਦ ਬਣ ਗਏ ਹਨ ਜੋ ਮਾਮੂਲੇ ਤੋਂ ਉਲਟ ਹਨ। ਇਸੇ ਵਖਰੇਵੇਂ ਕਰਕੇ ਇਸ ਕਾਫ਼ੀਏ ਨੇ ਨਜ਼ਾਕਤ ਅਤੇ ਅਨੋਖਾਪਨ ਪੈਦਾ ਕਰ ਦਿੱਤਾ ਹੈ। ਇਹੀ ਅਨੋਖਾਪਨ ਹੀ ਕਾਫ਼ੀਏ ਦੀ ਅਦਾ ਹੈ ਅਤੇ ਸ਼ਾਇਰ ਦੀ ਉਸਤਾਦੀ ਹੈ।

3) ਇੱਕੋ ਸ਼ਬਦੀ ਕਾਫ਼ੀਆ ਜਾਂ ਯਕ ਕਾਫ਼ੀਆ:- ਇਹ ਕਾਫ਼ੀਆ ਨਿਭਾਉਣਾ ਬਹੁਤ ਜੋਖ਼ਮ, ਉਸਤਾਦੀ ਅਤੇ ਮੁਸ਼ਕਿਲ ਭਰਿਆ ਕੰਮ ਹੈ। ਹਾਰੀ-ਸਾਰੀ ਦੇ ਵੱਸ ਦਾ ਕੰਮ ਨਹੀਂ ਹੈ, ਇਸ ਤਰ੍ਹਾਂ ਦੇ ਕਾਫ਼ੀਏ ਨਿਭਾਉਣ ਲਈ ਬਹੁਤ ਅਭਿਆਸ ਦੀ ਲੋੜ ਹੁੰਦੀ ਹੈ। ਜਿਵੇਂ ਪਹਿਲੇ ਮਿਸਰੇ ਵਿਚ ਆਵਾਂਗੇ ਅਤੇ ਦੂਜੇ ਵਿਚ ਜਾਵਾਂਗੇ ਸ਼ਬਦ ਕਾਫ਼ੀਏ ਦੇ ਰੂਪ ਵਿਚ ਆਉਣ ਅਤੇ ਅੱਗੋਂ ਹਰ ਸ਼ਿਅਰ ਵਿਚ ਜਾਵਾਂਗੇ ਸ਼ਬਦ ਹੀ ਕਾਫ਼ੀਏ ਵਜੋਂ ਆਵੇ। ਹੁਣ ਤੁਸੀਂ ਆਪ ਹੀ ਸੋਚੋ ਕਿ ਕੋਈ ਸ਼ਾਇਰ ਇੱਕੋ ਸ਼ਬਦ ਵਿਚ ਕਿੰਨ ਕੁ ਖ਼ਿਆਲ ਸਿਰਜ ਸਕਦਾ ਹੈ ? ਕੋਈ ਹੰਢਿਆ ਹੋਇਆ ਸ਼ਾਇਰ ਹੀ ਅਜਿਹੀ ਗ਼ਜ਼ਲ ਕਹਿ ਸਕਦਾ ਹੈ। ਇਸੇ ਲਈ ਯਕ ਕਾਫ਼ੀਆ ਗ਼ਜ਼ਲਾਂ ਬਹੁਤ ਘੱਟ ਮਿਲ਼ਦੀਆਂ ਹਨ। ਇਸ ਦੇ ਨਾਲ਼ ਵੀ ਉਸਤਾਦਾਂ ਨੇ ਇਕ ਨਾਜ਼ੁਕ ਜਿਹਾ ਅਸੂਲ ਜੋੜ ਦਿੱਤਾ ਹੈ ਕਿ ਮਤਲੇ ਦੇ ਦੂਸਰੇ ਮਿਸਰੇ ਦਾ ਕਾਫ਼ੀਆ ਹੀ ਅਗਲੇ ਸਾਰੇ ਸ਼ਿਅਰਾਂ ਵਿਚ ਕਾਫ਼ੀਏ

ਵਜੋਂ ਆਵੇਗਾ। ਕਈ ਅਣਜਾਣ ਸ਼ਾਇਰ ਪਹਿਲੇ ਮਿਸਰੇ ਵਾਲ਼ਾ ਕਾਫ਼ੀਆ ਸ਼ਬਦ ਹੀ ਅਗਲੇ ਸ਼ਿਅਰਾਂ ਵਿਚ ਵਰਤਣ ਲੱਗ ਪੈਂਦੇ ਹਨ ਜੋ ਸਰਾਸਰ ਗ਼ਲਤ ਅਤੇ ਨਾ-ਕਾਬਿਲੇ ਮੁਆਫ਼ੀ ਹੈ। ਮੇਰੀ ਇਕ ਯਕ ਕਾਫ਼ੀਆ ਗ਼ਜ਼ਲ ਦੇ ਦੋ ਸ਼ਿਅਰ ਮਿਸਾਲ ਵਜੋਂ ਵੇਖੋ। ਇਹ ਗ਼ਜ਼ਲ ਮੇਰੇ ਗ਼ਜ਼ਲ-ਸੰਗਰਹਿ 'ਗੰਦਲ਼ਾਂ' ਦੇ ਪੰਨਾ 57 ਉੱਪਰ ਛਪੀ ਹੋਈ ਹੈ:

ਮੁਲਾਹਜ਼ਾ ਮੂੰਹ 'ਤੇ ਰੱਖਦੇ ਨੇ, ਤੇ ਪਿੱਛੋਂ ਨੌਲ਼ਦੇ ਮੈਨੂੰ।
ਮਿਰੇ ਮਿੱਤਰ, ਮਿਰੇ ਅਪਣੇ, ਤਦੇ ਨਾ ਗੌਲ਼ਦੇ ਮੈਨੂੰ।
ਜਦੋਂ ਰੁੱਖਾਂ ਤੋਂ ਛਾਂ ਮੰਗਾਂ, ਇਹ ਧੁੱਪ ਨੂੰ ਵਿਹਲ ਦਿੰਦੇ ਨੇ,
ਕਦੇ ਪਾਣੀਆ ਨਹੀਂ ਪਾਇਆ, ਤਦੇ ਨਾ ਗੌਲ਼ਦੇ ਮੈਨੂੰ।

ਉਪਰੋਕਤ ਸਾਰੀ ਗ਼ਜ਼ਲ ਵਿਚ ਇਕੱਲਾ ਕਾਫ਼ੀਏ ਦਾ ਸ਼ਬਦ ਗੌਲ਼ਦੇ ਹੀ ਨਹੀਂ ਨਿਭਾਇਆ ਗਿਆ ਬਲਕਿ ਮਤਲੇ ਦੇ ਦੂਜੇ ਮਿਸਰੇ ਵਿਚ ਆਈ ਪੂਰੀ ਰਦੀਫ਼ ਵੀ ਬਾਖ਼ੂਬੀ ਨਿਭਾਈ ਗਈ ਹੈ। ਤੁਹਾਡਾ ਇਹ ਲੇਖਕ ਵੀ ਅਜੇ ਤੀਕ ਗਿਣਤੀ ਦੀਆਂ ਸਿਰਫ਼ ਪੰਜ-ਸੱਤ ਗ਼ਜ਼ਲਾਂ ਹੀ ਕਹਿ ਸਕਿਆ ਹੈ। ਕਹਿਣ ਦਾ ਭਾਵ ਇਹ ਹੈ ਕਿ ਯਕ ਕਾਫ਼ੀਆ ਗ਼ਜ਼ਲਾਂ ਦੀ ਵੰਨਗੀ ਬਹੁਤ ਘੱਟ ਵੇਖਣ ਨੂੰ ਮਿਲ਼ਦੀ ਹੈ। ਉਪਰੋਕਤ ਕਾਫ਼ੀਏ ਦੀਆਂ ਕਿਸਮਾਂ ਤੋਂ ਇਲਾਵਾ ਇਕ ਹੋਰ ਵੀ ਕਾਫ਼ੀਏ ਦੀ ਕਿਸਮ ਹੈ ਪਰ ਉਹ ਸਿਰਫ਼ ਉਸਤਾਦੀ ਘੋਟਣ ਲਈ ਹੀ ਹੈ ਹੋਰ ਇਸਦਾ ਕੋਈ ਫ਼ਾਇਦਾ ਨਹੀਂ ਹੈ। ਉਹ ਕਿਸਮ ਹੈ:-

4) ਦੂਹਰੇ ਕਾਫ਼ੀਏ ਦੀ ਕਿਸਮ:- ਇਸ ਵਿਚ ਦੋ ਜਾਂ ਕਈ ਵਾਰ ਤਿੰਨ-ਤਿੰਨ ਕਾਫ਼ੀਏ ਵੀ ਨਿਭਾਅ ਲਏ ਜਾਂਦੇ ਹਨ। ਇਕ ਮਿਸਰੇ ਦੇ ਸ਼ੁਰੂ ਵਿਚ, ਦੂਸਰਾ ਵਿਚਾਲ਼ੇ ਅਤੇ ਤੀਸਰਾ ਮਿਸਰੇ ਦੇ ਅੰਤ ਵਿਚ। ਤਿੰਨ ਕਾਫ਼ੀਆਂ ਦੀ ਮਿਸਾਲ ਵੇਖੋ:

ਕੀ ਕਰੋਗੇ ਠੌਰ ਕੇ ?
ਜੀ ਲਵੋਗੇ ਤੌਰ ਕੇ ?

ਸਿਖਿਆਰਥੀਓ ! ਉਪਰੋਕਤ ਸ਼ਿਅਰ ਸਿਰਫ਼ ਤੁਹਾਨੂੰ ਸਮਝਾਉਣ ਲਈ ਹੀ ਘੜਿਆ ਹੈ, ਵੈਸੇ ਇਸ ਦੀ ਕੋਈ ਕਾਵਿਕ ਅਹਿਮੀਅਤ ਨਹੀਂ ਹੈ। ਪਹਿਲਾ ਕਾਫ਼ੀਆ ਕੀ ਅਤੇ ਜੀ ਸ਼ਬਦ ਹਨ, ਦੂਜਾ ਕਾਫ਼ੀਆ ਕਰੋਗੇ ਤੇ ਲਵੋਗੇ ਹੈ ਜਿਸ ਵਿਚ ਹੋੜੇ ਦੀ ਸਾਂਝ ਹੈ ਜੋ ਕਾਫ਼ੀਏ ਦੇ ਰੂਪ ਵਿਚ ਹੈ ਅਤੇ ਗੇ ਰਦੀਫ਼ ਹੈ। ਠੌਰ ਅਤੇ ਤੌਰ ਤੀਜਾ ਕਾਫ਼ੀਆ ਹਨ, ਕੇ ਫੇਰ ਦੋਹਾਂ ਮਿਸਰਿਆਂ ਵਿਚ ਰਦੀਫ਼ ਹੈ। ਇਸ ਤਰ੍ਹਾਂ ਇਹ ਮੌਕੇ ਉੱਪਰ ਘੜਿਆ ਹੋਇਆ ਸ਼ਿਅਰ ਤਿੰਨ ਕਾਫ਼ੀਏ ਅਤੇ ਦੋ ਰਦੀਫ਼ਾਂ ਵਾਲ਼ਾ ਹੋ ਗਿਆ ਹੈ, ਹਾਲਾਂਕਿ ਇਕ ਮਿਸਰੇ ਵਿਚ ਚਾਰ ਤੋਂ ਵੱਧ ਸ਼ਬਦ ਅਤੇ ਬਾਰਾਂ ਤੋਂ ਵੱਧ ਮਾਤਰਾ ਨਹੀਂ ਹਨ। ਚਾਰ ਸ਼ਬਦਾਂ ਵਿਚ ਤਿੰਨ ਕਾਫ਼ੀਏ ਅਤੇ ਦੋ ਰਦੀਫ਼ਾਂ ਨਿਭਾਉਣਾ ਉਸਤਾਦੀ



ਘੱਟ ਮਗ਼ਜ਼ਪੱਚੀ ਜ਼ਿਆਦਾ ਹੈ। ਸੋ ਅਜਿਹੇ ਤਜਰਬਿਆਂ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ। ਦੂਹਰੇ ਕਾਫ਼ੀਏ ਦੀ ਇਕ ਹੋਰ ਵੀ ਕਿਸਮ ਹੈ। ਇੱਕੋ ਸ਼ਬਦ ਨੂੰ ਦੁਹਰਾਅ ਕੇ ਭਾਵ ਇੱਕੋ ਸ਼ਬਦ ਨੂੰ ਦੋ ਵਾਰ ਲਗਾਤਾਰ ਵਰਤ ਕੇ ਜਿਵੇਂ ਡੂਬਦਾ-ਡੂਬਦਾ, ਮਰਦਾ-ਮਰਦਾ, ਸਹਿੰਦੇ-ਸਹਿੰਦੇ, ਰੁਕਦੇ-ਰੁਕਦੇ ਆਦਿ ਬਥੇਰੇ ਸ਼ਬਦ ਹਨ। ਦੂਹਰੇ ਕਾਫ਼ੀਏ ਦਾ ਇਹ ਰੂਪ ਕਾਫ਼ੀ ਜਚਦਾ ਵੀ ਹੈ ਅਤੇ ਪਰਚੱਲਤ ਵੀ ਹੈ। ਇਸ ਵੰਨਗੀ ਦੇ ਤਜਰਬੇ ਕਰਨ ਵਿਚ ਕੋਈ ਹਰਜ਼ ਨਹੀਂ ਹੈ।

ਗ਼ਜ਼ਲ ਜਿੰਨੀ ਸਾਦੀ ਹੋਵੇ, ਓਨੀ ਹੀ ਪਰਭਾਵਸ਼ਾਲੀ ਹੁੰਦੀ ਹੈ। ਡਿਓਢ ਦੇ ਰੂਪ ਵਿਚ ਲੰਬੀ ਚਾਲ ਵਾਲ਼ੀ ਗ਼ਜ਼ਲ ਸ਼ਾਇਰ ਖ਼ੁਦ ਸਟਜ ਉੱਪਰ ਬੋਲ ਕੇ ਤਾਂ ਪੜ੍ਹ ਸਕਦਾ ਹੈ, ਪਰ ਲੰਬੀ ਚਾਲ ਦੀਆਂ ਗ਼ਜ਼ਲਾਂ ਅਜੇ ਗਵੱਈਆਂ ਦੇ ਨੱਕ ਹੇਠ ਨਹੀਂ ਆਈਆਂ। ਦਰਅਸਲ ਕਿਸੇ ਗਵੱਈਏ ਦਾ ਏਨਾ ਲੰਬਾ ਸਾਹ ਹੀ ਨਹੀਂ ਕਿ ਉਹ ਲੰਬੀ ਚਾਲ ਵਾਲ਼ੀ ਗ਼ਜ਼ਲ ਗਾ ਸਕੇ ਅਤੇ ਗ਼ਜ਼ਲ ਨਾਲ਼ ਇਨਸਾਫ਼ ਕਰ ਸਕੇ। ਜ਼ਿਆਦਾਤਰ ਗਵੱਈਏ ਛੋਟੀ ਬਹਿਰ ਦੀ ਅਤੇ ਮੁਸੱਲਸਲ ਗ਼ਜ਼ਲ ਜੋ ਜ਼ਿਆਦਾਤਰ ਰੁਮਾਂਟਿਕ ਹੀ ਹੁੰਦੀ ਹੈ ਉਹੀ ਗਾਉਣ ਨੂੰ ਤਰਜੀਹ ਦਿੰਦੇ ਹਨ। ਜਦੀਦ ਗ਼ਜ਼ਲ ਨੂੰ ਗਵੱਈਆਂ ਨੇ ਬਹੁਤ ਘੱਟ ਹੱਥ ਪਾਇਆ ਹੈ। ਮੁਸੰਮਨ ਬਹਿਰ ਦੀ ਗ਼ਜ਼ਲ ਕਦੇ-ਕਦੇ ਸੁਣਨ ਨੂੰ ਮਿਲ਼ ਜਾਂਦੀ ਹੈ। ਕਵੀ-ਦਰਬਾਰਾਂ ਦਾ ਰਿਵਾਜ ਘਟ ਗਿਆ ਹੈ ਇਸ ਲਈ ਸ਼ਾਇਰ ਤਾਂ ਬੇ-ਮਾਣੇ ਜਿਹੇ ਹੋ ਕੇ ਰਹਿ ਗਏ ਹਨ। ਕਿੱਸਾ-ਕੌਤਾ ਇਹ ਕਿ ਲੰਬੀ ਬਹਿਰ, ਬਾਹਲ਼ੇ ਕਾਫ਼ੀਏ ਅਤੇ ਬਾਹਲ਼ੀਆਂ ਰਦੀਫ਼ਾਂ ਵਾਲ਼ੀ ਗ਼ਜ਼ਲ ਅੱਜ ਦੇ ਜ਼ਮਾਨੇ ਵਿਚ ਕਾਮਯਾਬ ਨਹੀਂ ਹੈ। ਸੋ ਹੁਣ ਇਹ ਤੁਹਾਡੇ ਉੱਪਰ ਨਿਰਭਰ ਹੈ ਕਿ ਤੁਸੀਂ ਅਜਿਹੀਆਂ ਗ਼ਜ਼ਲਾਂ ਲਿਖਣੀਆਂ ਹਨ ਜਿਨ੍ਹਾਂ ਵਿਚ ਤਜਰਬੇ ਕਰਨ ਤੋਂ ਛੁੱਟ ਕੁਝ ਨਾ ਹੋਵੇ। ਮੈਂ ਵੀ ਕਦੇ ਬਹੁਤ ਤਜਰਬੇ ਕਰਦਾ ਸੀ ਪਰ ਹਾਸਿਲ ਕੁਝ ਨਹੀਂ ਹੋਇਆ। ਹਾਂ, ਕੁਝ ਲਿਖਾਰੀਆਂ ਨੇ ਆਪਣੀਆਂ ਕਿਤਾਬਾਂ ਵਿਚ ਲੇਖ ਲਿਖਦੇ ਸਮੇਂ ਉਹ ਤਜਰਬੇ ਵਾਲ਼ੀਆਂ ਗ਼ਜ਼ਲਾਂ ਦੇ ਹਵਾਲੇ ਜ਼ਰੂਰ ਦਿੱਤੇ ਹਨ, ਹੋਰ ਕੋਈ ਪਰਾਪਤੀ ਨਹੀਂ ਹੋਈ।

ਕਾਫ਼ੀਏ ਦੇ ਨੌਂ ਅੱਖਰ ਉਸਤਾਦਾਂ ਨੇ ਮਿਥੇ ਹਨ। ਜੇ ਸ਼ੁਰੂ ਤੋਂ ਪੰਜਵੇਂ ਅੱਖਰ ਨੂੰ ਹਰਫ਼ੇ-ਰਵੀ ਜਾਂ ਮੂਲ-ਅੱਖਰ ਮੰਨ ਲਈਏ ਤਾਂ ਚਾਰ ਅੱਖਰ ਰਵੀ ਤੋਂ ਪਹਿਲਾਂ ਅਤੇ ਚਾਰ ਹੀ ਰਵੀ ਤੋਂ ਬਾਅਦ ਆਉਂਦੇ ਹਨ। ਹਰਫ਼ੇ-ਰਵੀ ਤੋਂ ਅੱਗੋਂ ਜਾਂ ਪਿੱਛੋਂ ਆਉਣ ਵਾਲ਼ੇ ਅੱਖਰਾਂ ਦੇ ਵੱਖ-ਵੱਖ ਨਾਮ ਹਨ ਪਰ ਆਪਾਂ ਨਾਵਾਂ ਦੀ ਲੜੀ ਵਿਚ ਨਹੀਂ ਪੈਣਾ। ਇਸ ਵਿਚ ਖ਼ਾਸ ਨੁਕਤਾ ਇਹ ਹੈ ਕਿ ਮੂਲ-ਅੱਖਰ ਤੋਂ ਅੱਗੋਂ ਜਾਂ ਪਿੱਛੋਂ ਆਉਣ ਵਾਲ਼ੇ ਅੱਖਰ ਜਾਂ ਮਾਤਰਾਵਾਂ ਅਗਰ ਕਾਇਮ ਰਹਿ ਸਕਣ ਤਾਂ ਚੰਗੀ ਗੱਲ ਹੈ ਖ਼ਾਸ ਕਰਕੇ ਪਿੱਛੋਂ ਆਉਣ ਵਾਲ਼ੇ ਅੱਖਰ ਜਾਂ ਮਾਤਰਾਵਾਂ। ਬੇਸ਼ੱਕ ਇਸ ਤਰ੍ਹਾਂ ਦੇ ਸ਼ਬਦਾਂ ਦੀ ਭਾਲ਼ ਅਤੇ ਬੰਦਿਸ਼ ਕਾਫ਼ੀ ਮੁਸ਼ਕਿਲ ਹੁੰਦੀ ਹੈ, ਪਰ ਸ਼ਿਅਰ ਦੀ ਖ਼ੂਬਸੂਰਤੀ ਅਤੇ ਸ਼ਿਅਰੀਅਤ ਵਧ ਜਾਂਦੀ ਹੈ। ਕਾਫ਼ੀਏ ਵਾਲ਼ੇ ਸ਼ਬਦ ਨੂੰ ਵਾਰ-ਵਾਰ ਬੋਲ ਕੇ ਵੇਖੋ ਜਿਹੜੇ ਅੱਖਰ ਜਾਂ

ਮਾਤਰਾ ਉੱਪਰ ਜ਼ਿਆਦਾ ਜ਼ੋਰ ਪੈਂਦਾ ਹੈ, ਉਹੀ ਤੁਹਾਡਾ ਹਰਫ਼ੇ-ਰਵੀ ਜਾਂ ਮੂਲ-ਅੱਖਰ ਹੈ। ਕਾਫ਼ੀਏ ਸ਼ਬਦ ਦੇ ਜਿੰਨੇ ਘੱਟ ਅੱਖਰ ਹੋਣਗੇ, ਓਨਾ ਹੀ ਤੁਹਾਡੇ ਲਈ ਸੌਖ ਹੋਵੇਗੀ। ਸੋ ਇਹ ਤੈਅ ਹੋਇਆ ਕਿ ਛੋਟਾ ਕਾਫ਼ੀਆ ਅਤੇ ਛੋਟੀ ਰਦੀਫ਼ ਹੀ ਗ਼ਜ਼ਲਗੋਅ ਲਈ ਲਾਭਕਾਰੀ ਹੈ।

## ਕਾਂਡ - 1 - ਹ
## ਮੂਲ-ਅੱਖਰ ਜਾਂ ਹਰਫ਼ੇ-ਰਵੀ

ਕਾਫ਼ੀਏ ਦੇ ਨੌਂ ਅੱਖਰਾਂ ਵਿਚੋਂ ਹਰ ਵਾਰ ਬਦਲਣ ਵਾਲੇ ਅੱਖਰ ਤੋਂ ਬਾਅਦ ਜਿਹੜਾ ਪਹਿਲਾ ਅੱਖਰਾ ਜਾਂ ਦੀਰਘ ਲਗ ਹੁੰਦੀ ਹੈ ਉਹ ਮੂਲ ਅੱਖਰ ਹੁੰਦਾ ਹੈ। ਮੂਲ-ਅੱਖਰ ਤੋਂ ਬਾਅਦ ਆਉਣ ਵਾਲੇ ਸਾਰੇ ਅੱਖਰ ਜਾਂ ਲਗਾ ਅਬਦਲ ਹੁੰਦੀਆਂ ਹਨ, ਇਹਨਾਂ ਦੀ ਗਿਣਤੀ ਮੂਲ ਅੱਖਰ ਤੋਂ ਬਿਨਾਂ ਵੱਧ ਤੋਂ ਵੱਧ ਚਾਰ ਤੀਕ ਹੋ ਸਕਦੀ ਹੈ। ਮੂਲ-ਅੱਖਰ ਤੋਂ ਪਹਿਲਾਂ ਵੀ ਚਾਰ ਤੀਕ ਅੱਖਰ ਜਾਂ ਲਗਾਂ ਹੋ ਸਕਦੀਆਂ ਹਨ। ਜਿਹੜੇ ਕਿ ਚੱਲ ਅੱਖਰ ਦੀ ਤਰ੍ਹਾਂ ਕਾਫ਼ੀਏ ਦੇ ਸ਼ਬਦ ਵਿਚ ਹਰ ਵਾਰ ਬਦਲ ਕੇ ਆਉਂਦੇ ਰਹਿੰਦੇ ਹਨ। ਮੂਲ-ਅੱਖਰ ਖੋਜਣ ਦਾ ਦੂਜਾ ਤਰੀਕਾ ਇਹ ਹੈ ਕਿ ਦੋ-ਚਾਰ ਸ਼ਬਦ ਇੱਕੋ ਜੇਹੇ ਉਚਾਰੋ ਅਤੇ ਵੇਖੋ ਕਿ ਬੋਲਣ ਲੱਗਿਆ ਤੁਹਾਡੀ ਜ਼ੁਬਾਨ ਕਿਹੜੇ ਅੱਖਰ ਜਾਂ ਲਗ ਉੱਤੇ ਜ਼ਿਆਦਾ ਜ਼ੋਰ ਪਾਉਂਦੀ ਹੈ। ਜਿੱਥੇ ਜ਼ੁਬਾਨ ਦਾ ਜ਼ਿਆਦਾ ਜ਼ੋਰ ਪੈਂਦਾ ਹੈ ਉਹੀ ਮੂਲ-ਅੱਖਰ ਜਾਂ ਹਰਫ਼ੇ-ਰਵੀ ਹੈ। ਚਾਹੇ ਉਹ ਕੋਈ ਅੱਖਰ ਹੋਵੇ ਜਾਂ ਦੀਰਘ ਲਗ। ਜ਼ੋਰ ਵਾਲੇ ਅੱਖਰ ਜਾਂ ਲਗ ਸਣੇ ਪਿਛਲੇ ਸਾਰੇ ਅੱਖਰ ਜਾਂ ਲਗਾਂ ਅਬਦਲ ਹੋਣਗੇ ਅਤੇ ਪਹਿਲਾਂ ਵਾਲੇ ਸਾਰੇ ਬਦਲਦੇ ਰਹਿਣਗੇ। ਨੌਂ ਦੇ ਨੌਂ ਅੱਖਰਾਂ ਵਾਲ਼ਾ ਸ਼ਬਦ-ਕਾਫ਼ੀਆ ਬਹੁਤ ਘੱਟ ਵਰਤੋਂ ਵਿਚ ਆਉਂਦਾ ਹੈ। ਆਮ ਤੌਰ ਉੱਤੇ ਚਾਰ ਜਾਂ ਪੰਜ ਅੱਖਰਾਂ ਵਾਲ਼ੇ ਸ਼ਬਦ ਹੀ ਜ਼ਿਆਦਾ ਵਰਤੇ ਜਾਂਦੇ ਹਨ।

ਏਥੇ ਮੇਰਾ ਕਾਫ਼ੀਏ ਵਾਲੇ ਸ਼ਬਦ ਵਿਚ ਮੂਲ-ਅੱਖਰ ਨਿਸ਼ਚਿਤ ਕਰਨ ਵਾਲੇ ਉਸਤਾਦ ਸਾਹਿਬਾਨ ਨਾਲ਼ ਮਤਭੇਦ ਹੈ। ਨੌਂ ਅੱਖਰਾਂ ਵਾਲੇ ਫ਼ਾਰਮੂਲੇ ਅਨੁਸਾਰ ਉਸਤਾਦ ਸਾਹਿਬਾਨ ਕਿਸੇ ਸ਼ਬਦ ਵਿਚ ਪਹਿਲੇ ਅਬਦਲ ਅੱਖਰ ਤੋਂ ਅਗਲੇ ਅੱਖਰ ਜਾਂ ਦੀਰਘ ਲਗ ਨੂੰ ਮੂਲ ਅੱਖਰ ਮੰਨਦੇ ਹਨ। ਤਦੇ ਹੀ ਉਹ ਸ਼ੁਰੂ ਤੋਂ ਪੰਜਵੇ ਜਾਂ ਅਖੀਰੋਂ ਵਿਚਕਾਰ ਵੱਲ ਪੰਜਵੇਂ ਅੱਖਰ ਨੂੰ ਮੂਲ-ਅੱਖਰ ਮੰਨਦੇ ਹਨ ਪਰ ਮੈਂ ਕਿਸੇ ਵੀ ਦੋ ਇੱਕੋ ਜੇਹੇ ਦੋ ਸ਼ਬਦਾਂ ਵਿਚ ਪਹਿਲੇ ਅਬਦਲ ਅੱਖਰ ਜਾਂ ਦੀਰਘ ਲਗ ਨੂੰ ਮੂਲ-ਅੱਖਰ ਮੰਨਦਾ ਹਾਂ ਕਿਉਂਕਿ ਕਾਫ਼ਲੇ ਵਾਲੇ ਹਰ ਦੋ ਸ਼ਬਦਾਂ ਵਿਚ ਅੱਖਰਾਂ ਦੇ ਵਾਧ-ਘਾਟ ਦੀ ਵਜਾਹ



ਕਰਕੇ ਮੂਲ-ਅੱਖਰ ਅੱਗੇ-ਪਿੱਛੇ ਹੁੰਦਾ ਰਹਿਣਾ ਹੈ। ਜਿਸ ਤਰ੍ਹਾਂ ਸਿਰਫ਼ ਦੋ ਅੱਖਰਾਂ ਵਾਲ਼ੇ ਸ਼ਬਦਾਂ ਦਾ ਆਖਰੀ ਅੱਖਰ ਹੀ ਮੂਲ-ਅੱਖਰ ਹੋਵੇਗਾ। ਜਿਵੇਂ ਦਰ ਜਾਂ ਘਰ ਦੋਵੇਂ ਸ਼ਬਦ ਦੋ-ਦੋ ਅਖਰੇ ਹਨ ਇਨ੍ਹਾਂ ਸ਼ਬਦਾਂ ਦਾ ਆਖ਼ਰੀ ਅੱਖਰ ਰਾਰਾ ਅਬਦਲ ਹੈ ਅਤੇ ਪਹਿਲੇ ਅੱਖਰ ਦੱਦਾ ਅਤੇ ਘੱਘਾ ਚੱਲ ਜਾਂ ਬਦਲ ਗਏ ਹਨ ਸੋ ਦਰ ਅਤੇ ਘਰ ਵਿਚ ਰਾਰਾ ਹੀ ਮੂਲ ਅੱਖਰ ਹੋਵੇਗਾ ਜੋ ਮੇਰੇ ਫਾਰਮੂਲੇ ਅਨੁਸਾਰ ਚੱਲ ਅੱਖਰ ਤੋਂ ਬਾਅਦ ਪਹਿਲਾ ਅਚੱਲ ਭਾਵ ਨਾ ਬਦਲਣ ਵਾਲ਼ਾ ਅੱਖ਼ਰ ਹੈ। ਹੁਣ ਉਸਤਾਦ ਸਾਹਿਬਾਨ ਅਨੁਸਾਰ ਚੱਲ ਅੱਖਰ ਤੋਂ ਬਾਅਦ ਦੂਸਰਾ ਅਚੱਲ ਜਾਂ ਅਬਦਲ ਅੱਖਰ ਕਿਥੋਂ ਲਿਆਈਏ ਜਿਸਨੂੰ ਮੂਲ-ਅੱਖਰ ਮੰਨਿਆਂ ਜਾਵੇ। ਜੇ ਮੇਰੇ ਫ਼ਾਰਮੂਲੇ ਅਨੁਸਾਰ ਦੋ ਅੱਖਰੇ ਸ਼ਬਦ ਦਾ ਆਖ਼ਰੀ ਅੱਖਰ ਮੂਲ-ਅੱਖਰ ਹੈ ਤਾਂ ਇਸੇ ਫ਼ਾਰਮੂਲੇ ਅਨੁਸਾਰ ਤਿੰਨ ਅੱਖਰੇ ਸ਼ਬਦ ਦਾ ਪਿਛੋਂ ਦੂਜਾ ਅਬਦਲ ਅੱਖਰ ਜਾਂ ਲਗ ਮੂਲ-ਅੱਖਰ ਹੋਵੇਗਾ। ਚਾਰ ਅੱਖਰਾਂ ਵਾਲੇ ਸ਼ਬਦ ਵਿਚ ਪਿੱਛੋਂ ਤੀਜਾ, ਪੰਜ ਅੱਖਰਾਂ ਵਾਲੇ ਸ਼ਬਦ ਵਿਚ ਪਿਛੋਂ ਚੌਥਾ ਅਤੇ ਛੇ ਅੱਖਰਾਂ ਵਾਲੇ, ਸ਼ਬਦ ਵਿਚ ਪਿਛੋਂ ਪੰਜਵਾਂ ਅੱਖਰ ਮੂਲ-ਅੱਖਰ ਹੋਵੇਗਾ। ਇਸੇ ਤਰ੍ਹਾਂ ਅੱਖਰਾਂ ਦੀ ਵਧਦੀ ਗਿਣਤੀ ਦੇ ਅਨੁਸਾਰ ਪਿਛਲੇ ਪਾਸਿਓਂ ਇਕ-ਇਕ ਅੱਖਰ ਵਧਾ ਕੇ ਮੂਲ-ਅੱਖਰ ਦੀ ਨਿਸ਼ਾਨਦੇਹੀ ਕਰਦੇ ਜਾਉ। ਸਭ ਤੋਂ ਸੌਖਾ ਅਤੇ ਕਿਸੇ ਉਲਝਣ ਤੋਂ ਬਚਣ ਦਾ ਏਹੀ ਸੌਖਾ ਅਤੇ ਸਹੀ ਤਰੀਕਾ ਜਾਂ ਫ਼ਾਰਮੂਲਾ ਹੈ। ਮੇਰੇ ਇਸ ਫ਼ਾਰਮੂਲੇ ਅਨੁਸਾਰ ਉਸਤਾਦ ਸਾਹਿਬਾਨ ਦਾ ਨੌਂ ਅੱਖਰਾਂ ਵਾਲ਼ੇ ਸ਼ਬਦ ਵਿਚ ਅੱਗੋਂ ਜਾਂ ਪਿੱਛੋਂ ਪੰਜਵੇਂ ਅੱਖਰ ਨੂੰ ਮੂਲ-ਅੱਖਰ ਜਾਂ ਹਰਫ਼ੇ-ਰਵੀ ਮੰਨਣਾ ਠੀਕ ਨਹੀਂ ਲਗਦਾ। ਉਸਤਾਦ ਸਾਹਿਬਾਨ ਤੋਂ ਖ਼ਿਮਾ ਮੰਗਦੇ ਹੋਏ ਮੈਂ ਆਪਣੀ ਗੱਲ ਉਪਰ ਭਾਵ ਉਪਰ ਦੱਸੇ ਮੂਲ-ਅੱਖਰ ਖੋਜਣ ਦੇ ਤਰੀਕੇ ਉਪਰ ਹੀ ਪਹਿਰਾ ਦੇਵਾਂਗਾ। ਕੁਝ ਲੋਕ ਵਾ ਵੇਲਾ ਵੀ ਮਚਾਉਣਗੇ ਪਰ ਅਖ਼ੀਰ ਮੇਰੀ ਸੋਚ ਨਾਲ਼ ਸਹਿਮਤ ਹੋ ਜਾਣਗੇ। ਸਿਖਿਆਰਥੀਓ ! ਮੈਂ ਤੁਹਾਡੇ ਨਾਲ਼ ਵਾਅਦਾ ਕੀਤਾ ਸੀ ਗ਼ਜ਼ਲ ਦੇ ਰੂਪ-ਵਿਧਾਨ ਨੂੰ ਸੌਖਾ ਕਰਨ ਦਾ, ਉਸੇ ਅਨੁਸਾਰ ਮੂਲ-ਅੱਖਰ ਦੀ ਨਿਸ਼ਾਨਦੇਹੀ ਕਰਨ ਦਾ ਸੌਖਾ ਤਰੀਕਾ ਤੁਹਾਨੂੰ ਸੁਝਾ ਦਿੱਤਾ ਹੈ। ਕੁਝ ਮਿਸਾਲਾਂ ਪੇਸ਼ ਹਨ:-

ਦਰ, ਘਰ ਦਾ ਰਾਰਾ ਮੂਲ ਅੱਖਰ ਹੈ ਜੋ ਆਖ਼ਰੀ ਅੱਖਰ ਹੈ।

ਕਸਮ, ਖ਼ਸਮ ਦਾ ਸੱਸਾ ਮੂਲ ਅੱਖਰ ਹੈ, ਜੋ ਅਖੀਰੋਂ ਦੂਜਾ ਅੱਖਰ ਹੈ।

ਆਪਾਂ, ਜਾਪਾਂ ਦਾ ਪਹਿਲਾਂ ਕੰਨਾ ਮੂਲ-ਅੱਖਰ ਹੈ, ਜੋ ਅਖੀਰੋਂ ਤੀਜਾ ਅੱਖਰ ਹੈ।

ਵੇਲਣਾ, ਮੇਲਣਾ ਦਾ ਲਾਂ ਮੂਲ ਅੱਖਰ ਹੈ ਜੋ ਅਖੀਰੋਂ ਚੌਥਾ ਅੱਖਰ ਜਾਂ ਲਗ ਹੈ।

ਕਾਪੀਆਂ, ਥਾਪੀਆਂ ਦਾ ਪਹਿਲਾ ਕੰਨਾ ਮੂਲ ਅੱਖਰ ਹੈ ਜੋ ਅਖੀਰੋਂ ਪੰਜਵੀਂ ਦੀਰਘ ਲਗ ਹੈ।

ਏਸੇ ਤਰ੍ਹਾਂ ਬਾਕੀ ਦੇ ਸ਼ਬਦਾਂ ਵਿਚ ਇਹ ਤਰੀਕਾ ਅਪਣਾਇਆ ਜਾ ਸਕਦਾ ਹੈ। ਇਸ ਤਰੀਕੇ ਵਿਚ ਏਹੀ ਮੁੱਖ ਸ਼ਰਤ ਹੈ ਕਿ ਕਿਸੇ ਵੀ ਦੋ ਇੱਕੋ ਜੇਹੇ ਸ਼ਬਦਾਂ ਦਾ ਸਿਰਫ਼ ਪਹਿਲਾਂ ਜਾਂ ਮੁੱਢਲਾ ਅੱਖਰ ਹੀ ਚੱਲ ਭਾਵ ਬਦਲਣ ਵਾਲ਼ਾ ਹੋਵੇ ਬਾਕੀ ਦੇ ਪਿਛਲੇ ਸਾਰੇ ਅੱਖਰ ਦੋਹਾਂ ਕਾਫ਼ੀਆਂ ਵਿਚ ਇੱਕੋ ਜੇਹੇ ਭਾਵ ਅਬਦਲ ਹੋਣ। ਜੇ ਤੁਸੀਂ ਪਰਵਾਨੇ ਨਾਲ਼ ਮਸਤਾਨੇ ਸ਼ਬਦ ਦਾ ਕਾਫ਼ੀਆ ਕਰੋਗੇ ਤਾਂ ਮੂਲ-ਅੱਖਰ ਨਿਸ਼ਚਿਤ ਕਰਨ ਲਈ ਤੁਹਾਨੂੰ ਇਹ ਤਰੀਕਾ ਵਰਤਣਾ ਪਵੇਗਾ। ਇਸ ਤਰੀਕੇ ਅਨੁਸਾਰ ਦੋਵੇਂ ਸ਼ਬਦ ਹੇਠ-ਉੱਪਰ ਲਿਖ ਕੇ ਪਿਛਲੇ ਪਾਸਿਓਂ ਦੋਹਾਂ ਸ਼ਬਦਾਂ ਦੇ ਇਕ-ਇਕ ਉਪਰਲੇ ਅਤੇ ਹੇਠਲੇ ਅੱਖਰ ਨੂੰ ਮਿਲਾਉਂਦੇ ਜਾਓ ਜਿੱਥੇ ਜਾ ਕੇ ਅੱਖਰ ਮਿਲਣੋਂ ਹਟ ਗਏ ਉਹੀ ਉਨ੍ਹਾਂ ਸ਼ਬਦਾਂ ਦਾ ਮੂਲ ਅੱਖਰ ਹੋਵੇਗਾ। ਮਿਸਾਲ ਵੇਖੋ:-

ਪਰਵਾਨੇ, ਮਸਤਾਨੇ- ਇਨ੍ਹਾਂ ਦੋਹਾਂ ਸ਼ਬਦਾਂ ਵਿਚ ਕੰਨਾ ਹੀ ਆਖਰੀ ਲਗ ਜਾਂ ਅੱਖਰ ਹੈ ਜੋ ਦੋਹਾਂ ਸ਼ਬਦਾਂ ਵਿਚ ਮਿਲਿਆ ਹੈ। ਕੰਨੇ ਤੋਂ ਪਹਿਲੇ ਅੱਖਰ ਵਾਵਾ ਅਤੇ ਤੱਤਾ ਚੱਲ ਭਾਵ ਬਦਲਣ ਵਾਲੇ ਅੱਖਰ ਹਨ ਸੋ ਵਾਵੇ ਅਤੇ ਤੱਤੇ ਨੂੰ ਲੱਗਾ ਕੰਨਾ ਹੀ ਇਨ੍ਹਾਂ ਸ਼ਬਦਾਂ ਦਾ ਮੂਲ-ਅੱਖਰ ਹੋਇਆ। ਹੁਣ ਪਰਵਾਨੇ ਅਤੇ ਮਸਤਾਨੇ ਸ਼ਬਦਾਂ ਨੂੰ ਬਾਰ-ਬਾਰ ਬੋਲ ਕੇ ਵੇਖੋ। ਬੋਲਦੇ ਸਮੇਂ ਤੁਹਾਡੀ ਜ਼ੁਬਾਨ ਦਾ ਜ਼ਿਆਦਾ ਜ਼ੋਰ ਦੋਹਾਂ ਸ਼ਬਦਾਂ ਦੇ ਕੰਨਿਆਂ ਉਪਰ ਹੀ ਪਵੇਗਾ। ਇਸ ਤੋਂ ਵੀ ਇਹੀ ਸਿੱਟਾ ਨਿਕਲਿਆ ਕਿ ਕੰਨਾ ਹੀ ਪਰਵਾਨੇ ਅਤੇ ਮਸਤਾਨੇ ਸ਼ਬਦਾਂ ਦਾ ਮੂਲ-ਅੱਖਰ ਜਾਂ ਹਰਫ਼ੇ-ਰਵੀ ਹੈ। ਉਪਰਲੇ ਦੋਹਾਂ ਤਰੀਕਿਆਂ ਅਨੁਸਾਰ ਤੁਸੀਂ ਕਿਸੇ ਵੀ ਸ਼ਬਦ ਦਾ ਮੂਲ-ਅੱਖਰ ਨਿਸ਼ਚਿਤ ਕਰ ਸਕਦੇ ਹੋ। ਸੋ ਇਹ ਤੈਅ ਹੋਇਆ ਕਿ ਕਿਸੇ ਸ਼ਬਦ ਵਿਚ ਅੱਖਰਾਂ ਦੀ ਗਿਣਤੀ ਅਨੁਸਾਰ ਮੂਲ-ਅੱਖਰ ਅੱਗੇ-ਪਿੱਛੇ ਹੁੰਦਾ ਰਹਿੰਦਾ ਹੈ ਸਾਰੇ ਸ਼ਬਦਾਂ ਵਿਚ ਇਕੋ ਹੀ ਥਾਂ ਮੂਲ-ਅੱਖਰਾਂ ਲਈ ਨਿਸ਼ਚਿਤ ਨਹੀਂ ਹੈ। ਏਹੀ ਗੱਲ ਉਸਤਾਦ ਸਾਹਿਬਾਨ ਦੋ ਨੌਂ ਅੱਖਰਾਂ ਵਾਲੇ ਫ਼ਾਰਮੂਲੇ ਵਿਚ ਮੂਲ-ਅੱਖਰ ਨੂੰ ਨਿਸ਼ਚਿਤ ਕਰਨ ਵਾਰੇ ਬੇ-ਲੋੜੀ ਅਤੇ ਭੁਲੇਖਾ ਪਾਊ ਹੈ। ਉਸਤਾਦ ਸਾਹਿਬਾਨ ਤੋਂ ਫਿਰ ਖ਼ਿਮਾ-ਯਾਚਨਾ ਨਾਲ਼ ਆਪਣੀ ਕਹੀ ਹੋਈ ਗੱਲ ਦੀ ਜ਼ੋਰਦਾਰ ਤਾਈਦ ਕਰਦਾ ਹਾਂ। ਅਸੀਂ ਪੰਜਾਬੀ ਵਿਚ ਗ਼ਜ਼ਲ ਕਹਿਣੀ ਹੈ ਸੋ ਪੰਜਾਬੀ ਸੁਭਾਅ ਅਨੁਸਾਰ ਮੂਲ-ਅੱਖਰ ਲੱਭਣ ਲਈ ਉਪਰੋਕਤ ਦੋਹਾਂ ਤਰੀਕਿਆਂ ਤੋਂ ਵਧੀਆ ਅਤੇ ਸੌਖਾ ਤਰੀਕਾ ਹੋਰ ਕੋਈ ਨਹੀਂ ਹੈ। ਅਰਬੀ/ਫ਼ਾਰਸੀ ਵਾਲ਼ਾ ਤਰੀਕਾ ਪੰਜਾਬੀ ਸ਼ਬਦ-ਕਾਫ਼ੀਏ ਉੱਪਰ ਲਾਗੂ ਹੋ ਹੀ ਨਹੀਂ ਸਕਦਾ। ਕਾਫ਼ੀਏ ਦੇ ਹਰ ਅੱਖਰ ਦਾ ਨਾਮ ਵੀ ਐਵੇ ਬੇਲੋੜਾ ਭਾਰ ਹੀ ਹੈ ਸਿਖਾਂਦਰੂ ਗ਼ਜ਼ਲਕਾਰਾਂ ਉੱਤੇ। ਸੋ ਜ਼ਿਆਦਾ ਵਿਸਥਾਰ ਅਤੇ ਬੇਲੋੜੀ ਜਾਣਕਾਰੀ ਛੱਡ ਦਿੱਤੀ ਗਈ ਹੈ।



# ਕਾਂਡ - 1 - ਕ
# ਰਦੀਫ਼

ਕਿਸੇ ਸ਼ਿਅਰ ਵਿਚ ਕਾਫ਼ੀਏ ਤੋਂ ਪਿੱਛੋਂ ਆਉਣ ਵਾਲੇ ਸ਼ਬਦ ਜੋ ਇਕ ਜਾਂ ਇਕ ਤੋਂ ਵੱਧ ਵੀ ਹੋ ਸਕਦੇ ਹਨ ਉਨ੍ਹਾਂ ਨੂੰ ਗ਼ਜ਼ਲ ਦੀ ਭਾਸ਼ਾ ਵਿਚ ਰਦੀਫ਼ ਕਿਹਾ ਜਾਂਦਾ ਹੈ। ਅਰਬੀ ਵਿਚ ਰਦੀਫ਼ ਦੇ ਅਰਥ ਚਾਹੇ ਕੁਝ ਵੀ ਹੋਣ ਪਰ ਸਾਡੀ ਭਾਸ਼ਾ ਵਿਚ ਕਾਫ਼ੀਏ ਤੋਂ ਪਿੱਛੋਂ ਆਉਣ ਵਾਲੇ ਅਤੇ ਹਰ ਦੂਸਰੇ ਮਿਸਰੇ ਵਿਚ ਇੰਨ-ਬਿੰਨ ਦੁਹਰਾਏ ਜਾਂਦੇ ਸ਼ਬਦਾਂ ਨੂੰ ਰਦੀਫ਼ ਕਿਹਾ ਜਾਂਦਾ ਹੈ। ਆਪਾਂ ਅਰਬੀ ਭਾਸ਼ਾ ਦੇ ਕਿਸੇ ਵੀ ਸ਼ਬਦ ਦੇ ਅਰਥਾਂ ਵੱਲ ਨਾ ਜਾਈਏ ਸਗੋਂ ਇਨ੍ਹਾਂ ਸ਼ਬਦਾਂ ਦੀ ਕਾਵਿਕ ਗੁਣਵੱਤਾ ਅਤੇ ਕੰਮ ਨੂੰ ਹੀ ਧਿਆਨ ਵਿਚ ਰੱਖੀਏ, ਇਸੇ ਲਈ ਮੈਂ ਇਸ ਕਿਤਾਬ ਵਿਚੋਂ ਬੇਲੋੜਾ ਸਭ ਕੁਝ ਝਾੜ ਦਿੱਤਾ ਹੈ। ਇਸ ਤਰ੍ਹਾਂ ਦੇ ਸਾਰੇ ਕੁਝ ਦਾ ਵਰਨਣ ਕਰਨਾ ਸਿਰਫ਼ ਲਿਖਾਰੀ ਦੇ ਇਹ ਦਰਸਾਉਣ ਲਈ ਹੀ ਹੈ ਕਿ ਮੈਂ ਗ਼ਜ਼ਲ ਦਾ ਜਾਂ ਅਰੂਜ਼ ਦਾ ਉਸਤਾਦ ਹਾਂ ਹੋਰ ਕੁਝ ਨਹੀਂ। ਇਸ ਦਾ ਗ਼ਜ਼ਲ ਦੀ ਕਾਵਿ-ਕਲਾ ਨਾਲ਼ ਕੋਈ ਸੰਬੰਧ ਨਹੀਂ ਹੈ। ਆਪਾਂ ਗ਼ਜ਼ਲਗੋਅ ਬਣਨਾ ਹੈ ਨਾ ਕਿ ਗ਼ਜ਼ਲ ਅਰੂਜ਼ੀਏ। ਅਜਿਹੀਆਂ ਗੱਲਾਂ ਅਰੂਜ਼ੀਆਂ ਨੂੰ ਮੁਬਾਰਿਕ। ਇਕ ਹੋਰ ਗੱਲ ਤੁਹਾਨੂੰ ਏਥੇ ਦੱਸ ਦੇਵਾਂ ਕਿ ਅਰੂਜ਼ ਦੇ ਮੁਢਲੇ ਨਿਰਮਾਤਾ ਸ੍ਰੀ ਖ਼ਲੀਲ ਬਿਨ ਅਹਿਮਦ ਜੀ ਦੀ ਇਕ ਵੀ ਗ਼ਜ਼ਲ ਨਹੀਂ ਮਿਲ਼ਦੀ। ਉਨ੍ਹਾਂ ਨੇ ਸਿਰਫ਼ ਗ਼ਜ਼ਲ ਦੇ ਰੁਕਨ, ਚਾਲਾਂ ਯਾਨੀ ਬਹਿਰਾਂ ਅਤੇ ਨਿਯਮ ਹੀ ਬਣਾਏ ਹਨ ਖ਼ੁਦ ਕੋਈ ਗ਼ਜ਼ਲ ਨਹੀਂ ਲਿਖੀ। ਏਸੇ ਤਰ੍ਹਾਂ ਪਿੰਗਲ ਅਤੇ ਅਰੂਜ਼ ਨਾਮੀਂ ਪੁਸਤਕ ਦੇ ਲਿਖਾਰੀ ਸਵਰਗੀ ਪ੍ਰੋਫ਼ੈਸਰ ਜੁਗਿੰਦਰ ਸਿੰਘ ਜੀ ਦੀ ਵੀ ਲਿਖੀ ਹੋਈ ਕੋਈ ਗ਼ਜ਼ਲ ਨਹੀਂ ਮਿਲਦੀ। ਇਹ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਅਰੂਜ਼ ਅਤੇ ਗ਼ਜ਼ਲਗੋਈ ਦੇ ਵੱਖ-ਵੱਖ ਚੀਜ਼ਾਂ ਹਨ। ਸਾਇੰਸਦਾਨ ਜਿਹੜੀਆਂ ਚੀਜਾਂ ਦੀ ਕਾਢ ਕਢਦੇ ਹਨ ਉਨ੍ਹਾਂ ਤੋਂ ਆਉਣ ਵਾਲੇ ਲੋਕ ਹੀ ਲਾਭ ਉਠਾਉਂਦੇ ਹਨ ਖ਼ੁਦ ਸਾਇੰਸਦਾਨ ਨਹੀਂ। ਅੱਜ ਅਸੀਂ ਵੀ ਅਰੂਜ਼ ਦੀ ਕਾਢ ਤੋਂ ਲਾਭ ਉਠਾ ਰਹੇ ਹਾਂ ਅਤੇ ਅਰੂਜ਼ ਦੇ ਕਾਢੀ ਨੂੰ ਨਤਮਤਸਕ ਹਾਂ।

ਰਦੀਫ਼ ਆਮ ਤੌਰ ਉੱਤੇ ਸ਼ਿਅਰ ਵਿਚ ਕਾਫ਼ੀਏ ਤੋਂ ਬਾਅਦ ਹੀ ਆਉਂਦੀ ਹੈ ਪਰ ਕੋਈ-ਕੋਈ ਦੋ ਕਾਫ਼ੀਆਂ ਦੇ ਵਿਚਾਲ਼ੇ ਵੀ ਰਦੀਫ਼ ਸ਼ਾਇਰ ਲੈ ਆਉਂਦੇ ਹਨ। ਸਿਰਫ਼ ਵਿਲੱਖਣਤਾ ਪੈਦਾ ਕਰਨ ਲਈ। ਕਾਫ਼ੀਏ ਵਾਲੇ ਕਾਂਡ ਵਿਚ ਤੁਸੀਂ ਇਸਦਾ ਵਰਨਣ ਪੜ੍ਹ ਚੁੱਕੇ ਹੋ। ਉਹੀ ਘੜਿਆ ਹੋਇਆ ਸ਼ਿਅਰ ਮੈਂ ਫੇਰ ਏਥੇ ਦਰਜ਼ ਕਰਦਾ ਹਾਂ:-

ਕੀ ਕਰੋਗੇ ਠੌਰ ਕੇ ?
ਜੀ ਲਵੋਗੇ ਤੌਰ ਕੇ ?

ਇਨ੍ਹਾਂ ਦੋਹਾਂ ਮਿਸਰਿਆਂ ਵਿਚ ਗੇ ਅਤੇ ਕੇ ਸ਼ਬਦ ਰਦੀਫ਼ਾਂ ਹਨ। ਕੀ-ਜੀ, ਕਰੋ-ਲਵੋ, ਠੋਰ-ਤੋਰ ਕਾਫ਼ੀਏ ਹਨ। ਹੁਣ ਇਨ੍ਹਾਂ ਦੋਹਾਂ ਮਿਸਰਿਆਂ ਵਿਚ ਗੇ ਸ਼ਬਦ ਦੀ ਰਦੀਫ਼ ਦੋ ਕਾਫ਼ੀਆਂ ਕਰੋ ਅਤੇ ਠੋਰ ਜਾਂ ਲਵੋ ਅਤੇ ਤੋਰ ਸ਼ਬਦਾਂ ਦੇ ਵਿਚਾਲ਼ੇ ਆ ਗਈ ਹੈ ਅਤੇ ਕੇ ਸ਼ਬਦ ਵਾਲ਼ੀ ਰਦੀਫ਼ ਦੋਹਾਂ ਮਿਸਰਿਆਂ ਦੇ ਅੰਤ ਉੱਤੇ ਆ ਗਈ ਹੈ। ਜਿਸ ਨਾਲ਼ ਵਿਲੱਖਣਤਾ ਅਤੇ ਜਦੀਦੀਅਤ ਪੈਦਾ ਹੋ ਗਈ ਹੈ। ਹੁਣ ਮਿਸਰੇ ਦੇ ਅੰਤ ਵਿਚ ਆਉਣ ਵਾਲ਼ੀ ਛੋਟੀ ਜਾਂ ਵੱਡੀ ਰਦੀਫ਼ ਵੱਲ ਚਲਦੇ ਹਾਂ:-

ਪਾਣੀਆਂ ਵਿਚ ਖ਼ੁਰ ਗਏ ਹਾਂ।

ਪੱਥਰਾਂ ਥੀਂ ਭੁਰ ਗਏ ਹਾਂ।

ਇਹ ਮਿਸਰੇ ਵੀ ਹੁਣ ਘੜੇ ਹਨ। ਖ਼ੁਰ-ਭੁਰ ਸ਼ਬਦਾਂ ਵਿਚ ਆਉਣ ਵਾਲ਼ਾ ਔਕੜ ਹੀ ਹਰਫ਼ੇ-ਰਵੀ ਹੈ ਅਤੇ ਖੁਰ-ਭੁਰ ਸ਼ਬਦ ਦੇ ਰਾਰੇ ਸਵੇ ਬਾਅਦ ਵਿਚ ਆਉਣ ਵਾਲੇ ਸਾਰੇ ਸ਼ਬਦ ਰਦੀਫ਼ ਹਨ। ਪੂਰੀ ਰਦੀਫ਼ ਇੰਝ ਹੋਈ। ਰ ਗਏ ਹਾਂ। ਇਹ ਰਦੀਫ਼ ਢਾਈ ਸ਼ਬਦੀ ਹੋ ਗਈ, ਕਿਉਂਕਿ ਖ਼ੁਰ-ਭੁਰ ਸ਼ਬਦਾਂ ਦਾ ਇਕੱਲਾ ਰਾਰਾ ਹੀ ਰਦੀਫ਼ ਵਿਚ ਸ਼ਾਮਿਲ ਹੋਇਆ ਹੈ ਅਤੇ ਅਗਲੇ ਦੋ ਸ਼ਬਦ (ਗਏ ਹਾਂ) ਪੂਰੇ ਹਨ। ਇਸ ਮਿਸਰੇ ਨੂੰ ਜੇ ਤੁਸੀਂ ਇੰਝ ਲਿਖੋ:

ਪਾਣੀਆਂ ਵਿਚ ਗਏ ਖੁਰ।

ਪੱਥਰਾਂ ਥੀ ਗਏ ਭੁਰ।

ਤਾਂ ਸ਼ਿਅਰ ਦੀ ਬਹਿਰ ਵੀ ਬਦਲ ਗਈ ਅਤੇ ਸ਼ਬਦਾਂ ਦੀ ਥਾਂ ਬਦਲਣ ਕਰਕੇ ਰਦੀਫ਼ ਖੁਰ-ਭੁਰ ਸ਼ਬਦਾਂ ਦਾ ਇਕੱਲਾ ਰਾਰਾ ਹੀ ਹੋ ਗਈ ਅਤੇ ਖੁਰ-ਭੁਰ ਦਾ ਔਕੜ ਕਾਫ਼ੀਆ ਬਣ ਗਿਆ। ਇਹ ਇਕ ਮਾਤਰੀ ਰਦੀਫ਼ ਹੈ, ਇਸ ਤੋਂ ਚੋਟੀ ਰਦੀਫ਼ ਹੋ ਹੀ ਨਹੀਂ ਸਕਦੀ। ਘੱਟੋ-ਘੱਟ ਇਕ ਮਾਤਰਾ ਰਦੀਫ਼ ਲਈ ਦਰਕਾਰ ਹੈ। ਲੰਬੀ ਰਦੀਫ਼ ਦੀ ਕੋਈ ਹੱਦ ਉਸਤਾਦਾਂ ਨੇ ਨਹੀਂ ਮਿਥੀ। ਪਰ ਲੰਬੀ ਰਦੀਫ਼ ਐਵੇਂ ਖ਼ਾਹਮਖ਼ਾਹ ਦਾ ਝੰਝਟ ਅਤੇ ਉਸਤਾਦੀ ਘੋਟਣ ਵਾਲ਼ੀ ਗੱਲ ਹੀ ਹੈ ਹੋਰ ਕੋਈ ਲਾਭ ਨਹੀਂ ਹੈ।

## ਕਾਂਡ - 1 - ਖ

## ਮਤਲਾ

ਪਿਆਰੇ ਸਿਖਿਆਰਥੀਓ! ਗ਼ਜ਼ਲ ਕਹਿਣ ਲਈ ਅਸੀਂ ਸਭ ਤੋਂ ਪਹਿਲਾਂ ਗ਼ਜ਼ਲ ਦਾ ਮਤਲਾ ਹੀ ਕਹਿੰਦੇ ਹਾਂ। ਇਹ ਮਤਲਾ ਹੀ ਸਾਰੀ ਗ਼ਜ਼ਲ ਦੀ ਜ਼ਮੀਨ ਜਾਂ ਕਾਫ਼ੀਆ ਅਤੇ ਕਾਫ਼ੀਏ ਵਿਚ ਹਰਫ਼ੇ-ਰਵੀ ਜਾਂ ਮੂਲ-ਅੱਖਰ ਅਤੇ ਗ਼ਜ਼ਲ ਦੀ ਰਦੀਫ਼



ਅਤੇ ਗ਼ਜ਼ਲ ਦੀ ਬਹਿਰ ਜਾਂ ਚਾਲ ਨਿਸ਼ਚਿਤ ਕਰਦਾ ਹੈ। ਪਿੱਛੋਂ ਆਉਣ ਵਾਲੇ ਸਾਰੇ ਸ਼ਿਅਰ ਹੀ ਇਸ ਮਤਲੇ ਰੂਪ ਘੋੜੇ ਦੀਆਂ ਸਵਾਰੀਆਂ ਵਾਂਗ ਹੀ ਹੁੰਦੇ ਹਨ। ਜੋ ਖ਼ਿਆਲ ਅਤੇ ਸ਼ਬਦਾਂ ਤੋਂ ਬਿਨਾ ਬਾਕੀ ਹਰ ਤਰ੍ਹਾਂ ਨਾਲ਼ ਇੱਕੋ-ਜੇਹੇ ਹੀ ਹੁੰਦੇ ਹਨ। ਗੀਤ ਵਿਚ ਪਹਿਲੇ ਸ਼ਿਅਰ ਨੂੰ ਮੁਖੜਾ ਜਾਂ ਅਸਥਾਈ ਕਿਹਾ ਜਾਂਦਾ ਹੈ ਅਤੇ ਮਗਰੋਂ ਆਉਣ ਵਾਲੇ ਸ਼ਿਅਰਾਂ ਨੂੰ ਅੰਤਰੇ, ਪਰ ਗ਼ਜ਼ਲ ਦੇ ਕਾਢੂ ਸ਼ਾਇਰ ਖ਼ਲੀਲ ਬਿਨ ਅਹਿਮਦ ਜੀ ਨੇ ਗ਼ਜ਼ਲ ਦੇ ਮੁਖੜੇ ਵਾਲੇ ਸ਼ਿਅਰ ਨੂੰ ਮਤਲਾ ਕਿਹਾ ਹੈ। ਜਿਸਦਾ ਅਰਥ ਸ਼ੁਰੂਆਤ ਹੈ ਭਾਵੇਂ ਇਸ ਦੇ ਅਰਥ ਉਦੈ ਹੋਣਾ ਜਾਂ ਨਿਕਲਣਾ ਵੀ ਹੋ ਸਕਦੇ ਹਨ ਜਿਵੇਂ ਸੂਰਜ ਨਿਕਲਦਾ ਹੈ ਤਾਂ ਹਨੇਰਾ ਛਟ ਜਾਂਦਾ ਹੈ ਬਿਲਕੁਲ ਏਸੇ ਤਰ੍ਹਾਂ ਮਤਲਾ ਕਹਿਣ ਤੋਂ ਬਾਅਦ ਅਗਲਾ ਸਭ ਕੁਝ ਸਾਫ਼ ਅਤੇ ਸਪੱਸ਼ਟ ਹੋ ਜਾਂਦਾ ਹੈ। ਸੋ ਸਾਫ਼ ਹੋਇਆ ਕਿ ਕਿਸੇ ਗ਼ਜ਼ਲ ਦਾ ਮਤਲਾ ਹੀ ਉਹ ਗਾਡੀ-ਰਾਹ ਹੈ। ਜਿਸ ਦੇ ਉਪਰ ਅਗਲੇ ਸਾਰੇ ਸ਼ਿਅਰਾਂ ਨੇ ਤੁਰਨਾ ਹੁੰਦਾ ਹੈ।

ਪਿਛਲੇ ਕਿਸੇ ਕਾਂਡ ਵਿਚ ਮੈਂ ਇਹ ਕਿਹਾ ਸੀ ਕਿ ਵਿਚ-ਵਿਚ ਮੈਂ ਆਪਣੇ ਤਜ਼ਰਬੇ 'ਤੇ ਅਧਾਰਿਤ ਗੱਲਾਂ ਵੀ ਲਿਖਾਂਗਾ। ਮੇਰਾ ਇਕ ਤਜਰਬਾ ਹਾਜ਼ਿਰ ਹੈ। ਜੇ ਤਾਂ ਤੁਹਾਨੂੰ ਕੁਦਰਤੀ ਹੀ ਕੋਈ ਮਤਲਾ ਫ਼ੁਰ ਜਾਂਦਾ ਹੈ ਭਾਵ ਨਾਜ਼ਿਲ ਹੋ ਜਾਂਦਾ ਹੈ ਤਾਂ ਚੰਗੀ ਗੱਲ ਹੈ ਪਰ ਕਈ ਵਾਰ ਕਿਸੇ ਦੂਸਰੇ ਵਲੋਂ ਤੁਹਾਨੂੰ ਕੋਈ ਮਿਸਰਾ ਦੇ ਕੇ ਕਿਹਾ ਜਾਂਦਾ ਹੈ ਕਿ ਇਸ ਮਿਸਰੇ ਉਪਰ ਗ਼ਜ਼ਲ ਕਰੋ। ਏਥੇ ਇਕ ਗੱਲ ਹੋਰ ਵੀ ਤੁਹਾਨੂੰ ਸਪੱਸ਼ਟ ਕਰ ਦਿਆਂ ਕਿ ਗ਼ਜ਼ਲ ਲਿਖਣ ਦੀ ਪਰਕਿਰਿਆ ਨੂੰ ਗ਼ਜ਼ਲ ਕਹਿਣਾ ਕਿਹਾ ਜਾਂਦਾ ਹੈ ਗ਼ਜ਼ਲ ਲਿਖਣਾ ਨਹੀਂ। ਕਿਉਂਕਿ ਲਿਖਿਆ ਸੋਚ ਸਮਝ ਕੇ ਜਾਂਦਾ ਹੈ ਪਰ ਕਿਹਾ ਉਹ ਜਾਂਦਾ ਹੈ ਜੋ ਤੁਹਾਡੇ ਮਨ ਵਿਚ ਆ ਜਾਵੇ। ਖ਼ੈਰ ਆਪਾਂ ਅਸਲੀ ਗੱਲ ਵੱਲ ਆਉਂਦੇ ਹਾਂ। ਦਿੱਤੇ ਹੋਏ ਮਿਸਰੇ ਜਾਂ ਸੁੱਝੇ ਹੋਏ ਮਿਸਰੇ ਦਾ ਕਾਫ਼ੀਆ ਅਤੇ ਹਰਫ਼ੇ-ਰਵੀ ਆਪਣੇ ਦਿਮਾਗ਼ ਵਿਚ ਨਿਸ਼ਚਿਤ ਕਰਕੇ ਕਾਫ਼ੀਏ ਨਾਲ਼ ਮਿਲ਼ਦੇ-ਜੁਲਦੇ ਸਾਰੇ ਸ਼ਬਦ ਉ ਤੋਂ ਝਾੜੇ ਤੀਕ ਇਕ ਕਾਗਜ਼ ਉਪਰ ਲਿਖ ਲਵੋ। ਅਰਥਾਂ ਵਾਲੇ ਵੀ ਅਤੇ ਨਿਰਾਰਥਕ ਵੀ। ਇਹਨਾਂ ਕਾਫ਼ੀਆਂ ਵਾਲੇ ਸ਼ਬਦਾਂ ਨੂੰ ਦੁਬਾਰਾ ਘੋਖੋ ਅਤੇ ਨਿਰਾਰਥਕ ਸ਼ਬਦਾਂ ਨੂੰ ਕਟਦੇ ਜਾਵੋ ਜਾਂ ਤੁਸੀਂ ਪਹਿਲਾਂ ਹੀ ਨਿਰਾਰਥਕ ਸ਼ਬਦ ਨਾ ਲਿਖੋ ਬਾਕੀ ਅਰਥਾਂ ਵਾਲੇ ਸ਼ਬਦਾਂ ਨੂੰ ਚੁਣ ਕੇ ਨਿਸ਼ਾਨ ਲਗਾ ਲਵੋ ਕਿ ਕਿਹੜੇ-ਕਿਹੜੇ ਸ਼ਬਦ ਨਾਲ਼ ਨਵੀਂ ਅਤੇ ਵਧੀਆ ਗੱਲ ਕਹੀ ਜਾ ਸਕਦੀ ਹੈ। ਇਹ ਗੱਲ ਸਾਫ਼ ਹੈ ਕਿ ਮੁਕਾਬਲੇ ਦੇ ਇਸ ਯੁਗ ਵਿਚ ਨਵੇਂ ਖ਼ਿਆਲ ਦਾ ਹੀ ਮੁੱਲ ਹੈ, ਪੁਰਾਣੇ ਨੂੰ ਕੋਈ ਨਹੀਂ ਪੁੱਛਦਾ। ਨਿਸ਼ਾਨ ਲਗਾਏ ਹੋਏ ਸ਼ਬਦਾਂ ਵਿਚੋਂ ਓਨੇ ਕੁ ਸ਼ਬਦ ਚੁਣ ਲਵੋ ਜਿੰਨੇ ਕੁ ਸ਼ਿਅਰ ਤੁਸੀਂ ਕਹਿਣੇ ਹਨ। ਮੇਰੇ ਖ਼ਿਆਲ ਵਿਚ ਇਕ ਸਿਖਿਆਰਥੀ ਨੂੰ ਪੰਜ ਤੋਂ ਸੱਤ ਤੀਕ ਸ਼ਿਅਰ ਹੀ ਕਹਿਣੇ ਚਾਹੀਦੇ ਹਨ। ਵੈਸੇ ਉਸਤਾਦਾਂ ਨੇ ਉਨੀ ਤੀਕ ਗ਼ਜ਼ਲ ਦੇ ਸ਼ਿਅਰਾਂ ਦੀ ਗਿਣਤੀ ਮਿਥੀ ਹੈ। ਇਸ ਤਂ ਜ਼ਿਆਦਾ ਤਾਂ ਗ਼ਜ਼ਲ ਨਾ ਹੋ ਕੇ ਕਵਿਤਾ (ਗ਼ਜ਼ਲੇਟਾ) ਹੀ ਬਣ ਜਾਂਦੇ ਹਨ।

ਵੈਸੇ ਕਈ ਲਿਖਾਰੀਆਂ ਨੇ ਉਸਤਾਦੀ ਵਿਖਾਉਣ ਲਈ ਇਕਾਹਟ (61) ਜਾਂ ਇਕ ਸੌ ਇਕਾਹਟ (161) ਸ਼ਿਅਰ ਵੀ ਲਿਖੇ ਹਨ ਸ਼ਾਇਦ ਕਈਆਂ ਨੇ ਇਸ ਤੋਂ ਵੀ ਵੱਧ ਲਿਖੇ ਹੋਣ ਪਰ ਖ਼ੂਬਸੂਰਤੀ ਘੱਟ ਤੋਂ ਘੱਟ ਸ਼ਿਅਰਾਂ ਵਿਚ ਹੀ ਹੈ। ਉਸਤਾਦਾਂ ਅਨੁਸਾਰ ਘੱਟ ਤੋਂ ਘੱਟ ਤਿੰਨ ਸ਼ਿਅਰ ਹੋ ਸਕਦੇ ਹਨ। ਇਕ ਮਤਲਾ, ਇਕ ਸ਼ਿਅਰ ਅਤੇ ਇਕ ਮਕਤਾ। ਗ਼ਜ਼ਲ ਪੂਰੀ ਹੈ ਕਿਉਂਕਿ ਗਾਉਣ ਵਾਲੇ ਤਿੰਨ, ਚਾਰ ਜਾਂ ਵੱਧ ਤੋਂ ਵੱਧ ਪੰਜ ਸ਼ਿਅਰ ਹੀ ਮਿਥੇ ਸਮੇਂ ਵਿਚ ਰਿਕਾਰਡ ਕਰਵਾ ਸਕਦੇ ਹਨ, ਹਾਂ ਮੰਚ ਉੱਪਰ ਸਮੇਂ ਦੀ ਪਾਬੰਦੀ ਜ਼ਿਆਦਾ ਨਹੀਂ ਹੁੰਦੀ ਉਦੋਂ ਗਵੱਈਆਂ ਸਰੋਤਿਆਂ ਦਾ ਸੁਣਨ ਦਾ ਰੁਖ਼ ਵੇਖ ਕੇ ਵੱਧ ਸ਼ਿਅਰ ਵੀ ਗਾ ਸਕਦਾ ਹੈ। ਹੁਣ ਤੁਸੀਂ ਚੁਣੇ ਹੋਏ ਕਾਫ਼ੀਆਂ ਦੇ ਸ਼ਬਦਾਂ ਨੂੰ ਲੈ ਕੇ ਸ਼ਿਅਰ ਕਹਿਣੇ ਸ਼ੁਰੂ ਕਰੋ। ਇਸ ਦਾ ਨੁਕਤਾ ਇਹ ਹੈ ਕਿ ਦੱਸੇ ਹੋਏ ਵਿਸ਼ੇ ਲਈ ਕਾਫ਼ੀਆ ਨਿਰਧਾਰਤ ਕਰਕੇ ਕਾਫ਼ੀਏ ਦੇ ਸਾਰੇ ਸ਼ਬਦ ਲਿਖੋ, ਫੇਰ ਉਹਨਾਂ ਵਿਚੋਂ ਦੋ ਨੇੜ ਦਾ ਅਰਥ ਰੱਖਣ ਵਾਲੇ ਸ਼ਬਦ ਚੁਣੋ ਅਤੇ ਗ਼ਜ਼ਲ ਦਾ ਮਤਲਾ ਕਰੋ। ਬਾਕੀ ਸ਼ਬਦਾਂ ਵਿੱਚੋਂ ਵਧੀਆ ਖ਼ਿਆਲ ਸਿਰਜਦੇ ਸ਼ਬਦ ਚੁਣ ਕੇ ਸ਼ਿਅਰ ਕਰੋ। ਗ਼ਜ਼ਲ ਪਿਆਰੀ ਅਤੇ ਦਿਲ ਨੂੰ ਧੂਹ ਪਾਉਣ ਵਾਲ਼ੀ ਹੋਵੇਗੀ ਅਤੇ ਵਾਹ-ਵਾਹ ਵੀ ਖੱਟੇਗੀ। ਮੈਂ ਤਾਂ ਆਪਣੇ ਸ਼ੁਰੂਆਤੀ ਦੌਰ ਵਿਚ ਇਵੇਂ ਹੀ ਕਰਦਾ ਰਿਹਾ ਹਾਂ। ਇਹ ਮੇਰੀ ਤਕਨੀਕ ਹੈ ਜੋ ਅਭਿਆਸੀ ਸਮੇਂ ਲਈ ਕਾਫ਼ੀ ਲਾਭਕਾਰੀ ਹੈ। ਪਰਪੱਕਤਾ ਆ ਜਾਣ ਦੀ ਸੂਰਤ ਵਿਚ ਕਿਸੇ ਤਕਨੀਕ ਦੀ ਲੋੜ ਨਹੀਂ ਪੈਂਦੀ, ਸ਼ਿਅਰ ਆਪਣੇ ਆਪ ਹੀ ਫੁਰਦੇ, ਪਲਦੇ, ਰੜ੍ਹਦੇ ਅਤੇ ਕਾਗਜ਼ ਦੀ ਹਿੱਕ ਉੱਤੇ ਉਤਰਦੇ ਚਲੇ ਜਾਂਦੇ ਹਨ।

ਕਿਸੇ ਗ਼ਜ਼ਲ ਵਿਚ ਇਕ ਤੋਂ ਜ਼ਿਆਦਾ ਮਤਲੇ ਵੀ ਹੋ ਸਕਦੇ ਹਨ, ਕੋਈ ਬੰਦਿਸ਼ ਨਹੀਂ ਹੈ। ਪਹਿਲੇ ਮਤਲੇ ਤੋਂ ਬਾਅਦ ਆਉਣ ਵਾਲੇ ਸਾਰੇ ਮਤਲਿਆਂ ਨੂੰ ਉਰਦੂ, ਅਰਬੀ, ਫ਼ਾਰਸੀ ਵਾਲੇ ਸ਼ਾਇਰ ਹੁਸਨੇ ਮਤਲਾ ਕਹਿ ਲੈਂਦੇ ਹਨ ਪਰ ਪੰਜਾਬੀ ਵਿਚ ਅਸੀਂ ਮਤਲਾ-ਸਾਨੀ ਕਹਿੰਦੇ ਹਾਂ। ਬੈਸੇ ਸਾਨੀ ਦਾ ਮਤਲਬ ਬਰਾਬਰ ਦਾ ਹੁੰਦਾ ਹੈ। ਦੂਜੇ ਮਤਲੇ ਤੋਂ ਬਾਅਦ ਵਾਲੇ ਸਾਰੇ ਮਤਲਿਆਂ ਨੂੰ ਮਤਲਾ-ਸਾਨੀ ਜਾਂ ਹੁਸਨੇ-ਮਤਲਾ ਹੀ ਕਿਹਾ ਜਾਂਦਾ ਹੈ। ਹਾਂ ਸਟੇਜ ਉਪਰ ਪੜ੍ਹਨ ਸਮੇਂ ਪਹਿਲਾ ਮਤਲਾ ਸਾਨੀ, ਦੂਜਾ ਮਤਲਾ ਸਾਨੀ, ਤੀਜਾ ਮਤਲਾ ਸਾਨੀ ਆਦਿ ਕਿਹਾ ਜਾ ਸਕਦਾ ਹੈ। ਕਈ ਵਾਰ ਤਾਂ ਮਤਲਾ-ਸਾਨੀ ਪਹਿਲੇ ਮਤਲੇ ਵਿਚ ਦਰਸਾਏ ਖ਼ਿਆਲ ਦੀ ਹੀ ਪਰੋੜਤਾ ਕਰਦਾ ਹੈ ਪਰ ਕਈ ਵਾਰ ਭਿੰਨ ਖ਼ਿਆਲ ਵੀ ਪਰਗਟਾਉਂਦਾ ਹੈ ਅਜੇਹਾ ਮਤਲੇ ਦਾ ਨਵਾਂਪਨ ਦਰਸਾਉਣ ਲਈ ਕੀਤਾ ਜਾਂਦਾ ਹੈ। ਕਈ ਵਾਰ ਇੱਕੋ ਸ਼ਬਦ ਨਾਲ਼ ਮਤਲਾ ਕਿਹਾ ਜਾਂਦਾ ਹੈ ਪਰ ਤਾਂ ਹੀ ਜੇ ਦੂਸਰੇ ਮਿਸਰੇ ਵਿਚ ਕਾਫ਼ੀਏ ਦੇ ਸ਼ਬਦ ਦੀ ਅਰਥ ਕੁਝ ਹੋਰ ਹੋਵੇ। ਇੱਕੋ ਅਰਥ ਪਰਗਟਾਉਂਦਾ ਕਾਫ਼ੀਆ ਇਕ ਵਾਰ ਹੀ ਵਰਤਣਾ ਚਾਹੀਦਾ ਹੈ। ਅਰਥ ਬਦਲ ਕੇ ਦੂਸਰੀ ਵਾਰ ਕਿਸੇ ਸ਼ਿਅਰ ਜਾਂ ਮਤਲੇ-ਸਾਨੀ ਵਿਚ ਵਰਤਣ ਦੀ ਮਨਾਹੀ ਨਹੀਂ ਹੈ। ਮਿਸਾਲ ਵੇਖੋ:



ਇਹ ਭੈੜਾ ਦਿਲ ਇਵੇਂ ਦੁਖੜੇ ਸਹੇ।
ਜਿਵੇਂ ਸਹਿੰਦੇ ਨੇ ਖੇਤਾਂ ਵਿਚ ਸਹੇ।

ਸਿਖਿਆਰਥੀਓ! ਉਪਰੋਕਤ ਸ਼ਿਅਰ ਵੀ ਤੁਹਾਨੂੰ ਮਿਸਾਲ ਦੇਣ ਲਈ ਹੀ ਘੜਿਆ ਹੈ ਉਂਝ ਇਸ ਦੀ ਕੋਈ ਮਹੱਤਤਾ ਨਹੀਂ ਹੈ। ਦੋਹਾਂ ਮਿਸਰਿਆਂ ਵਿਚ ਆਏ ਆਖ਼ਰੀ ਸ਼ਬਦ ਸਹੇ ਦੇ ਦੂਜੀ ਵਾਰੀ ਆਉਣ ਉੱਤੇ ਅਰਥ ਬਦਲ ਗਏ ਹਨ। ਪਹਿਲੀ ਵਾਰੀ ਸਹੇ ਦਾ ਅਰਥ ਸਹਿਣਾ ਭਾਵ ਜਰਨਾ ਹੈ ਅਤੇ ਦੂਜੀ ਵਾਰ ਖ਼ਰਗੋਸ਼ ਜਾਨਵਰ ਦਾ ਪਰਤੀਕ ਹੋ ਗਿਆ ਹੈ। ਇੰਝ ਕਾਫ਼ੀਏ ਦੇ ਅਰਥਾਂ ਵਿਚ ਨਵੀਨਤਾ ਆ ਗਈ ਪਰ ਕਾਵ-ਕਲਾ ਪੱਖੋਂ ਇਹ ਘੜਿਆ ਹੋਇਆ ਸ਼ਿਅਰ ਨਿਰਾਰਥਕ ਹੀ ਹੈ। ਇਕ ਹੋਰ ਗੱਲ ਉਪਰੋਕਤ ਮਿਸਰਿਆਂ ਦੇ ਅੰਤ ਵਿਚ ਆਏ ਸ਼ਬਦ ਸਹੇ ਨੂੰ ਲੱਗੀ ਲਾਂ ਕਾਫ਼ੀਏ ਅਤੇ ਰਦੀਫ਼ ਦੋਹਾਂ ਦਾ ਕੰਮ ਦੇ ਰਹੀ ਹੈ। ਕੋਈ ਵੱਖਰੀ ਰਦੀਫ਼ ਇਨ੍ਹਾਂ ਮਿਸਰਿਆਂ ਵਿਚ ਨਹੀਂ ਹੈ। ਇਸ ਤੋਂ ਇਹ ਗੱਲ ਵੀ ਸਾਬਤ ਹੋ ਜਾਂਦੀ ਹੈ ਕਿ ਬਿਨਾ ਰਦੀਫ਼ ਤੋਂ ਵੀ ਗ਼ਜ਼ਲ ਹੋ ਸਕਦੀ ਹੈ, ਪਰ ਰਦੀਫ਼ ਵਾਲ਼ੀ ਗ਼ਜ਼ਲ ਸੋਨੇ ਉਪਰ ਸੁਹਾਗਾ ਦੇ ਕਥਨ ਅਨੁਸਾਰ ਇਕ ਮਿਆਰੀ ਅਤੇ ਉੱਚ ਪਾਏ ਦੀ ਗ਼ਜ਼ਲ ਹੁੰਦੀ ਹੈ। ਜੇ ਕਿਤੇ ਕਿਸੇ ਸ਼ਿਅਰ ਵਿਚ ਰਦੀਫ਼ ਦੇ ਵੀ ਅਰਥ ਬਦਲ ਜਾਣ ਤਾਂ ਸੋਨੇ ਉਪਰ ਸੁਹਾਗਾ ਹੀ ਨਹੀਂ ਸਗੋਂ ਮੁੰਦਰੀ ਵਿਚ ਚਮਕਦਾ ਹੋਇਆ ਨਗ਼ ਵਰਗੀ ਆਭਾ ਬਣ ਜਾਂਦੀ ਹੈ ਉਸ ਸ਼ਿਅਰ ਦੀ ਪਰ ਇਸ ਤਰ੍ਹਾਂ ਦੀ ਕਲਾ ਕੋਈ ਉਸਤਾਦ ਹੀ ਵਿਖਾ ਸਕਦਾ ਹੈ। ਮੇਰੀ ਇਕ ਉਰਦੂ ਗ਼ਜ਼ਲ ਦੀ ਮਿਸਾਲ ਵੇਖੋ:-

ਚਲ ਹਸਾ ਲੇ, ਗ਼ਰੀਬ-ਖਾਨੇ ਕੋ।
ਘਰ ਬਨਾ ਲੇ, ਗ਼ਰੀਬ-ਖਾਨੇ ਕੋ।
ਬਾਤ ਸੋਚੇ ਅਮੀਰ ਖ਼ਰਚੇ ਕੀ,
ਪਰ, ਘਟਾ ਲੇ ਗ਼ਰੀਬ, ਖਾਨੇ ਕੋ।

ਤੁਸੀਂ ਵੇਖਿਆ ਹੈ ਕਿ ਗ਼ਜ਼ਲ ਦੇ ਮਤਲੇ ਵਿਚ ਗ਼ਰੀਬ-ਖਾਨੇ ਦਾ ਅਰਥ ਘਰ ਜਾਂ ਰੈਣ-ਬਸੇਰਾ ਪਰ ਸ਼ਿਅਰ ਵਿਚ ਗ਼ਰੀਬ ਅਤੇ ਖ਼ਾਨੇ ਨੂੰ ਵਿਚਾਲ਼ੇ ਕਾਮਾ (,) ਪਾ ਕੇ, ਵਿੱਥ ਪਾ ਕੇ ਪੜ੍ਹਨ ਨਾਲ਼ ਖਾਨੇ ਦਾ ਅਰਥ ਖਾ-ਨੇ ਭਾਵ ਖਾਣ ਜਾਂ ਭੋਜਨ ਤੋਂ ਹੋ ਗਿਆ ਹੈ। ਮੇਰੀ ਹੀ ਗ਼ਜ਼ਲ ਦੀ ਇਕ ਹੋਰ ਮਿਸਾਲ ਵੇਖੋ:-

ਕਈ ਸ਼ਬਦਾਂ ਦੇ ਅੰਦਰ ਘਿਰ ਗਿਆ ਚੇਤਾ।
ਕਿਸੇ ਦੀ ਯਾਦ 'ਚੋਂ ਜਦ ਕਿਰ ਗਿਆ ਚੇਤਾ।
ਬੜੀ ਉਮੀਦ ਸੀ ਮੁਜਰਿਮ ਨੂੰ ਬਚਣੇ ਦੀ,
ਅਦਾਲਤ ਵਿਚ ਜਾ ਕੇ ਫਿਰ ਗਿਆ 'ਚੇਤਾ'।

ਇਸ ਗ਼ਜ਼ਲ ਦੇ ਮਤਲੇ ਵਿਚ ਚੇਤੇ ਦਾ ਅਰਥ ਯਾਦਦਾਸ਼ਤ ਹੈ ਅਤੇ ਸ਼ਿਅਰ

ਵਿਚ 'ਚੇਤਾ' ਇਕ ਗਵਾਹ ਚੇਤ ਸਿੰਘ ਜਾਂ ਚੇਤ ਰਾਮ ਆਦਿ ਭਾਵ ਅੰਗਰੇਜ਼ੀ ਦੀ ਵਿਆਕਰਨ ਅਨੁਸਾਰ ਨਾਊਨ (ਨਾਮ) ਵਿਚ ਬਦਲ ਗਿਆ ਹੈ। ਰਦੀਫ਼ ਦੇ ਅਰਥ ਬਦਲਨੇ ਤਦੇ ਹੀ ਸੰਭਵ ਹਨ ਜਦੋਂ ਕਾਫ਼ੀਆ ਅਤੇ ਰਦੀਫ਼ ਇਕੋ ਹੀ ਸ਼ਬਦ ਹੋਣ ਅਤੇ ਉਹ ਸ਼ਬਦ ਵੀ ਮਿਸਰੇ ਦਾ ਆਖ਼ਰੀ ਸ਼ਬਦ ਹੋਵੇ। ਲੰਬੀ ਰਦੀਫ਼ ਵਿਚ ਇਸ ਤਰ੍ਹਾਂ ਦੀ ਕਲਾ ਸੰਭਵ ਨਹੀਂ ਹੈ। ਮੇਰੀ ਹੀ ਗ਼ਜ਼ਲ ਦਾ ਇਕ ਹੋਰ ਨਮੂਨਾ ਵੇਖੋ ਜਿਸ ਵਿਚ ਦੋ ਵਾਰ ਰਦੀਫ਼ ਦੇ ਅਰਥ ਬਦਲੇ ਗਏ ਹਨ:-

ਕਿਸ਼ਤੀ ਅਗਾਂਹ ਵਧੀ ਹੈ, ਮੰਜ਼ਿਲ ਦੇ ਵੱਲ ਫੇਰ।
ਖਾ ਕੇ ਮੁੜੀ ਹੈ ਮੂੰਹ ਦੀ, ਕੰਢਿਆਂ ਤੋਂ ਛੱਲ ਫੇਰ।
ਝੱਖੜ ਦਾ ਦੋਸ਼ ਕੀ ਹੈ, ਬੋਟਾਂ ਦੀ ਸੀ ਲਿਖੀ,
ਕਿੰਨੀ ਸੁਖ਼ਾਲੀ ਉਸ ਨੇ, ਦਿੱਤੀ ਹੈ ਗੱਲ ਫੇਰ।
ਬਾਹਰ ਕੀ ਭਾਲਦਾ ਹੈ, ਮੁੜ ਮੁੜ ਕੇ 'ਬਾਦਲਾ' ?
ਬਾਹਰ ਨਾ ਫੇਰ ਅੱਖਾਂ, ਅੰਦਰ ਦੇ ਵੱਲ ਫੇਰ।

ਮਤਲੇ ਵਿਚ ਫੇਰ ਸ਼ਬਦ ਦਾ ਅਰਥ ਦੁਬਾਰਾ ਹੈ, ਪਹਿਲੇ ਸ਼ਿਅਰ ਰਦੀਫ਼ ਫੇਰ ਦਾ ਅਰਥ ਬਦਲਾਉਣ ਤੋਂ ਹੈ ਅਤੇ ਦੂਜੇ ਸ਼ਿਅਰ ਦੇ ਵਿਚ ਫੇਰ ਦਾ ਅਰਥ ਘੁਮਾਉਣ ਤੋਂ ਹੈ। ਇੱਕੋ ਸ਼ਬਦ ਦੇ ਦੁਹਰਾਉ ਨਾਲ਼ ਇਕ ਨਵੀਂ ਵੰਨਗੀ ਵੇਖੋ। ਇਸ ਵਿਚ ਪਹਿਲਾ ਸ਼ਬਦ ਕਾਫ਼ੀਏ ਦਾ ਬਣ ਜਾਂਦਾ ਹੈ ਅਤੇ ਦੂਸਰਾ ਰਦੀਫ਼ ਦਾ:-

ਕਿੰਨਾ ਕੁ ਹੁੰਦੈ ਬੋਟ ਨੂੰ, ਬਿਜਲੀ ਦਾ ਡਰ ਤੇ ਸੇਕ,
ਵੇਖੇ ਨੇ ਮੈਂ ਤਾਂ ਆਲ੍ਹਣੇ, ਆਪਣੇ ਹੀ ਜਾਲ਼-ਜਾਲ਼।
ਸੂਰਜ ਚਿਰਾਂ ਤੋਂ ਜੂਝਦੇ, ਨ੍ਹੇਰੇ ਦੇ ਨਾਲ਼ ਵੇਖ।
ਏਵੇਂ ਹੀ ਤੂੰ ਵੀ ਬਾਦਲਾ, ਨੇਰ੍ਹੇ ਦਾ ਜਾਲ਼-ਜਾਲ਼।

ਪਹਿਲੇ ਸ਼ਿਅਰ ਵਿਚ ਜਾਲ਼-ਜਾਲ਼ ਦਾ ਅਰਥ ਸਾੜ-ਸਾੜ ਜਾਂ ਮਚਾ-ਮਚਾ ਤੋਂ ਹੈ ਪਰ ਮਕਤੇ ਵਿਚ ਪਹਿਲਾ ਜਾਲ਼ ਸ਼ਬਦ ਨੈੱਟ (Net) ਯਾਨੀ ਮੱਛੀਆਂ ਜਾਂ ਕਬੂਤਰ ਆਦਿ ਫੜਨ ਵਾਲੇ ਜਾਲ਼ ਜਾਂ ਚੁੰਗਲ ਤੋਂ ਹੈ ਪਰ ਦੂਸਰਾ ਜਾਲ਼ ਉਹੀ ਸਾੜਨ ਜਾਂ ਖ਼ਤਮ ਕਰਨ ਦੇ ਅਰਥਾਂ ਵਿਚ ਹੈ। ਇੱਕੋ ਸ਼ਬਦ ਉਹੀ ਕਾਫ਼ੀਆ ਉਹੀ ਰਦੀਫ਼ ਪਰ ਅਰਥ ਦੋਹਾਂ ਦੇ ਵੱਖ-ਵੱਖ ਹਨ। ਅਜਿਹੀ ਮਿਸਾਲ ਸ਼ਾਇਦ ਹੀ ਤੁਹਾਨੂੰ ਪੰਜਾਬੀ ਗ਼ਜ਼ਲ ਵਿਚ ਕਿਤੇ ਮਿਲੇ। ਉਪਰਲੇ ਸਾਰੇ ਸ਼ਿਅਰ ਤੁਹਾਨੂੰ ਸਮਝਾਉਣ ਲਈ ਹੀ ਮਿਸਾਲ ਵਜੋਂ ਦਿੱਤੇ ਹਨ। ਇਸ ਨਾਲ਼ ਮੇਰੀ ਮਨਸ਼ਾ ਆਪਣੇ-ਆਪ ਨੂੰ ਉਸਤਾਦ ਸਾਬਤ ਕਰਨ ਦੀ ਕਤਈ ਨਹੀਂ ਹੈ। ਉਸਤਾਦਾਂ ਅੱਗੇ ਤਾਂ ਮੈਂ ਨਤਮਸਤਕ ਹਾਂ, ਮੇਰੀ ਕੀ ਔਕਾਤ ਹੈ ਕਿ ਮੈਂ ਉਸਤਾਦਾਂ ਦੀ ਬਰਾਬਰੀ ਕਰਾਂ। ਸੁੱਤੇ ਸਿੱਧ ਹੀ ਉਪਰੋਕਤ ਸ਼ਿਅਰ ਕਦੇ ਕਹੇ ਗਏ ਹੋਣਗੇ।



## ਕਾਂਡ - 1 - ਗ
## ਮਕਤਾ

ਗ਼ਜ਼ਲ ਦਾ ਦੂਜਾ ਮਹੱਤਵਪੂਰਨ ਅੰਗ ਮਕਤਾ ਹੁੰਦਾ ਹੈ, ਮਕਤੇ ਦੇ ਸ਼ਬਦੀ ਅਰਥ ਬੰਦ ਕਰਨਾ ਜਾਂ ਖ਼ਤਮ ਕਰਨਾ ਹੁੰਦੇ ਹਨ। ਮਕਤਾ ਗ਼ਜ਼ਲ ਦੇ ਉਸ ਆਖ਼ਰੀ ਸ਼ਿਅਰ ਨੂੰ ਕਹਿੰਦੇ ਹਨ, ਜਿਸ ਵਿਚ ਸ਼ਾਇਰ ਨੇ ਆਪਣਾ ਕਲਮੀਂ ਨਾਮ ਭਾਵ ਤਖੱਲਸ ਬੰਨ੍ਹਿਆਂ ਹੁੰਦਾ ਹੈ, ਇਹ ਕਲਮੀ ਨਾਮ ਜਾਂ ਤਖੱਲਸ ਹੀ ਉਹ ਸਨਦ ਜਾਂ ਮੋਹਰ ਹੁੰਦੀ ਹੈ ਜੋ ਇਹ ਦੱਸਦੀ ਹੈ ਕਿ ਇਹ ਗ਼ਜ਼ਲ ਕਿਸ ਸ਼ਾਇਦ ਦੀ ਕਹੀ ਹੋਈ ਹੈ ਤਾਂ ਕਿ ਕੋਈ ਚਲਾਕੀ ਨਾਲ਼ ਜਾਂ ਚੋਰੀ ਕਰਕੇ ਇਹ ਨਾ ਕਹਿ ਸਕੇ ਕਿ ਇਹ ਗ਼ਜ਼ਲ ਜਾਂ ਲਿਖਤ ਮੇਰੀ ਹੈ। ਸ਼ਾਇਰ ਦੀ ਕਿਤਾਬ ਛਪਣ ਤੋਂ ਬਾਅਦ ਇਸ ਤਰ੍ਹਾਂ ਦਾ ਖ਼ਤਰਾ ਘਟ ਜਾਂਦਾ ਹੈ ਪਰ ਅਣਛਪੀ ਗ਼ਜ਼ਲ ਜੇ ਬਦਕਿਸਮਤੀ ਨਾਲ਼ ਕਿਤੇ ਗੁਆਚ ਜਾਵੇ ਤਾਂ ਚੋਰ ਲੋਕ ਜੋ ਐਵੇਂ ਹੀ ਸ਼ਾਇਰਾਂ ਵਿਚ ਘੁਸੜੇ ਹੋਏ ਹੁੰਦੇ ਹਨ ਇਸਦਾ ਫਾਇਦਾ ਉਠਾ ਸਕਦੇ ਹਨ। ਮੇਰਾ ਇਕ ਸ਼ਿਅਰ ਹੈ ਕਿ:-

ਮੇਲ ਸ਼ਖ਼ਸੀਅਤ ਤੇ ਅਰਥਾਂ ਦਾ ਨਹੀਂ ਕੋਈ,
ਨਾਮ ਅਪਣਾ ਫਿਰ ਵੀ 'ਬਾਦਲ' ਰਖ ਲਿਆ ਕਾਹਤੋਂ ?

ਮਕਤੇ ਦੀ ਖ਼ਾਸੀਅਤ ਏਸ ਗੱਲ ਵਿਚ ਹੁੰਦੀ ਹੈ ਕਿ ਸ਼ਾਇਰ ਅਪਣੇ ਤਖ਼ੱਲਸ ਜਾਂ ਉਪਨਾਮ ਦੇ ਅਰਥ ਕੱਢ ਕੇ ਲਿਖੇ। ਤਖ਼ੱਲਸ ਦੇ ਰਵਾਇਤੀ ਮਾਅਨਿਆਂ ਤੋਂ ਉਲਟ ਮਾਅਨੇ ਕੱਢ ਕੇ ਸ਼ਿਅਰ ਨੂੰ ਹੋਰ ਹੀ ਰੰਗ ਦੇ ਦੇਣਾ ਸ਼ਾਇਰ ਦੀ ਵਡਿਆਈ ਵਿਚ ਵਾਧਾ ਕਰਦੇ ਹਨ। ਤਖ਼ੱਲਸ ਵਿਚ ਜੇ ਨਵੀਨ ਅਤੇ ਤਰ੍ਹਾਂ-ਤਰ੍ਹਾਂ ਦੇ ਅਰਥ ਨਾ ਭਰੇ ਜਾਣ ਤਾਂ ਮਕਤਾ ਆਮ ਜਿਹਾ ਬਣ ਕੇ ਰਹਿ ਜਾਂਦਾ ਹੈ ਜੋ ਪਾਠਕ ਜਾਂ ਸਰੋਤੇ ਨੂੰ ਕੋਈ ਖਿੱਚ ਨਹੀਂ ਪਾਉਂਦਾ। ਇਕ ਮੇਰੀ ਹੀ ਗ਼ਜ਼ਲ ਦੇ ਮਕਤੇ ਦੀ ਮਿਸਾਲ ਵੇਖੋ:-

ਜਦੋਂ ਚਾਹੇ ਇਹ 'ਬਾਦਲ' ਪਿਆਰ ਦੀ ਬਰਸਾਤ ਕਰ ਦੇਵੇ,
ਇਦ੍ਹੇ ਕਬਜ਼ੇ 'ਚ ਇੰਦਰ ਹੈ, ਸਲੇਟੀ ਹੀਰ ਦੇ ਨਾਲੋਂ।

ਬੱਦਲਾਂ ਦਾ ਬਰਸਾਤ ਅਤੇ ਮੌਨਸੂਨ ਦੇ ਰਾਜੇ ਇੰਦਰ ਨਾਲ਼ ਸੰਬੰਧ ਜੋੜ ਕੇ ਸ਼ਿਅਰ ਵਿਚ ਨਵੀਨਤਾ ਭਰੀ ਗਈ ਹੈ। ਹਾਲਾਂਕਿ ਇੰਦਰ ਦੇ ਕਬਜ਼ੇ ਵਿਚ ਬੱਦਲ਼ ਹਨ ਉਹ ਜਦੋਂ ਚਾਹੇ, ਜਿੱਥੇ ਚਾਹੇ ਬਰਸਾਤ ਕਰਾ ਦੇਵੇ ਪਰ ਇਸ ਮਕਤੇ ਵਿਚ ਇੰਦਰ ਨੂੰ ਬੱਦਲਾਂ ਦੇ ਕਬਜ਼ੇ ਵਿਚ ਵਿਖਾ ਕੇ ਰਵਾਇਤ ਤੋਂ ਉਲਟ ਅਰਥ ਭਰ ਕੇ ਤਗ਼ਜ਼ਲ ਪੈਦਾ ਕੀਤੀ ਗਈ ਹੈ। ਜੇ ਸ਼ਾਇਰ ਆਪਣਾ ਤਖ਼ੱਲਸ ਨਾ ਲਿਖੇ ਤਾਂ ਫਿਰ ਉਸ ਨੂੰ ਆਖ਼ਰੀ ਸ਼ਿਅਰ ਕਿਹਾ ਜਾਂਦਾ ਹੈ। ਸ਼ਾਇਰ ਨੂੰ ਆਪਣਾ ਤਖ਼ੱਲਸ ਜ਼ਰੂਰ ਲਿਖਣਾ ਚਾਹੀਦਾ ਹੈ।

## ਕਾਂਡ - 1 - ਘ
## ਮੁਤਹਰਕ-ਸਾਕਿਨ, ਲਘੂ-ਗੁਰੂ ਕੀ ਹਨ

ਪਿਆਰੇ ਸਿਖਿਆਰਥੀਓ! ਕਿਸੇ ਵੀ ਭਾਸ਼ਾ ਦਾ ਕੋਈ ਵੀ ਸ਼ਬਦ ਇਕ ਅੱਖਰ ਜਾਂ ਇਕ ਮਾਤਰਾ ਤੋਂ ਨਹੀਂ ਬਣਦਾ ਹਰ ਸ਼ਬਦ ਲਈ ਘੱਟੋ-ਘੱਟ ਦੋ ਅੱਖਰਾਂ ਜਾਂ ਇਕ ਅੱਖਰ ਅਤੇ ਇਕ ਮਾਤਰਾ ਦੀ ਲਾਜ਼ਮੀ ਜ਼ਰੂਰਤ ਹੁੰਦੀ ਹੈ। ਏਥੋਂ ਤੀਕ ਕਿ ਗਿਣਤੀ ਦਾ ਪਹਿਲਾ ਅੱਖਰ ਏਕਾ ਗਣਿਤ ਵਿਚ ਤਾਂ ਭਾਵੇਂ 1 ਇਸ ਤਰ੍ਹਾਂ ਲਿਖ ਹੋ ਜਾਂਦਾ ਹੈ ਪਰ ਜਦੋਂ ਏਕਾ ਉਚਾਰਣ ਦੇ ਹਿਸਾਬ ਨਾਲ਼ ਲਿਖਾਂਗੇ ਤਾਂ ਦੋ ਅੱਖਰਾਂ ਅਤੇ ਦੋ ਮਾਤਰਾਵਾਂ ਦੀ ਜ਼ਰੂਰਤ ਪਵੇਗੀ। ਗ਼ਜ਼ਲ ਕਿਉਂਕਿ ਜਿਵੇਂ ਬੋਲੋ ਤਿਵੇਂ ਲਿਖੋ ਦੇ ਅਸੂਲ ਨਾਲ਼ ਸ਼ਬਦਾਂ ਵਿਚ ਲਿਖੀ ਜਾਂਦੀ ਹੈ ਇਸ ਲਈ ਹਰ ਸ਼ਬਦ ਦੀਆਂ ਅਵਾਜ਼ਾਂ ਦੇ ਹਿਸਾਬ ਨਾਲ਼ ਅੱਖਰ ਜਾਂ ਮਾਤਰਾਵਾਂ ਨਿਸ਼ਚਿਤ ਹੋ ਜਾਂਦੀਆਂ ਹਨ। ਕਿਸੇ ਇਕ ਸ਼ਬਦ ਦੀ ਛੋਟੀ ਤੋਂ ਛੋਟੀ ਇਕਾਈ ਦੋ ਅੱਖਰਾਂ ਜਾਂ ਇਕ ਅੱਖਰ ਅਤੇ ਇਕ ਮਾਤਰਾ ਨਾਲ਼ ਬਣਦੀ ਹੈ ਜਿਵੇਂ:- ਘਰ, ਪਰ, ਸੀ, ਤੂੰ, ਮੈਂ ਆਦਿ ਸ਼ਬਦ। ਘਰ ਅਤੇ ਪਰ ਵਿਚ ਦੋ-ਦੋ ਅੱਖਰ ਹਨ ਬਾਕੀ ਸ਼ਬਦਾਂ ਵਿਚ ਇਕ ਅੱਖਰ ਅਤੇ ਇਕ ਮਾਤਰਾ ਹੈ। ਇਨ੍ਹਾਂ ਸਾਰਿਆਂ ਹੀ ਸ਼ਬਦਾਂ ਵਿਚ ਪਹਿਲਾ ਅੱਖਰ ਮੁਤਹਰਕ ਜਾਂ ਗੁਰੂ ਹੈ ਅਤੇ ਦੂਜਾ ਅੱਖਰ ਜਾਂ ਮਾਤਰਾ ਇਕ ਸਾਕਿਨ ਜਾਂ ਲਘੂ ਅੱਖਰ ਦੇ ਬਰਾਬਰ ਹਨ। ਸਾਕਿਨ ਜਾਂ ਲਘੂ ਅੱਖਰ ਜਾਂ ਮਾਤਰਾ ਬੋਲਣ ਲਈ ਜਿੰਨਾ ਸਮਾਂ ਲੈਂਦੇ ਹਨ ਮੁਤਹਰਕ ਜਾਂ ਗੁਰੂ ਅੱਖਰ ਉਸ ਤੋਂ ਦੁਗਣਾ ਸਮਾਂ ਲੈਂਦੇ ਹਨ। ਇਸ ਨੂੰ ਤੁਸੀਂ ਇਉਂ ਵੀ ਸਮਝ ਸਕਦੇ ਹੋ ਕਿ ਜੇ ਸਾਕਿਨ ਜਾਂ ਲਘੂ ਅੱਖਰ ਜ਼ੁਬਾਨ ਤੋਂ ਅਦਾਅ ਹੋਣ ਲਈ ਦਸ ਸੈਕਿੰਡ ਦਾ ਸਮਾਂ ਲੈਂਦੇ ਹਨ ਤਾਂ ਮੁਤਹਰਕ ਜਾਂ ਗੁਰੂ ਅੱਖਰ ਵੀਹ ਸੈਕਿੰਡ ਲੈਣਗੇ। ਇਸ ਨੂੰ ਹੋਰ ਸੁਖ਼ਾਲਾ ਕਰ ਦਿੰਦੇ ਹਾਂ ਕਿ ਮੁਤਹਰਕ ਵੱਡਾ ਜਾਂ ਭਾਰਾ ਅੱਖਰ ਹੈ ਅਤੇ ਸਾਕਿਨ ਜਾਂ ਲਘੂ ਛੋਟਾ ਜਾਂ ਹੌਲ਼ਾ ਅੱਖਰ ਹੈ। ਇਹ ਵੱਡੇ-ਛੋਟੇ, ਭਾਰੇ ਹੌਲੇ, ਮੁਤਹਰਕ-ਸਾਕਿਨ ਦੀ ਚਾਲ ਸਾਰੇ ਪੰਜਾਬੀ ਸ਼ਬਦਾਂ ਵਿਚ ਚਲਦੀ ਹੈ ਕੁਝ ਇਕ ਸ਼ਬਦਾਂ ਨੂੰ ਛੱਡ ਕੇ। ਜਿਸ ਦਾ ਜ਼ਿਕਰ ਅੱਗੇ ਜਾ ਕੇ ਕਰਾਂਗੇ। ਇਹ ਯਾਦ ਰਹੇ ਕਿ ਪੰਜਾਬੀ ਵਰਨਮਾਲਾ ਦੀਆਂ ਸਾਰੀਆਂ ਹੀ ਮਾਤਰਾਵਾਂ ਇਕ ਲਘੂ, ਸਾਕਿਨ ਜਾਂ ਹੌਲੇ ਅੱਖਰ ਦੇ ਬਰਾਬਰ ਹੁੰਦੀਆਂ ਹਨ। ਇਨ੍ਹਾਂ ਨੂੰ ਦੀਰਘ ਲਗਾਂ ਭਾਵ ਲੰਬੀਆਂ ਲਗਾਂ ਜਾਂ ਮਾਤਰਾਵਾਂ ਕਿਹਾ ਜਾਂਦਾ ਹੈ। ਜਿੰਨ੍ਹਾਂ ਵਿਚ ਬਿਹਾਰੀ, ਕੰਨਾ, ਅੱਧਕ, ਟਿੱਪੀ, ਦੁਲੈਂਕੜੇ, ਲਾਂ, ਦੁਲਾਂ, ਹੋੜਾ, ਕਨੌੜਾ ਆਦਿ ਹੁੰਦੇ ਹਨ ਅਤੇ ਇਹ ਇਕ ਲਘੂ ਅੱਖਰ ਭਾਵ ਸਾਕਿਨ ਅੱਖਰ ਦੇ ਬਰਾਬਰ ਗਿਣੇ ਜਾਂਦੇ ਹਨ। ਸਿਹਾਰੀ,



ਔਂਕੜ, ਬਿੰਦੀ ਕਿਸੇ ਗਿਣਤੀ ਵਿਚ ਨਹੀਂ ਆਉਂਦੇ ਇਨ੍ਹਾਂ ਨੂੰ ਲਘੂ ਲਗਾਂ ਜਾਂ ਲਘੂ ਮਾਤਰਾਵਾਂ ਕਿਹਾ ਜਾਂਦਾ ਹੈ। ਏਸ ਮੁਤਹਰਕ-ਸਾਕਿਨ ਵਾਲੇ ਕਾਂਡ ਨੂੰ ਚੰਗੀ ਤਰ੍ਹਾਂ ਆਪਣੇ ਦਿਮਾਗ਼ ਵਿਚ ਬਿਠਾ ਲਵੋ, ਭਵਿੱਖ ਵਿਚ ਇਹੀ ਵਿਸਥਾਰ ਤੁਹਾਡੇ ਕੰਮ ਆਵੇਗਾ।

# ਕਾਂਡ - 2 – ੳ
# ਮੂਲ ਰੁਕਨਾ ਦੀ ਜਾਣਕਾਰੀ

ਰੁਕਨ ਦੇ ਸ਼ਬਦੀ ਅਰਥ ਹਨ ਕੋਈ ਖ਼ਾਸ ਇਕਾਈ ਜੋ ਕਿਸੇ ਖ਼ਾਸ ਨੁਕਤੇ ਵੱਲ ਇਸ਼ਾਰਾ ਕਰਦੀ ਹੋਵੇ। ਹੋ ਸਕਦਾ ਹੈ ਰੁਕਨ ਸ਼ਬਦ ਕਾਰਕੁਨ ਤੋਂ ਨਿਕਲ਼ਿਆ ਹੋਵੇ ਕਿਉਂਕਿ ਕਾਰਕੁਨ ਵੀ ਕਿਸੇ ਵੱਡੀ ਇਕਾਈ ਦਾ ਛੋਟਾ ਰੂਪ ਹੁੰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਕਾਰਕੁਨ ਸ਼ਬਦ ਵਿਗੜਦਾ-ਵਿਗੜਦਾ ਕਰਿੰਦਾ ਜਾਂ ਕਾਰਿੰਦਾ ਬਣ ਗਿਆ ਹੋਵੇ ਕਿਉਂਕਿ ਕਰਿੰਦਾ ਜਾਂ ਕਾਰਿੰਦਾ ਵੀ ਕਿਸੇ ਵੱਡੇ ਸਮੂਹ ਦਾ ਛੋਟਾ ਰੂਪ ਜਾਂ ਹਿੱਸਾ ਹੀ ਹੁੰਦਾ ਹੈ। ਗ਼ਜ਼ਲ ਦੀ ਭਾਸ਼ਾ ਵਿਚ ਰੁਕਨ ਸ਼ਬਦ ਕਿਸੇ ਬਹਿਰ ਜਾਂ ਤਰਜ਼ ਦੀ ਚਾਲ ਨੂੰ ਪਰਖ-ਪੜਚੋਲਣ ਵਾਲੇ ਨਾਪ ਰੂਪੀ ਗਜ, ਪੈਮਾਨੇ ਜਾਂ ਵੱਟੇ ਨੂੰ ਕਹਿੰਦੇ ਹਨ, ਜਿਸ ਨਾਲ਼ ਜਾਂਚ ਕੇ ਕਿਸੇ ਤੁਕ ਜਾਂ ਮਿਸਰੇ ਨੂੰ ਬਹਿਰ ਵਿਚ ਭਾਵ ਸਹੀ ਚਾਲ ਵਿਚ ਜਾਂ ਬਹਿਰ ਤੋਂ ਬਾਹਰ ਹੋਣ ਦਾ ਫ਼ੈਸਲਾ ਕੀਤਾ ਜਾਂਦਾ ਹੈ। ਇਸ ਗੱਲ ਨੂੰ ਆਪਾਂ ਇਸ ਤਰ੍ਹਾਂ ਵੀ ਸਪੱਸ਼ਟ ਕਰ ਸਕਦੇ ਹਾਂ ਕਿ ਜਿਵੇਂ ਕਿਸੇ ਚੀਜ਼ ਦੀ ਲੰਬਾਈ-ਚੌੜਾਈ ਮਾਪਣ ਲਈ ਮੀਟਰ ਤੋਂ ਲੈ ਕੇ ਮਿਲੀਲੀਟਰ ਤੀਕ ਸ਼ਬਦ ਗਾਇਬ ਹਨ, ਮਿਲੀਲਿਟਰ ਆਦਿ ਹੁੰਦੇ ਹਨ ਜਾਂ ਕਿਸੇ ਹੌਲ਼ੀ-ਭਾਰੀ ਵਸਤੂ ਨੂੰ ਤੋਲਣ ਲਈ ਕਿਲੋਗਰਾਮ, ਪਾਊਂਡ ਜਾਂ ਹੋਰ ਵੱਟੇ ਹੁੰਦੇ ਹਨ ਉਵੇਂ ਹੀ ਸ਼ਬਦਾਂ ਦਾ ਵਜ਼ਨ ਜਾਚਣ-ਪਰਖਣ ਲਈ ਰੁਕਨ ਨਾਮ ਦੇ ਵੱਟੇ ਹੁੰਦੇ ਹਨ। ਉਂਝ ਵੱਟਿਆਂ ਨਾਲੋਂ ਪੈਮਾਨਾ ਸ਼ਬਦ ਜ਼ਿਆਦਾ ਠੀਕ ਹੈ ਕਿਉਂਕਿ ਵੱਟੇ ਖ਼ੁਦ ਵੀ ਠੋਸ ਵਸਤੂ ਹਨ ਅਤੇ ਕਿਸੇ ਠੋਸ ਹੀ ਵਸਤੂ ਤੋਲਣ ਲਈ ਵਰਤੋਂ ਜਾਂਦੇ ਹਨ, ਪਰ ਸ਼ਬਦ ਤਾਂ ਸਾਡੇ ਮੂੰਹੋਂ ਨਿਕਲ਼ੀ ਹੋਈ ਆਵਾਜ਼ ਉਪਰ ਅਸਰ-ਅੰਦਾਜ਼ ਹੁੰਦੇ ਹਨ। ਆਵਾਜ਼ ਦੀ ਮਿਣਤੀ ਨੂੰ ਉਂਝ ਤਾਂ ਡੈਸੀਮਲ ਕਿਹਾ ਜਾਂਦਾ ਹੈ। ਜਿੰਨੀ ਉੱਚੀ ਜਾਂ ਨੀਵੀਂ ਆਵਾਜ਼ ਹੋਵੇਗੀ ਓਨੇ ਹੀ ਵੱਧ ਜਾਂ ਘੱਟ ਡੈਸੀਮਲ ਹੁੰਦੇ ਹਨ। ਭਾਵ ਆਵਾਜ਼ ਦੀ ਮਿਣਤੀ ਡੈਸੀਮਲਾਂ ਨਾਲ਼ ਨਿਰਧਾਰਤ ਕੀਤੀ ਜਾਂਦੀ ਹੈ ਪਰ ਏਥੇ ਅਸੀਂ ਸਾਡੇ ਮੂੰਹੋਂ ਆਵਾਜ਼ ਰਾਹੀਂ ਨਿਕਲ਼ੇ ਕਿਸੇ ਸ਼ਬਦ ਦੇ ਸਮੇਂ ਨੂੰ ਮੁੱਖ ਰੱਖਾਂਗੇ। ਅੱਖਰ ਬੋਲਣ ਲੱਗਿਆ ਅਸੀਂ ਜੋ ਸਮਾਂ ਲਾਉਂਦੇ ਹਾਂ ਉਹੀ ਸਾਡੇ ਰੁਕਨਾ ਵਿਚ ਆਉਂਦੇ ਅੱਖਰਾਂ ਦੇ ਤੋਲ ਦਾ ਸਮਾਂ ਹੁੰਦਾ ਹੈ। ਇਸ ਸਮੇਂ ਦੇ ਅਨੁਸਾਰ ਹੀ ਸਾਡੇ ਅਰੂਜ਼ ਦੇ ਕਾਢੀ ਨੇ ਰੁਕਨ ਨਾਮੀ ਸ਼ਬਦ-ਸਮੂਹਾਂ ਦੀ ਕਾਢ ਕੱਢੀ ਹੈ। ਇਨ੍ਹਾਂ ਰੁਕਨਾ



ਨਾਲ਼ ਹੀ ਗ਼ਜ਼ਲ ਦੀਆਂ ਸਾਰੀਆਂ ਬਹਿਰਾਂ ਦੀ ਚਾਲ ਨਿਰਧਾਰਿਤ ਹੁੰਦੀ ਹੈ। ਰੁਕਨ ਗਿਣਤੀ ਵਿਚ ਅੱਠ ਹਨ ਜਿੰਨਾਂ ਵਿਚ ਕੁਝ ਰੁਕਨ ਸੱਤ ਅੱਖਰੇ ਜਾਂ ਸੱਤ ਮਾਤਰੇ ਹਨ ਅਤੇ ਕੁਝ ਪੰਜ ਅੱਖਰੇ ਜਾਂ ਪੰਜ ਮਾਤਰੇ ਹਨ। ਹੇਠਾਂ ਅਸੀ ਇਨ੍ਹਾਂ ਅੱਠਾਂ ਰੁਕਨਾਂ ਦਾ ਵੇਰਵਾ ਦੇ ਰਹੇ ਹਾਂ ਇੰਝ ਹੈ :-

1. ਮੁਫ਼ਾਈਲੁਨ = ✱▷▷▷ = ਟੁਕੜੇ – ✱▷ ▷ ▷ = ਮੁਫ਼ਾ-ਈ-ਲੁਨ
2. ਫਾਇਲਾਤੁਨ = ▷✱▷▷ = ਟੁਕੜੇ – ▷ ✱▷ ▷ = ਫ਼ਾ-ਇਲਾ-ਤੁਨ
3. ਮੁਸਤਫ਼ਇਲੁਨ = ▷▷✱▷ = ਟੁਕੜੇ – ▷ ▷ ✱▷ = ਮੁਸ-ਤਫ਼-ਇਲੁਨ
4. ਫ਼ਊਲੁਨ = ✱▷▷ = ਟੁਕੜੇ – ✱▷ ▷ = ਫ਼ਊ-ਲੁਨ
5. ਫ਼ਾਇਲੁਨ = ▷✱▷ = ਟੁਕੜੇ – ▷ ✱▷ = ਫ਼ਾ-ਇਲੁਨ
6. ਮੁਤੁਫ਼ਾਇਲੁਨ = ✱✱▷✱▷ = ਟੁਕੜੇ – ✱✱ ▷ ✱▷ = ਮੁਤੁ-ਫ਼ਾ-ਇਲੁਨ
7. ਮੁਫ਼ਾਇਲੁਤੁਨ = ✱▷✱✱▷ = ਟੁਕੜੇ – ✱▷ ✱✱ ▷ = ਮੁਫ਼ਾ-ਇਲੁ-ਤੁਨ
8. ਮਫ਼ਊਲਾਤੁ = ▷▷▷✱ = ਟੁਕੜੇ – ▷ ▷ ▷✱ = ਮਫ਼-ਊ-ਲਾਤੁ

ਇਹਨਾਂ ਰੁਕਨਾ ਦੇ ਟੁਕੜੇ ਅਸੀਂ ਸ਼ਬਦ-ਚਿੰਨ੍ਹਾਂ ਰਾਹੀਂ ਵੀ ਅਤੇ ਅੱਖਰਾਂ ਦੇ ਜੋੜਿਆਂ ਰਾਹੀਂ ਵੀ ਕਰ ਦਿੱਤੇ ਹਨ ਕਿ ਤਾਂ ਕਿ ਤੁਹਾਨੂੰ ਹਰ ਟੁਕੜੇ ਦਾ ਤੋਲ ਜਾਂ ਪੈਮਾਨਾ ਸ਼ਬਦ-ਚਿੰਨ੍ਹਾਂ ਰਾਹੀਂ ਵੀ ਪਤਾ ਲੱਗ ਜਾਵੇ। ਅੱਗੋਂ ਕਿਸੇ ਗੱਲ ਨੂੰ ਸਮਝਾਉਣ ਲਈ ਉਪਰੋਕਤ ਸ਼ਬਦ-ਚਿੰਨ੍ਹ ਹੀ ਵਰਤੇ ਜਾਣਗੇ ਜੋ ਅੰਗਰੇਜ਼ੀ ਦੇ ਆਈ (✱) ਅਤੇ ਐਸ (▷) ਦੀ ਸ਼ਕਲ ਵਿਚ ਹਨ।

ਤੁਸੀਂ ਵੇਖਿਆ ਹੈ ਕਿ ਦੋ ਜੁੜਵੇਂ ਅੱਖਰ ਭਾਵ ਐਸ (▷) ਕਦੇ ਕਿਸੇ ਰੁਕਨ ਦੇ ਸ਼ੁਰੂ ਵਿਚ ਆਏ ਹਨ ਕਿਤੇ ਵਿਚਾਲ਼ੇ ਆਏ ਹਨ ਅਤੇ ਕਿਤੇ ਅਖ਼ੀਰ ਵਿਚ ਆਏ ਹਨ ਪਰ ਹਰ ਜਗਾਹ ਇਨ੍ਹਾਂ ਦਾ ਤੋਲ ਜਾਂ ਵਜ਼ਨ ਬਰਾਬਰ ਹੀ ਹੈ ਯਾਨੀ ਐਸ (▷) ਦੇ ਬਰਾਬਰ ਹੀ ਹੈ ਘੱਟ-ਵੱਧ ਨਹੀਂ। ਏਸੇ ਤਰ੍ਹਾਂ ਤਿੰਨ ਅੱਖਰੀ ਟੁਕੜੀ ਵੀ ਕਿਤੇ ਰੁਕਨ ਦੇ ਸ਼ੁਰੂ ਵਿਚ ਆਈ ਹੈ ਕਿਤੇ ਦਰਮਿਆਨ ਵਿਚ ਆਈ ਹੈ ਅਤੇ ਕਿਤੇ ਅਖ਼ੀਰ ਵਿਚ ਆਈ ਹੈ ਪਰ ਹਰ ਜਗਾਹ ਹੀ ਇਸਦਾ ਵਜ਼ਨ ਪਹਿਲੇ ਸੱਤ ਰੁਕਨਾ ਵਿਚ ਆਈ+ਐਸ (✱▷) ਦੇ ਬਰਾਬਰ ਹੀ ਰਿਹਾ ਹੈ। ਇਕੱਲੇ ਆਖਰੀ ਜਾਂ ਅੱਠਵੇਂ ਰੁਕਨ ਮਫ਼ਊਲਾਤ ਵਿਚ ਇਸ ਤਿੰਨ ਅੱਖਰੀ ਟੁਕੜੀ ਦਾ ਰੂਪ ਬਦਲਿਆ ਹੈ ਤਾਂ ਇਸ ਤਾ ਤੋਲ ਵੀ ਭਾਵ ਮੁੱਲ ਵੀ ਬਦਲ ਗਿਆ ਹੈ। ਹੋਰ ਸਪੱਸ਼ਟ ਕਰਦੇ ਹਾਂ, ਪਹਿਲੀਆਂ ਸੱਤ ਤਿੰਨ ਅੱਖਰੀਂ ਟੁਕੜੀਆਂ ਵਿਚ ਪਹਿਲਾਂ ਆਈ (✱) ਸ਼ਬਦ ਆਇਆ ਹੈ ਅਤੇ ਫੇਰ ਐਸ (▷) ਦੇ ਬਰਾਬਰ ਨਹੀਂ ਸਗੋਂ ਆਈ+ਆਈ ਦੇ ਬਰਾਬਰ ਹਨ ਉਨ੍ਹਾਂ ਬਾਰੇ ਗੱਲ ਕਰਾਂਗੇ।

ਜਿਸ ਤਰ੍ਹਾਂ ਐਸ (▷) ਵਾਲੀਆਂ ਟੁਕੜੀਆਂ ਦਾ ਵਜ਼ਨ ਦੋ ਦੇ ਬਰਾਬਰ

ਹੈ ਅਤੇ ਤਿੰਨ ਅੱਖਰੀ ਟੁਕੜੀਆਂ ਦਾ ਤੋਲ ਦੋ+ਇਕ ਹੋ ਕੇ ਤਿੰਨ ਦੇ ਬਰਾਬਰ ਹੈ ਅਤੇ ਇਕ+ਦੋ ਹੋ ਕੇ ਵੀ ਤਿੰਨ ਹੀ ਦੇ ਬਰਾਬਰ ਹੈ (ਕਾਰਨ ਉਪਰ ਦੱਸ ਆਏ ਹਾਂ) ਉਸ ਤਰ੍ਹਾਂ ਛੇ ਨੰਬਰ ਰੁਕਨ ਦੇ ਸ਼ੁਰੂ ਵਿਚ ਅਤੇ ਸੱਤ ਨੰਬਰ ਰੁਕਨ ਦੇ ਵਿਚਾਲ਼ੇ ਦੋ ਸ਼ਬਦ ਟੁਕੜੀਆਂ ਆਈ+ਆਈ ਜਾਂ ਇਕ+ਇਕ 'ਤੇ ਅਧਾਰਿਤ ਹਨ। ਇਨ੍ਹਾਂ ਦਾ ਵਜ਼ਨ ਜਾਂ ਤੋਲ ਐਸ (▷) ਵਾਲੀਆਂ ਟੁਕੜੀ ਨਾਲੋਂ ਵੱਖਰਾ ਕਿਉਂ ਹੈ ? ਆਓ ਵਿਚਾਰ ਕਰਦੇ ਹਾਂ। ਐਸ ਵਾਲ਼ੀ ਟੁਕੜੀਆਂ ਵਿਚ ਦੋ ਅੱਖਰ ਜਾਂ ਮਾਤਰਾ ਹਨ ਇਸ ਲਈ ਇਹ ਸ਼ਬਦ ਗੁਰੂ ਹਨ ਜਦਕਿ ਆਈ+ਆਈ ਵਾਲ਼ੀ ਟੁਕੜੀ ਵਿਚ ਲਘੂ+ਲਘੂ ਹਨ ਇਸ ਲਈ ਇਹ ਗੁਰੂ ਦੇ ਬਰਾਬਰ ਨਹੀਂ ਹਨ ਅਤੇ ਆਪਣਾ ਵੱਖਰਾ ਤੋਲ ਜਾਂ ਵਜ਼ਨ ਰੱਖਦੀ ਹਨ। ਇਕ ਹੋਰ ਵੀ ਵਖਰੇਵਾਂ ਇਨ੍ਹਾਂ ਟੁਕੜੀਆਂ ਵਿਚ ਹੈ। ਐਸ ਵਾਲ਼ੀ ਟੁਕੜੀਆਂ ਵਿਚ ਇਕ ਮੁਤਹਰਕ ਅਤੇ ਇਕ ਸਾਕਿਨ ਅੱਖਰ ਹਨ ਪਰ ਆਈ+ਆਈ ਵਾਲ਼ੀ ਟੁਕੜੀ ਵਿਚ ਦੋਵੇਂ ਅੱਖਰ ਮੁਤਹਰਕ+ਮੁਤਹਰਬ ਹੀ ਹਨ। ਤੀਜਾ ਵਖਰੇਵਾਂ ਇਨ੍ਹਾਂ ਟੁਕੜੀਆਂ ਵਿਚ ਇਹ ਹੈ ਕਿ ਐਸ ਵਾਲ਼ੀ ਟੁਕੜੀ ਇਕੱਠੀ ਬੋਲੀ ਜਾਵੇਗੀ। ਪਰ ਆਈ+ਆਈ ਵਾਲ਼ੀ ਇਸ ਤਰ੍ਹਾਂ ਦੋਹਾਂ ਸ਼ਬਦਾਂ ਦੋਹਾਂ ਸ਼ਬਦ-ਟੁਕੜੀਆਂ ਦਾ ਬੋਲਣ ਸਮਾਂ ਵੱਖ-ਵੱਖ ਹੋ ਗਿਆ ਹੈ। ਜੇ ਬੋਲਣ ਸਮਾਂ ਵੱਖ-ਵੱਖ ਹੈ ਤਾਂ ਫਿਰ ਤੋਲ ਜਾਂ ਵਜ਼ਨ ਤਾਂ ਆਪੇ ਹੀ ਵੱਖ ਹੋਣਾ ਹੋਇਆ। ਏਹੀ ਫ਼ਰਕ ▷ ✱ ਅਤੇ ✱ ▷ ਵਾਲੀਆਂ ਟੁਕੜੀਆਂ ਵਿਚ ਵਿਚ ਵੀ ਹੈ। ਇਹ ਦੋਵੇਂ ਟੁਕੜੀਆਂ ਵੀ ਸਮੇਂ ਦੇ ਮਾਪਕ ਯੰਤਰ ਅਨੁਸਾਰ ਹਮਵਜ਼ਨੀ ਨਹੀਂ ਹਨ। ਸੋ ਇਹ ਸਾਫ ਹੋ ਗਿਆ ਕਿ ਸਾਰੇ ਉਪਰਲੇ ਅੱਠਾਂ ਰੁਕਨਾਂ ਵਿਚ ਚਾਰ ਕਿਸਮ ਦੀਆਂ ਵੱਖ-ਵੱਖ ਤੋਲ ਜਾਂ ਵਜ਼ਨ ਦੀਆਂ ਸ਼ਬਦ ਟੁਕੜੀਆਂ ਹਨ। ਜੇ ਇਨ੍ਹਾਂ ਚੌਹਾਂ ਟੁਕੜੀਆਂ ਦੇ ਵਜ਼ਨ ਵੱਖ-ਵੱਖ ਹਨ ਤਾਂ ਇਨ੍ਹਾਂ ਦੇ ਨਾਮ ਭਲਾ ਕਿਵੇਂ ਇਕ ਹੋ ਸਕਦੇ ਹਨ। ਸੋ ਇਨ੍ਹਾਂ ਦੇ ਨਾਮ ਵੀ ਵੱਖ-ਵੱਖ ਹਨ। ਇਨ੍ਹਾਂ ਦਾ ਵਖਰੇਵਾਂ ਉਪਰ ਵਿਸਥਾਰ ਸਹਿਤ ਸਮਝਾ ਆਏ ਹਾਂ ਹੇਠਾਂ ਇਨ੍ਹਾਂ ਦੇ ਨਾਮ ਹੀ ਦਰਜ ਕਰਾਂਗੇ।

1. ਦੋ ਅੱਖਰੀ ਟੁਕੜੀ ਜੋ ▷ ਦੇ ਤੋਲ ਵਿਚ ਹੈ ਉਸਨੂੰ ਸਬੱਬ ਖ਼ਫ਼ੀਫ਼ ਕਹਿੰਦੇ ਹਨ।
2. ਦੂਜੀ ਦੋ ਅੱਖਰੀ ਟੁਕੜੀ ਜੋ ✱ ✱ ਦੇ ਤੋਲ ਵਿਚ ਹੈ ਉਸਨੂੰ ਸਬੱਬ ਸਕੀਲ ਕਹਿੰਦੇ ਹਨ।
3. ਤਿੰਨ ਅੱਖਰੀ ਟੁਕੜੀ ਜੋ ✱▷ ਦੇ ਤੋਲ ਵਿਚ ਹੈ ਉਸਨੂੰ ਵਤਦ ਮਜਮੂਅ ਕਹਿੰਦੇ ਹਨ।
4. ਦੂਜੀ ਤਿੰਨ ਅੱਖਰੀਂ ਟੁਕੜੀ ਜੋ ▷✱ ਦੇ ਤੋਲ ਵਿਚ ਹੈ ਉਸਨੂੰ ਵਤਦ ਮਫ਼ਰੂਕ ਕਹਿੰਦੇ ਹਨ।
5. ਤੀਜੀ ਤਿੰਨ ਅੱਖਰੀ ਟੁਕੜੀ ਜੋ ✱ ✱ ✱ ਦੇ ਤੋਲ ਵਿਚ ਹੈ ਉਸ ਨੂੰ ਵਤਦ ਕਸਰਤ ਕਹਿੰਦੇ ਹਨ।



ਸਬੱਬ ਖ਼ਫ਼ੀਫ਼ (▷) ਦੀ ਟੁਕੜੀ ਵਿਚ ਪਹਿਲਾ ਅੱਖਰ ਮੁਤਹਰਕ ਹੁੰਦਾ ਹੈ ਅਤੇ ਦੂਜਾ ਅੱਖਰ ਸਾਕਿਨ ਹੁੰਦਾ ਹੈ। ਸਾਕਿਨ ਕੋਈ ਅੱਖਰ ਜਾਂ ਦੀਰਘ ਲਗ ਵੀ ਹੋ ਸਕਦੀ ਹੈ। ਸਬੱਬ ਸਕੀਲ ਦੀ ਟੁਕੜੀ ਵਿਚ ਦੋਵੇਂ ਅੱਖਰ ਮੁਤਹਰਕ ਹੀ ਹੁੰਦੇ ਹਨ ਇਸ ਲਈ ਕੋਈ ਦੀਰਘ ਲਗ ਇਸ ਟੁਕੜੀ ਵਿਚ ਨਹੀਂ ਆ ਸਕਦੀ। ਵਤਦ ਮਜਮੂਅ ਦੀ ਟੁਕੜੀ ਵਿਚ ਪਹਿਲੇ ਦੋਵੇਂ ਅੱਖਰ ਮੁਤਹਰਕ ਹੁੰਦੇ ਹਨ ਅਤੇ ਤੀਜੇ ਅੱਖਰ ਜਾਂ ਦੀਰਘ ਲਗ ਸਾਕਿਨ ਮੰਨੇ ਜਾਂਦੇ ਹਨ।

ਵਤਦ ਮਫ਼ਰੂਕ ਦੀ ਟੁਕੜੀ ਵਿਚ ਪਹਿਲਾ ਅਤੇ ਤੀਜਾ ਅੱਖਰ ਮੁਤਹਰਕ ਹੁੰਦੇ ਹਨ। ਵਿਚਾਲੜਾ ਅੱਖਰ ਜਾਂ ਦੀਰਘ ਲਗ ਹਮੇਸ਼ਾ ਸਾਕਿਨ ਹੀ ਹੁੰਦੇ ਹਨ। ਵਤਦ ਕਸਰਤ ਵਿਚ ਤਿੰਨੇ ਅੱਖਰ ਮੁਤਹਰਕ ਹੀ ਹੁੰਦੇ ਹਨ ਇਨ੍ਹਾਂ ਵਿਚ ਕੋਈ ਸਾਕਿਨ ਨਹੀਂ ਹੁੰਦਾ ਪਰ ਪੰਜਾਬੀ ਸੁਭਾਅ ਅਨੁਸਾਰ ਵਿਚਕਾਰਲੇ ਜਾਂ ਆਖਰੀ ਅੱਖਰ ਨੂੰ ਬਹਿਰ ਦੀ ਲੋੜ ਅਨੁਸਾਰ ਸਾਕਿਨ ਮੰਨ ਲਿਆ ਜਾਂਦਾ ਹੈ ਉਂਝ ਹੁੰਦੇ ਤਿੰਨੇ ਅੱਖਰ ਮੁਤਰਹਕ ਹੀ ਹਨ। ਤਿੰਨਾਂ ਵਿਚ ਕੋਈ ਦੀਰਘ ਲਗ ਨਹੀਂ ਹੁੰਦੀ। ਇਹੀ ਇਨ੍ਹਾਂ ਪੰਜਾਂ ਸ਼ਬਦ ਟੁਕੜੀਆਂ ਦਾ ਫ਼ਰਕ ਜਾਂ ਭੇਦ ਹੈ। ਇਹ ਪੰਜੇ ਟੁਕੜੀਆਂ ਹੀ ਗ਼ਜ਼ਲ ਰੂਪੀ ਮਹਿਲ ਦੀਆਂ ਨੀਂਹਾਂ ਹਨ। ਜਿਨ੍ਹਾਂ ਉਪਰ ਸਾਰੀ ਖ਼ੂਬਸੂਰਤ ਇਮਾਰਤ ਉਸਰਨੀ ਹੈ। ਇਹ ਸਾਰੇ ਰੁਕਨ ਕਿਉਂਕਿ ਅਰਬੀ ਭਾਸ਼ਾ ਦੇ ਅੱਖਰਾਂ ਦੀਆਂ ਧੁਨੀਆਂ ਅਨੁਸਾਰ ਬਣੇ ਹਨ ਇਸ ਲਈ ਪੰਜਾਬੀ ਵਿਚ ਸਾਰੇ ਰੁਕਨ ਵਰਤੋਂ ਵਿਚ ਨਹੀਂ ਆਉਂਦੇ। ਪੰਜਾਬੀ ਦੇ ਅੱਖਰਾਂ ਦੀਆਂ ਧੁਨੀਆਂ ਅਤੇ ਬਣਤਰ ਅਰਬੀ ਭਾਸ਼ਾ ਨਾਲੋਂ ਕਾਫ਼ੀ ਭਿੰਨ ਹਨ। ਪੰਜਾਬੀ ਵਿਚ ਸਾਡੀ ਬੋਲ-ਚਾਲ ਦੇ ਅਨੁਸਾਰ ਪਹਿਲਾ ਅੱਖਰ ਮੁਤਹਰਕ ਹੁੰਦਾ ਹੈ ਦੂਜਾ ਅੱਖਰ ਆਪਣੇ-ਆਪ ਸਾਕਿਨ ਦੀ ਸ਼ਕਲ ਧਾਰ ਲੈਂਦਾ ਹੈ ਤੇ ਸਾਕਿਨ ਤੋਂ ਬਾਅਦ ਅਗਲਾ ਅੱਖਰ ਫੇਰ ਖ਼ੁਦ-ਬ-ਖ਼ੁਦ ਮੁਤਹਰਕ ਬਣ ਜਾਂਦਾ ਹੈ। ਬਹੁਤ ਥੋੜੇ ਸ਼ਬਦ ਹਨ ਜਿਨ੍ਹਾਂ ਦੇ ਸਾਰੇ ਜਾਂ ਪਹਿਲੇ ਦੋ-ਦੋ ਅੱਖਰ ਲਗਾਤਾਰ ਮੁਤਹਰਕ ਹਨ। ਏਸੇ ਲਈ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਪਹਿਲੇ ਪੰਜ ਰੁਕਨ ਹੀ ਜ਼ਿਆਦਾ ਵਰਤੋਂ ਵਿਚ ਆਉਂਦੇ ਹਨ। ਇਕ ਤੋਂ ਪੰਜ ਤੀਕ ਰੁਕਨਾ ਦੀਆਂ ਧੁਨੀਆਂ ਅਤੇ ਅੱਖਰ ਸਾਡੀ ਜੀਭ ਦੀ ਬਣਤਰ ਅਤੇ ਹਰਕਤ ਦੇ ਅਨੁਸਾਰ ਹਨ। ਛੇ ਅਤੇ ਸੱਤ ਨੰਬਰ ਦੇ ਰੁਕਨ ਵੀ ਕੋਈ ਜ਼ਿਆਦਾ ਵਰਤੋਂ ਵਿਚ ਨਹੀਂ ਆਉਂਦੇ। ਬਹੁਤ ਥੋੜੇ ਗ਼ਜ਼ਲਕਾਰਾਂ ਨੇ ਇਹਨਾਂ ਰੁਕਨਾ ਦੇ ਅਨੁਸਾਰ ਗ਼ਜ਼ਲਾਂ ਕਹੀਆਂ ਹਨ। ਇਨ੍ਹਾਂ ਰੁਕਨਾ ਦੇ ਸਾਲਮ ਰੂਪ ਘੱਟ ਹੀ ਕਿਤੇ ਵਰਤੇ ਹੋਏ ਮਿਲ਼ਦੇ ਹਨ ਹਾਂ ਜਿਹਾਫ਼ਾਂ ਨਾਲ਼ (ਕਾਂਟ ਛਾਂਟ ਕੇ) ਕਹੀਆਂ ਹੋਈਆਂ ਗ਼ਜ਼ਲਾਂ ਜ਼ਰੂਰ ਕਿਤੇ-ਕਿਤੇ ਪੜ੍ਹਨ ਨੂੰ ਮਿਲ਼ ਜਾਂਦੀਆਂ ਹਨ। ਕਾਰਨ ਉਹੀ ਅੱਖਰਾਂ ਅਤੇ ਧੁਨੀਆਂ ਦੀ ਬਣਤਰ ਹੀ ਹੈ। ਆਖ਼ਰੀ ਅਤੇ ਅਠਵਾਂ ਰੁਕਨ ਮਫ਼ਊਲਾਤ ਇਕੱਲਾ ਤਾਂ ਕਿਤੇ ਵੀ ਵਰਤੋਂ ਵਿਚ

ਨਹੀਂ ਆਉਂਦਾ, ਇਸਦੀ ਅੱਖਰ ਚਾਲ ਅਨੁਸਾਰ ਪੰਜਾਬੀ ਵਿਚ ਸ਼ਬਦ ਹੀ ਨਹੀਂ ਹਨ। ਇਸਦੀ ਆਖ਼ਰੀ ਸ਼ਬਦ-ਟੁਕੜੀ ਵਤਦ ਮਫ਼ਰੂਕ ਅੜਿੱਕਾ ਬਣ ਜਾਂਦੀ ਹੈ। ਦੂਜੇ ਰੁਕਨਾ ਦੀ ਸਾਂਝ ਨਾਲ਼ ਇਹ ਰੁਕਨ ਵੀ ਕਿਤੇ-ਕਿਤੇ ਵਰਤਿਆ ਹੋਇਆ ਮਿਲਦਾ ਹੈ ਪਰ ਬਹੁਤ ਘੱਟ।

ਅਰਬੀ ਵਿਚ ਦੋ ਹੋਰ ਵੀ ਸ਼ਬਦ ਟੁਕੜੀਆਂ ਹਨ ਪਰ ਉਹ ਸਾਡੇ ਕਿਸੇ ਕੰਮ ਨਹੀਂ ਆਉਂਦੀਆਂ ਕਿਉਂਕਿ ਪੰਜਾਬੀ ਵਿਚ ਉਨ੍ਹਾਂ ਦੀ ਬਣਤਰ ਅਨੁਸਾਰ ਸ਼ਬਦ ਹੀ ਨਹੀਂ ਹਨ। ਸਿਰਫ਼ ਤੁਹਾਡੀ ਜਾਣਕਾਰੀ ਲਈ ਲਿਖ ਰਿਹਾ ਹਾਂ:-

1. ਫਾਸਿਲਾ ਜਾਂ ਫਾਸਿਲਾ ਸੁਗਰਾ:- ਇਸ ਟੁਕੜੀ ਵਿਚ ਪਹਿਲੇ ਤਿੰਨ ਅੱਖਰ ਮੁਤਹਰਕ ਅਤੇ ਚੌਥਾ ਜਾਂ ਆਖ਼ਰੀ ਅੱਖਰ ਸਾਕਿਨ ਹੁੰਦਾ ਹੈ।
2. ਫ਼ਾਜ਼ਿਲਾ ਜਾਂ ਫਾਸਿਲਾ ਕੁਬਰਾ:- ਇਸ ਟੁਕੜੀ ਵਿਚ ਪਹਿਲੇ ਚਾਰ ਅੱਖਰ ਮੁਤਹਰਕ ਹੁੰਦੇ ਹਨ ਅਤੇ ਪੰਜਵਾਂ ਜਾਂ ਆਖ਼ਰੀ ਅੱਖਰ ਸਾਕਿਨ ਹੁੰਦਾ ਹੈ। ਇਹ ਦੋਵੇਂ ਸ਼ਬਦ ਟੁਕੜੀਆਂ ਅਰਬੀ ਭਾਸ਼ਾ ਲਈ ਹੀ ਰਾਖਵੀਆਂ ਹਨ, ਸਾਡੇ ਕਿਸੇ ਕੰਮ ਦੀਆਂ ਨਹੀਂ ਹਨ।

## ਕਾਂਡ - 2 - ਅ
## ਗ਼ਜ਼ਲ ਦੀਆਂ ਮੂਲ ਬਹਿਰਾਂ

ਰੁਕਨਾ ਵਾਲੇ ਕਾਂਡ ਵਿਚ ਤੁਸੀਂ ਪੜ੍ਹ ਚੁੱਕੇ ਹੋ ਕਿ ਇਨ੍ਹਾਂ ਰੁਕਨਾਂ ਨਾਲ਼ ਇਕੱਲੇ-ਇਕੱਲੇ ਜਾਂ ਦੋ-ਦੋ ਮਿਲ਼ਾ ਕੇ ਬਹਿਰਾਂ ਬਣਦੀਆਂ ਹਨ। ਤੁਹਾਡੇ ਮਨ ਵਿਚ ਇਹ ਸੁਆਲ ਜ਼ਰੂਰ ਉੱਠੇਗਾ ਕਿ ਆਖ਼ਰ ਇਹ ਬਹਿਰ ਕਿਸ ਬਲਾ ਦਾ ਨਾਮ ਹੈ। ਤੁਸੀਂ ਤਰਜ਼ ਸ਼ਬਦ ਤਾਂ ਜ਼ਰੂਰ ਸੁਣਿਆ ਹੋਵੇਗਾ, ਤਰਜ਼ ਭਾਵ ਟਿਊਨ ਨੂੰ ਹੀ ਬਹਿਰ ਕਹਿੰਦੇ ਹਨ। ਇਸ ਤਰਜ਼ ਜਾਂ ਟਿਊਨ ਉਪਰ ਹੀ ਅਧਾਰਿਤ ਕਿਸੇ ਗੀਤ ਆਦਿ ਦੀ ਬੰਦਿਸ਼ ਹੁੰਦੀ ਹੈ। ਟਿਊਨ ਅਨੁਸਾਰ ਗਾਈ ਹੋਈ ਕੋਈ ਵੀ ਰਚਨਾ ਕੰਨਾਂ ਨੂੰ ਚੰਗੀ ਵੀ ਲਗਦੀ ਹੈ ਅਤੇ ਸ਼ਬਦਾਂ ਨੂੰ ਏਧਰ ਓਧਰ ਵੀ ਨਹੀਂ ਹੋਣ ਦਿੰਦੀ। ਜੇ ਕਿਤੇ ਸ਼ਬਦ ਤਰਜ਼ ਜਾਂ ਟਿਊਨ ਵਿਚ ਨਹੀਂ ਸਮਾਉਂਦੇ ਤਾਂ ਗਵੱਈਏ ਨੂੰ ਝੱਟ ਪਤਾ ਲੱਗ ਜਾਂਦਾ ਹੈ। ਗਵੱਈਆ ਰਚਨਾ ਦੇ ਲੇਖਕ ਨੂੰ ਕਹਿ ਕੇ ਸ਼ਬਦ ਬਦਲਵਾਉਂਦਾ ਹੈ ਜਾਂ ਖ਼ੁਦ ਕੋਈ ਉੱਦਮ ਕਰਦਾ ਹੈ। ਬਹੁਤੀ ਵਾਰ ਤਾਂ ਗਵੱਈਆ ਕਿਸੇ ਸ਼ਬਦ ਨੂੰ ਜਲਦੀ ਜਾਂ ਹੌਲ਼ੀ ਉਚਾਰ ਕੇ ਇਸ ਬਹਿਰ, ਤਰਜ਼ ਜਾਂ ਟਿਊਨ ਦੇ ਅਨੁਸਾਰ ਕਰ ਲੈਂਦਾ ਹੈ ਪਰ ਜ਼ਿਆਦਾ ਫ਼ਰਕ ਹੋਣ ਦੀ ਸੂਰਤ ਵਿਚ ਉਹ ਅਜਿਹਾ ਨਹੀਂ



ਕਰ ਸਕਦਾ, ਨਤੀਜਾ ਰਚਨਾ ਖਰਵੀਂ ਅਤੇ ਬੇ-ਰਸੀ ਲਗਦੀ ਹੈ। ਸੋ ਇਹ ਗੱਲ ਸਾਫ਼ ਹੋ ਗਈ ਕਿ ਕਿਸੇ ਰਚਨਾ ਦੇ ਸ਼ਬਦਾਂ ਦਾ ਕਿਸੇ ਖ਼ਾਸ ਅਨੁਸ਼ਾਸ਼ਨ ਵਿਚ ਹੋਣਆ ਹੀ ਤਰਜ਼, ਟਿਊਨ ਜਾਂ ਬਹਿਰ ਹੈ। ਗ਼ਜ਼ਲ ਅਜੇਹੀ ਨਾਜ਼ੁਕ ਸਿਨਫ਼ ਹੈ ਕਿ ਇਕ ਅੱਖਰ ਜਾਂ ਮਾਤਰਾ ਵੀ ਵੱਧ-ਘੱਟ ਬਰਦਾਸ਼ਤ ਨਹੀਂ ਕਰਦੀ। ਜਿਵੇਂ ਬੇ-ਸੁਰਾ ਚੰਗਾ ਗਵੱਈਆ ਨਹੀਂ ਹੋ ਸਕਦਾ ਇਵੇਂ ਹੀ ਬਹਿਰ ਤੋਂ ਥਿੜਕੀ ਹੋਈ ਕੋਈ ਰਚਨਾ ਗ਼ਜ਼ਲ ਨਹੀਂ ਹੋ ਸਕਦੀ ਹੋਰ ਭਾਵੇਂ ਕੁਝ ਵੀ ਹੋਵੇ।

ਏਥੇ ਇਕ ਗੱਲ ਹੋਰ ਵੀ ਸਾਫ਼ ਕਰਨ ਵਾਲ਼ੀ ਹੈ ਕਿ ਗ਼ਜ਼ਲ ਗਾਇਕੀ ਵਿਚ ਉਚਾਰਣ ਦਾ ਬਹੁਤ ਮਹੱਤਵ ਹੈ। ਸਹੀ ਅਤੇ ਸ਼ੁੱਧ ਉਚਾਰਨ ਗ਼ਜ਼ਲ ਗਾਇਕੀ ਵਿਚ ਸੋਨੇ ਉਪਰ ਸੁਹਾਗੇ ਦਾ ਕੰਮ ਕਰਦਾ ਹੈ। ਸ਼ੁੱਧ ਉਚਾਰਨ ਦੇ ਪਿੱਛੇ ਵੀ ਲੇਖਕ ਦੀ ਕਲਮ ਦਾ ਹੀ ਹੱਥ ਹੈ ਗਵੱਈਏ ਨੇ ਤਾਂ ਉਸਦਾ ਅਨੁਸਰਨ ਹੀ ਕਰਨਾ ਹੁੰਦਾ ਹੈ। ਗ਼ਜ਼ਲ ਕਿਉਂਕਿ ਉਚਾਰਣ ਉਪਰ ਨਿਰਭਰ ਹੈ ਇਸ ਲਈ ਉਚਾਰਨ ਅਨੁਸਾਰ ਹੀ ਸ਼ਬਦ ਹੋਣੇ ਚਾਹੀਦੇ ਹਨ ਭਾਵ ਜਿਵੇਂ ਬੋਲੋ, ਤਿਵੇਂ ਲਿਖੋ ਦਾ ਸਿਧਾਂਤ ਅਪਨਾਉਣਾ ਚਾਹੀਦਾ ਹੈ। ਜਿੱਥੇ ਕੋਈ ਮਾਤਰਾ ਗਿਰਦੀ ਹੈ ਉਹ ਲਿਖੀ ਹੀ ਨਾ ਜਾਵੇ ਤਾਂ ਕਿ ਗਵੱਈਏ ਨੂੰ ਪਤਾ ਲੱਗ ਜਾਵੇ ਕਿ ਇਸ ਸ਼ਬਦ ਦਾ ਉਚਾਰਣ ਇਸ ਤੁਕ ਵਿਚ ਕੀ ਹੈ। ਗਵੱਈਏ ਕਿਉਂਕਿ ਅਰੂਜ਼ ਦੇ ਜਾਣਕਾਰ ਨਹੀਂ ਹੁੰਦੇ (ਹੋ ਸਕਦਾ ਹੈ ਥੋੜ੍ਹੇ ਬਹੁਤੇ ਹੁੰਦੇ ਹੋਣ) ਇਸ ਲਈ ਗ਼ਜ਼ਲਗੋਅ ਦੀ ਅਜੇਹੀ ਕੋਸ਼ਿਸ਼ (ਜਿਵੇਂ ਬੋਲੋ, ਤਿਵੇਂ ਲਿਖੋ ਦੀ) ਗਵੱਈਏ ਦੀ ਕਾਫ਼ੀ ਮਦਦ ਅਤੇ ਅਗਵਾਈ ਕਰੇਗੀ ਕਿਉਂਕਿ ਉਸਨੇ ਤਾਂ ਤਬਲੇ ਦੀ ਤਾਲ ਅਨੁਸਾਰ ਹੀ ਚਲਣਾ ਹੈ। ਸੋ ਇਹ ਤੈਅ ਹੋਇਆ ਕਿ ਬਹਿਰ ਦੀ ਮੰਗ ਜਾਂ ਲੋੜ ਅਨੁਸਾਰ ਸ਼ਬਦ-ਜੋੜਾਂ ਲਈ ਜਿਵੇਂ ਬੋਲੋ ਤਿਵੇਂ ਲਿਖੋ ਦਾ ਸਿਧਾਂਤ ਅਪਣਾ ਲੈਣਾ ਚਾਹੀਦਾ ਹੈ। ਇਹ ਸ਼ਬਦ ਕੋਈ ਜ਼ਿਆਦਾ ਨਹੀਂ ਹਨ ਜਿਵੇਂ ਮੇਰੀ ਤੇਰੀ ਨੂੰ ਲੋੜ ਅਨੁਸਾਰ ਮਿਰੀ-ਤਿਰੀ ਲਿਖਿਆ ਜਾਣਾ ਗ਼ਲਤ ਨਹੀਂ ਹੈ ਉਵੇਂ ਹੀ ਕੋਈ ਨੂੰ ਕੁਈ ਵੀ ਲਿਖਿਆ ਜਾਣਾ ਜਾਇਜ਼ ਹੈ। ਕੁਝ ਹੋਰ ਸ਼ਬਦ ਵੀ ਹਨ ਜੋ ਇਸ ਤਰ੍ਹਾਂ ਦੇ ਧਿਆਨ ਦੀ ਮੰਗ ਕਰਦੇ ਹਨ। ਗ਼ਜ਼ਲ ਦੀ ਤਕਤੀਹ ਜਾਂ ਪੜਤਾਲ ਵੇਲੇ ਵੀ ਇਹ ਸਿਧਾਂਤ ਕਾਫ਼ੀ ਕੰਮ ਆਵੇਗਾ।

ਉੱਪਰ ਤੁਸੀਂ ਜਾਣ ਆਏ ਹੋ ਕਿ ਬਹਿਰ ਸ਼ਬਦ ਦੀ ਕੀ ਪਰਿਭਾਸ਼ਾ ਹੈ ਅਤੇ ਜਿਵੇਂ ਬੋਲੋ, ਤਿਵੇਂ ਲਿਖੋ ਦਾ ਸਿਧਾਂਤ ਕਿਉਂ ਜ਼ਰੂਰੀ ਹੈ। ਹੁਣ ਆਪਾਂ ਰੁਕਨਾ ਤੋਂ ਬਣਨ ਵਾਲ਼ੀਆਂ ਬਹਿਰਾਂ ਬਾਰੇ ਜਾਣਾਂਗੇ। ਗ਼ਜ਼ਲ ਦੇ ਕਾਵਿ-ਸਿਧਾਂਤ ਅਰੂਜ਼ ਅਨੁਸਾਰ ਗ਼ਜ਼ਲ ਦੀਆਂ ਕੁੱਲ ਉਨੀ ਬਹਿਰਾਂ ਹਨ ਜੋ ਸਾਰੀਆਂ ਹੀ ਸਾਲਮ ਜਾਂ ਸਾਬਤ ਹਨ। ਬਹੁਤ ਸਾਰੀਆਂ ਹੋਰ ਬਹਿਰਾਂ ਵੀ ਹਨ ਜੋ ਇਨ੍ਹਾਂ ਬਹਿਰਾਂ ਉੱਪਰ ਹੀ ਕਾਂਟ-ਛਾਂਟ (ਜ਼ਿਹਾਫ਼) ਦੇ ਤਰੀਕੇ ਲਾਗੂ ਕਰਕੇ ਬਣਦੀਆਂ ਹਨ, ਉਨ੍ਹਾਂ ਦਾ ਜ਼ਿਕਰ

ਜ਼ਿਹਾਫ਼ਾਂ ਵਾਲੇ ਕਾਂਡ (ਕਾਂਟ-ਛਾਂਟ ਦੇ ਤਰੀਕੇ) ਵਿਚ ਕਰਾਂਗੇ। ਏਥੇ ਸਿਰਫ਼ ਸਬੂਤੇ ਰੁਕਨਾ ਨਾਲ਼ ਬਣਦੀਆਂ ਸਬੂਤੀਆਂ ਬਹਿਰਾਂ ਬਾਰੇ ਹੀ ਚਰਚਾ ਕਰਾਂਗੇ। ਰੁਕਨਾ ਦੇ ਸਾਲਮ ਜਾਂ ਸਾਬਤ ਸਿਧਾਂਤ ਅਨੁਸਾਰ ਸਾਡੇ ਵਡੇਰਿਆਂ ਨੇ ਕੁੱਲ ਉਨੀਂ ਬਹਿਰਾਂ ਈਜਾਦ ਕੀਤੀਆਂ ਹਨ। ਜਿੰਨ੍ਹਾਂ ਵਿਚੋਂ ਪੰਦਰਾਂ ਬਹਿਰਾਂ ਅਰੂਜ਼ ਦੇ ਮੁਢਲੇ ਕਾਢੀ ਜਨਾਬ ਖ਼ਲੀਲ ਬਿਨ ਅਹਿਮਦ ਸਾਹਿਬ ਨੇ ਈਜ਼ਾਦ ਕੀਤੀਆਂ ਹਨ, ਬਾਕੀ ਦੀਆਂ ਚਾਰ ਵੱਖ-ਵੱਖ ਸਮੇਂ ਵੱਖ-ਵੱਖ ਅਰੂਜ਼ੀਆਂ (ਵਿਦਵਾਨਾਂ) ਨੇ ਈਜ਼ਾਦ ਕੀਤੀਆਂ ਹਨ, ਜਿੰਨ੍ਹਾਂ ਦਾ ਜ਼ਿਕਰ ਅੱਗੇ ਜਾ ਕੇ ਕਰਾਂਗੇ। ਸਾਰੀਆਂ ਉੱਨੀ ਸਾਲਮ ਬਹਿਰਾਂ ਦੀ ਤਫ਼ਸੀਲ ਇਸ ਤਰ੍ਹਾਂ ਹੈ:-

1. ਬਹਿਰ ਹਜ਼ਜ਼ = ਮੁਫ਼ਾਈਲੁਨ ਰੁਕਨ ਦੋਹਾਂ ਤੁਕਾਂ ਵਿਚ ਅੱਠ ਵਾਰ।
2. ਬਹਿਰ ਰਮਲ = ਫ਼ਾਇਲਾਤਨ ਰਕਨ ਦੋਹਾਂ ਤੁਕਾਂ ਵਿਚ ਅੱਠ ਵਾਰ।
3. ਬਹਿਰ ਰਜ਼ਜ਼ = ਮੁਸਤਫ਼ਇਲੁਨ ਰੁਕਨ ਦੋਹਾਂ ਤੁਕਾਂ ਵਿਚ ਅੱਠ ਵਾਰ।
4. ਬਹਿਰ ਮੁਤਕਾਰਿਬ = ਫ਼ਊਲੁਨ ਰੁਕਨ ਦੋਹਾਂ ਤੁਕਾਂ ਵਿਚ ਅੱਠ ਵਾਰ।
5. ਬਹਿਰ ਮੁਤਦਾਰਿਕ = ਫ਼ਾਇਲੁਨ ਰੁਕਨ ਦੋਹਾਂ ਤੁਕਾਂ ਵਿਚ ਅੱਠ ਵਾਰ।
6. ਬਹਿਰ ਕਾਮਿਲ = ਮੁਤੁਫ਼ਾਇਲੁਨ ਰੁਕਨ ਦੋਹਾਂ ਤੁਕਾਂ ਵਿਚ ਅੱਠ ਵਾਰ।
7. ਬਹਿਰ ਵਾਫ਼ਿਰ = ਮੁਫ਼ਾਇਲੁਤੁਨ ਰੁਕਨ ਦੋਹਾਂ ਤੁਕਾਂ ਵਿਚ ਅੱਠ ਵਾਰ।

   ਉਪਰੋਕਤ ਸਾਰੀਆਂ ਬਹਿਰਾਂ ਇਕੋ ਰੁਕਨ ਨਾਲ਼ ਬਣੀਆਂ ਹਨ ਅਤੇ ਕੋਈ ਕਾਂਟ-ਛਾਂਟ ਦਾ ਤਰੀਕਾ (ਜ਼ਿਹਾਫ਼) ਲਾਗੂ ਨਹੀਂ ਹੋਇਆ ਇਸ ਲਈ ਰੁਕਨ ਸਬੂਤੇ ਹੋਣ ਕਰਕੇ ਸਾਲਿਮ ਅਖਵਾਉਂਦੀਆਂ ਹਨ ਅਤੇ ਇਨ੍ਹਾਂ ਬਹਿਰਾਂ ਨੂੰ **ਮੁਫ਼ਰਦ ਬਹਿਰਾਂ** ਆਖਦੇ ਹਨ।

8. ਬਹਿਰ ਤਵੀਲ = ਫ਼ਊਲੁਨ ਅਤੇ ਮੁਫ਼ਾਈਲੁਨ ਦੋਵੇਂ ਰੁਕਨ ਇਕ ਤੁਕ ਵਿਚ ਦੋ-ਦੋ ਵਾਰ ਆਉਂਦੇ ਹਨ।
9. ਬਹਿਰ ਮਦੀਦ = ਫ਼ਾਇਲਾਤੁਨ ਅਤੇ ਫ਼ਾਇਲੁਨ ਦੋਵੇਂ ਰੁਕਨ ਇਕ ਤੁਕ ਵਿਚ ਦੋ ਵਾਰ ਆਉਂਦੇ ਹਨ।
10. ਬਹਿਰ ਬਸੀਤ = ਮੁਸਤਫ਼ਇਲੁਨ ਅਤੇ ਫਾਇਲੁਨ ਦੋਵੇਂ ਰੁਕਨ ਇਕ ਤੁਕ ਵਿਚ ਦੋ-ਦੋ ਵਾਰ ਆਉਂਦੇ ਹਨ।
11. ਬਹਿਰ ਮੁਜਾਰਿਆ = ਮੁਫ਼ਾਈਲੁਨ ਅਤੇਫਾਇਲਾਤੁਨ ਦੋਵੇਂ ਰੁਕਨ ਇਕ ਤੁਕ ਵਿਚ ਦੋ-ਦੋ ਵਾਰ ਆਉਂਦੇ ਹਨ।
12. ਬਹਿਰ ਮਕਤਜ਼ਬ = ਮਫ਼ਊਲਾਤ ਅਤੇ ਮੁਸਤਫ਼ਇਲੁਨ ਦੋਵੇਂ ਰੁਕਨ ਇਕ ਤੁਕ ਵਿਚ ਦੋ-ਦੋ ਵਾਰ ਆਉਂਦੇ ਹਨ।
13. ਬਹਿਰ ਮੁਨਸਰਹਿ = ਮੁਸਤਫ਼ਇਲੁਨ ਅਤੇ ਫ਼ਾਇਲਾਤੁਨ ਦੋਵੇਂ ਰੁਕਨ ਇਕ ਤੁਕ ਵਿਚ ਦੋ-ਦੋ ਵਾਰ ਆਉਂਦੇ ਹਨ।
14. ਬਹਿਰ ਮੁਜਤਸ = ਮੁਸਤਫ਼ਇਲੁਨ ਅਤੇ ਫ਼ਾਇਲਾਤੁਨ ਦੋਵੇਂ ਰੁਕਨ ਇਕ ਤੁਕ ਵਿਚ ਦੋ-ਦੋ ਵਾਰ ਆਉਂਦੇ ਹਨ।

    ਬਹਿਰ ਨੰਬਰ ਅੱਠ ਤੋਂ ਬਹਿਰ ਨੰਬਰ ਚੌਦਾਂ ਤੀਕ ਸੰਬੰਧਿਤ ਰੁਕਨ ਇਕ ਤੁਕ ਵਿਚ ਦੋ-ਵਾਰ ਆਉਂਦੇ ਹਨ ਅਤੇ ਹਨ ਵੀ ਸਾਲਿਮ, ਇਸ ਲਈ ਇਹ ਸੱਤੇ ਬਹਿਰਾਂ ਵੀ ਸਾਲਿਮ ਹਨ ਪਰ ਇਨ੍ਹਾਂ ਨੂੰ **ਮੁਰੱਕਬ ਬਹਿਰਾਂ** ਕਹਿੰਦੇ ਹਨ। ਬਾਕੀ ਬਚਦੀਆਂ ਪੰਜ ਬਹਿਰਾਂ ਵਿਚ ਸੰਬੰਧਿਤ ਰੁਕਨ ਇਕ ਤੁਕ ਵਿਚ ਇਕ ਵਾਰ ਹੀ ਆਉਣਗੇ ਪਰ ਹੋਣਗੇ ਸਾਲਿਮ ਹੀ। ਦੋ ਵੱਖ-ਵੱਖ ਰੁਕਨਾ ਤੋਂ ਬਣੀਆਂ ਹੋਰ ਕਰਕੇ ਹੇਠ ਲਿਖੀਆਂ ਪੰਜ ਬਹਿਰਾਂ ਵੀ ਸਾਲਿਮ ਅਤੇ ਮੁਰੱਕਬ ਹੀ ਅਖਵਾਉਂਦੀਆਂ ਹਨ। ਸਾਲਿਮ ਇਸ ਲਈ ਕਿਉਂਕਿ ਇਹਨਾਂ ਦੇ ਕਿਸੇ ਰੁਕਨ ਉਪਰ ਵੀ ਕੋਈ ਕਾਂਟ-ਛਾਂਟ ਦਾ ਤਰੀਕਾ (ਜ਼ਿਹਾਫ਼) ਲਾਗੂ ਨਹੀਂ ਕੀਤਾ ਗਿਆ।

15. ਬਹਿਰ ਜਦੀਦ = ਫਾਇਲਾਤੁਨ-ਫ਼ਾਇਲਾਤੁਨ-ਮੁਸਤਫ਼ਇਲੁਨ ਇਕ ਤੁਕ ਵਿਚ ਇਕ ਵਾਰ ਹੀ।
16. ਬਹਿਰ ਖ਼ਫੀਫ = ਫਾਇਲਾਤੁਨ- ਮੁਸਤਫ਼ਇਲੁਨ- ਫਾਇਲਾਤੁਨ ਇਕ ਤੁਕ ਵਿਚ ਇਕ ਵਾਰ ਹੀ।
17. ਬਹਿਰ ਸਰੀਅ = ਮੁਸਤਫ਼ਇਲੁਨ - ਮਸਤਫ਼ਇਲੁਨ-ਮਫ਼ਊਲਾਤ ਇਕ ਤੁਕ ਵਿਚ ਇਕ ਵਾਰ ਹੀ।
18. ਬਹਿਰ ਕਰੀਬ = ਮੁਫ਼ਾਈਲਨ-ਮੁਫ਼ਾਈਲੁਨ-ਫ਼ਾਇਲਾਤੁਨ ਇਕ ਤੁਕ ਵਿਚ ਇਕ ਵਾਰ ਹੀ।
19. ਬਹਿਰ ਮੁਸ਼ਾਕਿਲ = ਫ਼ਾਇਲਾਤੁਨ-ਮੁਫ਼ਾਈਲੁਨ-ਮੁਫ਼ਾਈਲੁਨ ਇਕ ਤੁਕ ਵਿਚ ਇਕ ਵਾਰ ਹੀ।

ਉਪਰੋਕਤ ਆਖ਼ਰੀ ਪੰਜ ਬਹਿਰਾਂ ਵੀ ਰੁਕਨਾ ਕਰਕੇ ਸਾਲਿਮ ਹੀ ਹਨ ਅਤੇ ਇਕ ਤੁਕ ਵਿਚ ਵੱਖ-ਵੱਖ ਦੋ ਰੁਕਨ ਹੋਣ ਕਰਕੇ **ਮੁਰੱਕਬ ਬਹਿਰਾਂ** ਦੀ ਸ਼ਰੇਣੀ ਵਿਚ ਹੀ ਗਿਣੀਆਂ ਜਾਂਦੀਆਂ ਹਨ। ਜੇ ਤੁਸੀਂ ਧਿਆਨ ਨਾਲ਼ ਵੇਖੋ ਤਾਂ ਬਹਿਰ ਨੰਬਰ ਬਾਰਾਂ-ਤੇਰਾਂ ਅਤੇ ਬਹਿਰ ਨੰਬਰ ਅਠਾਰਾਂ ਉੱਨੀ ਸੰਬੰਧਿਤ ਰੁਕਨਾ ਨੂੰ ਸਿਰਫ਼ ਅੱਗੇ ਪਿੱਛੇ ਕਰਕੇ ਹੀ ਸਿਰਜੀਆਂ ਗਈਆਂ ਹਨ, ਹੋਰ ਇਨ੍ਹਾਂ ਵਿਚ ਕੋਈ ਨਵੀਨਤਾ ਨਹੀਂ ਹੈ। ਰੁਕਨ ਅੱਗੇ ਪਿੱਛੇ ਹੋਣ ਕਰਕੇ ਬਹਿਰ ਦੀ ਚਾਲ ਬਦਲ ਗਈ ਅਤੇ ਵੱਖਰਾਪਨ ਪੈਦਾ ਹੋ ਗਿਆ, ਸੋ ਇਹ ਬਹਿਰਾਂ ਨਵੀਆਂ ਲੱਗਣ ਲੱਗੀਆਂ। ਤੁਸੀਂ ਵੀ ਇੰਝ ਕੋਈ

ਵੀ ਦੋ ਜਾਂ ਤਿੰਨ ਵੱਖ-ਵੱਖ ਰੁਕਨ ਜੋੜਕੇ (ਜੋ ਉਪਰੋਕਤ ਬਹਿਰਾਂ ਵਿਚ ਨਾ ਜੋੜੇ ਗਏ ਹੋਣ) ਨਵੀਆਂ ਬਹਿਰਾਂ ਈਜ਼ਾਦ ਕਰ ਸਕਦੇ ਹੋ। ਤੁਹਾਨੂੰ ਆਪਣੀਆਂ ਸਿਰਜੀਆਂ ਬਹਿਰਾਂ ਦੇ ਨਾਮ ਕਰਨ ਦੀ ਸਮੱਸਿਆ ਆਵੇਗੀ। ਇਸ ਦਾ ਵੀ ਹੱਲ ਹੈ। ਅੱਗੇ ਜਾ ਕੇ ਦੱਸਾਂਗੇ।



# ਕਾਂਡ - 3
# ਜਿਹਾਫ਼-ਰੁਕਨਾ ਨੂੰ ਕਾਂਟ-ਛਾਂਟ ਦੇ ਤਰੀਕੇ

ਸਿਖਿਆਰਥੀਓ! ਇਸ ਕਾਂਡ ਵਿਚ ਤੁਹਾਡੇ ਨਾਲ਼ ਗ਼ਜ਼ਲ ਦੇ ਸਭ ਤੋਂ ਮਹੱਤਵਪੂਰਨ ਹਿੱਸੇ ਦੀ ਜਾਣ-ਪਛਾਣ ਕਰਾਈ ਜਾਵੇਗੀ। ਪਿੱਛੇ ਤੁਸੀਂ ਸਾਰੀਆਂ ਸਾਲਿਮ ਬਹਿਰਾਂ ਬਾਰੇ ਜਾਣ ਆਏ ਹੋ। ਅਰੂਜ਼ ਦੇ ਕਾਢੀਆਂ ਨੇ ਬਹਿਰਾਂ ਵਿਚ ਨਵੀਨਤਾ ਲਿਆਉਣ ਲਈ ਕੁਝ ਤਰੀਕੇ ਈਜ਼ਾਦ ਕੀਤੇ ਹਨ, ਜਿਨ੍ਹਾਂ ਨਾਲ਼ ਬਹਿਰਾਂ ਦੇ ਰੁਕਨਾਂ ਨੂੰ ਛੋਟੇ ਜਾਂ ਵੱਡੇ ਕੀਤਾ ਜਾ ਸਕਦਾ ਹੈ। ਜ਼ਾਹਿਰ ਹੈ ਕਿ ਜੇ ਰੁਕਨ ਦਾ ਰੂਪ, ਕੱਦ-ਬੁੱਤ ਛੋਟਾ ਜਾਂ ਵੱਡਾ ਕੀਤਾ ਜਾਵੇਗਾ ਤਾਂ ਕੁਦਰਤੀ ਬਹਿਰ ਵਿਚ ਤਬਦੀਲੀ ਆ ਜਾਵੇਗੀ। ਇਹ ਤਬਦੀਲੀ ਹੀ ਨਵੀਨਤਾ ਦੀ ਸੂਚਕ ਹੈ। ਮੇਰੇ ਕੋਲ ਵੱਖ-ਵੱਖ ਸਰੋਤਾਂ ਰਾਹੀਂ ਜੋ ਜਾਣਕਾਰੀ ਹੈ ਉਸ ਅਨੁਸਾਰ ਜ਼ਿਹਾਫ਼ਾਂ ਦੀ ਗਿਣਤੀ ਤਕਰੀਬਨ ਪੰਜਤਾਲੀ ਕੁ ਹੈ। ਇਹ ਗਿਣਤੀ ਘੱਟ-ਵੱਧ ਵੀ ਹੋ ਸਕਦੀ ਹੈ। ਹੋ ਸਕਦਾ ਹੈ ਕਿ ਕਿਸੇ ਅਰਬੀ/ਫ਼ਾਰਸੀ ਦੇ ਜਾਣਕਾਰ ਵਿਦਵਾਨ ਕੋਲ਼ ਇਹਨਾਂ ਜ਼ਿਹਾਫ਼ਾਂ ਦੀ ਗਿਣਤੀ ਅਤੇ ਜਾਣਕਾਰੀ ਕਾਫ਼ੀ ਜ਼ਿਆਦਾ ਹੋਵੇ ਪਰ ਅਰਬੀ/ਫ਼ਾਰਸੀ ਅਤੇ ਉਰਦੂ ਦੀ ਜਾਣਕਾਰੀ ਮੈਨੂੰ ਨਾ ਹੋਣ ਕਾਰਨ ਮੇਰੀ ਇਕ ਆਪਣੀ ਸਮਰੱਥਾ ਅਤੇ ਹੱਦ ਹੈ ਸੋ ਮੈਂ ਇਸੇ ਹੱਦ ਵਿਚ ਰਹਿ ਕੇ ਆਪਣੀ ਗੱਲ ਕਰਾਂਗਾ। ਏਥੇ ਮੈਂ ਫਿਰ ਯਾਦ ਕਰਵਾ ਦੇਵਾਂ ਕਿ ਮੇਰੀ ਇਸ ਸੀਮਤ ਜਾਣਕਾਰੀ ਵਿਚ ਮੇਰੇ ਸਵਰਗੀ ਪਿਤਾ ਜੀ ਸਰਦਾਰ ਸਰਦਾਰਾ ਸਿੰਘ ਬਮਰ੍ਹਾ ਜੀ ਦਾ ਕਾਫ਼ੀ ਹੱਥ ਹੈ। ਉਨ੍ਹਾਂ ਦੇ ਲਿਖਾਏ ਹੋਏ ਕਾਫ਼ੀ ਨੁਕਤੇ ਨਵੇਂ ਅਤੇ ਜਾਣਕਾਰੀ ਭਰਪੂਰ ਹਨ ਜੋ ਮੇਰੇ ਇਸ ਵਕ਼ਤ ਕੰਮ ਆ ਰਹੇ ਹਨ। ਅਫ਼ਸੋਸ! ਕਿ ਉਸ ਵੇਲੇ ਮੈਂ ਲੋੜ ਨਾ ਸਮਝਦੇ ਹੋਏ ਸੰਬੰਧਿਤ ਕਿਤਾਬਾਂ ਦੇ ਨਾਮ ਨਹੀਂ ਨੋਟ ਕੀਤੇ ਅਤੇ ਉਹ ਕਿਤਾਬਾਂ ਵੀ ਮੇਰੀ ਮਾਤਾ ਜੀ ਦੀ ਅਣਗਹਿਲੀ ਕਰਕੇ ਰੱਦੀ ਦੀ ਭੇਂਟ ਹੋ ਗਈਆਂ। ਉਹ ਖ਼ਜ਼ਾਨਾ ਜ਼ਿੰਦਗੀ ਵਿਚ ਕਦੇ ਵੀ ਨਹੀਂ ਮਿਲੇਗਾ। ਪਿਤਾ ਜੀ ਦੀ ਯਾਦ ਨੂੰ ਮੇਰਾ ਸੌ-ਸੌ ਪਰਣਾਮ।

ਪਿਛਲੇ ਕਾਂਡ (ਮੂਲ ਰਚਨਾ ਦੀ ਜਾਣਕਾਰੀ) ਵਿਚ ਤੁਸੀਂ ਸਾਰੇ ਸਾਲਿਮ ਰੁਕਨਾ ਬਾਰੇ ਪੜ੍ਹ ਆਏ ਹੋ। ਇਸ ਹਿੱਸੇ ਵਿਚ ਰੁਕਨਾ ਉਪਰ ਜਿਹਾਫ਼ ਲਾਗੂ ਹੋਣ ਪਿੱਛੋਂ ਜੋ ਨਵੇਂ ਰੁਕਨ ਬਣਦੇ ਹਨ ਉਨ੍ਹਾਂ ਬਾਰੇ ਤੁਸੀਂ ਜਾਣੋਗੇ। ਜ਼ਿਹਾਫ਼ਾਂ ਦੀ ਜਾਣਕਾਰੀ ਵਾਲੇ ਕਾਂਡ ਵਿਚ ਵੀ ਤੁਸੀਂ ਵੇਖੋਗੇ ਕਿ ਕਈ ਜ਼ਿਹਾਫ਼ ਕਿਸੇ ਰੁਕਨ

ਨੂੰ ਵੱਡਾ ਕਰ ਦਿੰਦੇ ਹਨ ਅਤੇ ਕਈਆਂ ਨੂੰ ਛੋਟਾ ਕਰ ਦਿੰਦੇ ਹਨ। ਆਓ! ਆਪਾਂ ਪਹਿਲਾਂ ਸਾਰੇ ਨਵੇਂ ਰੁਕਨਾ ਬਾਰੇ ਜਾਣੀਏ।

## ਕਾਂਡ-3 - ਓ

ਉਹ ਰੁਕਨ ਜੋ ਜ਼ਿਹਾਫ਼ਾਂ ਕਰਕੇ ਆਪਣਾ ਆਕਾਰ ਵਧਾਉਂਦੇ ਹਨ:

1. ਮੁਫ਼ਾਈਲਾਨ
2. ਫ਼ਾਇਲਾਤਾਨ
3. ਮੁਸਤਫ਼ਇਲਾਨ
4. ਮਫ਼ਊਲਾਨ
5. ਫ਼ਊਲਾਨ
6. ਮੁਫਾਇਲਾਨ
7. ਫ਼ਾਇਲਾਨ
8. ਮੁਫ਼ਾਇਲੁਤਾਨ
9. ਮੁਫ਼ਤਇਲਾਨ
10. ਮੁਤੁਫ਼ਾਇਲਾਨ
11. ਮੁਸਤਫ਼ਇਲਾਤੁਨ
12. ਮੁਤੁਫ਼ਾਇਲਾਤੁਨ

ਉਹ ਰੁਕਨ ਜੋ ਜਿਹਾਫ਼ਾਂ ਕਰਕੇ ਆਪਣਾ ਆਕਾਰ ਘਟਾਉਂਦੇ ਹਨ:-

1. ਮੁਫ਼ਾਇਲੁਨ
2. ਮੁਫ਼ਾਈਲ
3. ਮਫ਼ਊਲੁਨ
4. ਮਫ਼ਊਲ
5. ਫ਼ਾਇਲੁਨ
6. ਫ਼ਊਲ
7. ਫ਼ਿਅਲ
8. ਫ਼ੇਲ
9. ਫ਼ਾਇ



10. ਫ਼ੇ
11. ਫ਼ੇਲੁਨ
12. ਫ਼ਿਇਲਾਤੁਨ
13. ਫ਼ਾਇਲਾਤ
14. ਫ਼ਿਇਲਾਤ
15. ਫ਼ਾਇਲਾਨ
16. ਫ਼ੇਲਾਨ
17. ਫ਼ੇਲਾਤ
18. ਮੁਫ਼ਤੁਇਲੁਨ
19. ਫ਼ਿਇਲੁਤੁਨ
20. ਫ਼ਿਇਲੁਨ

ਜ਼ਿਹਾਫ਼ਾਂ ਨਾਲ਼ ਆਕਾਰ ਵਧਾਏ ਹੋਏ ਕੁਲ ਰੁਕਨ ਗਿਣਤੀ ਵਿਚ ਬਾਰਾਂ ਹਨ ਅਤੇ ਜ਼ਿਹਾਫ਼ਾਂ ਨਾਲ਼ ਆਕਾਰ ਘਟਾਉਣ ਵਾਲੇ ਕੁਝ ਰੁਕਨ ਵੀਹ ਹਨ। ਸਾਡੇ ਕੋਲ ਅੱਠ ਸਾਲਿਮ ਅਤੇ ਮੁਢਲੇ ਰੁਕਨ ਹਨ। ਇਸ ਤਰ੍ਹਾਂ ਕੁਲ ਰੁਕਨਾ ਦੀ ਗਿਣਤੀ ਚਾਲ਼ੀ ਹੋ ਗਈ ਹੈ। ਇਹੀ ਚਾਲੀ ਰੂਪ ਕਿਸੇ ਨਾ ਕਿਸੇ ਬਹਿਰ ਵਿਚ ਬਹਿਰਾਂ ਦੇ ਵੇਰਵੇ ਵਾਲ਼ੇ ਕਾਂਡ ਵਿਚ ਆਉਣਗੇ ਅਤੇ ਇਨ੍ਹਾਂ ਚਾਲ਼ੀ ਰੁਕਨਾ ਨਾਲ਼ ਹੋਰ-ਹੋਰ ਬਹਿਰਾਂ ਬਣਨਗੀਆਂ।

## ਕਾਂਡ-3 - ਅ
## ਜ਼ਿਹਾਫ਼ਾਂ ਵਲੋਂ ਰੁਕਨਾ ਦੇ ਗਿਰਾਏ ਜਾਂਦੇ ਅੱਖਰਾਂ ਦਾ ਵੇਰਵਾ

ਪਿਛਲੇ ਕਾਂਡ-3-ਓ ਵਿਚ ਤੁਸੀਂ ਜ਼ਿਰਾਫ਼ਾਂ ਵੱਲੋਂ ਕਾਂਟ-ਛਾਂਟ ਕੇ ਬਾਕੀ ਬਚਦੇ ਰੁਕਨਾ ਦਾ ਵੇਰਵਾ ਵਿਸਥਾਰ ਨਾਲ਼ ਪੜ੍ਹ ਚੁੱਕੇ ਹੋ। ਇਹ ਸਾਰੇ ਰੁਕਨ ਨਵੀਂ ਬਹਿਰ ਸਿਰਜਣ ਜਾਂ ਕਿਸੇ ਬਹਿਰ ਦਾ ਨਾਮ ਕਰਨ ਵੇਲੇ ਅਸਰ-ਅੰਦਾਜ਼ ਹੁੰਦੇ ਹਨ। ਇਸ ਕਾਂਡ ਵਿਚ ਤੁਸੀਂ ਇਹ ਜਾਣੋਗੇ ਕਿ ਕਿਸ ਜ਼ਿਹਾਫ਼ ਨੇ ਕਿਹੜੇ ਰੁਕਨ ਦਾ ਕਿਹੜਾ ਅੱਖਰ ਜਾਂ ਮਾਤਰਾ ਗਿਰਾ ਕੇ ਉਸ ਨੂੰ ਨਵਾਂ ਰੂਪ ਦਿੱਤਾ ਹੈ। ਹਰ ਜ਼ਿਹਾਫ਼ ਵੱਲੋਂ ਕਿਸੇ ਰੁਕਨ ਦੇ ਡੇਗੇ ਜਾਂਦੇ ਅੱਖਰ ਜਾਂ ਮਾਤਰਾ ਹੀ ਸੰਕੇਤ ਰੂਪ ਵਿਚ ਦੱਸੇ ਜਾਣਗੇ। ਜ਼ਿਆਦਾ ਵਿਸਥਾਰ ਨਹੀਂ ਦਿੱਤਾ ਜਾਵੇਗਾ। ਇਸੇ ਕਾਂਡ ਦੇ ਅਗਲੇ

ਹਿੱਸਿਆਂ ਵਿਚ ਤੁਹਾਨੂੰ ਜ਼ਿਹਾਫ਼ਾਂ ਅਤੇ ਰੁਕਨਾ ਦੇ ਹੋਰ ਰੂਪਾਂ ਤੋਂ ਵੀ ਜਾਣੂ ਕਰਵਾਇਆ ਜਾਵੇਗਾ। ਲੋੜ ਅਨੁਸਾਰ ਤੁਸੀਂ ਸਫ਼ਾ ਖੋਲ੍ਹ ਕੇ ਸਾਰੀ ਜਾਣਕਾਰੀ ਲੈ ਸਕੋਗੇ। ਪਿੱਛੇ ਤੁਹਾਨੂੰ ਦੱਸਿਆ ਸੀ ਕਿ ਕੁਝ ਜ਼ਿਹਾਫ਼ ਮੌਜੂਦਾ ਰੁਕਨਾ ਵਿਚ ਕੁਝ ਨਵੇਂ ਅੱਖਰ ਜਾਂ ਮਾਤਰਾ ਜੋੜ ਕੇ ਉਸਦਾ ਆਕਾਰ ਵਧਾ ਦਿੰਦੇ ਹਨ ਅਤੇ ਕਈ ਜ਼ਿਹਾਫ਼ ਮੌਜੂਦਾ ਰੁਕਨ ਵਿਚੋਂ ਕੋਈ ਅੱਖਰ ਜਾਂ ਮਾਤਰਾ ਘਟਾ ਕੇ ਉਸਦਾ ਰੂਪ ਬਦਲ ਦਿੰਦੇ ਹਨ। ਰੁਕਨ ਦਾ ਵਜ਼ਨ ਜਾਂ ਰੂਪ ਵਧਾਉਣ ਵਾਲੇ  ਸਿਰਫ਼ ਚਾਰ ਹੀ ਜ਼ਿਹਾਫ਼ ਹਨ, ਉਨ੍ਹਾਂ ਬਾਰੇ ਪੜ੍ਹੋ:-

**ਮਾਤਰਾ ਵਧਾਉਣ ਵਾਲੇ ਜ਼ਿਹਾਫ਼:-**

1. ਅਜਾਲਾ/ਇਜ਼ਾਲ- ਰੁਕਨ ਦੇ ਅਖ਼ੀਰ ਤੇ ਆਉਂਦੀ ਤਿੰਨ ਅੱਖਰੀ ਟੁਕੜੀ ਇਲੁਨ ਦੇ ਨੰਨੇ ਤੋਂ ਪਹਿਲਾ ਕੰਨਾ ਲਗਾ ਦਿੰਦਾ ਹੈ ਭਾਵ ਕੰਨਾ ਵਧਾ ਦਿੰਦਾ ਹੈ।
2. ਤਰਫ਼ੀਲ = ਰੁਕਨ ਦੇ ਅਖ਼ੀਰ ਉੱਤੇ ਆਉਂਦੀ ਤਿੰਨ ਅੱਖਰੀ ਟੁਕੜੀ ਇਲੁਨ ਤੋਂ ਬਾਅਦ ਦੋ ਅੱਖਰ ਭਾਵ ਇਕ ਸਬੱਬ ਖ਼ਫ਼ੀਫ਼ ਹੋਰ ਵਧਾ ਦਿੰਦਾ ਹੈ।
3. ਤਸਬੀਗ = ਰੁਕਨ ਦੇ ਅਖ਼ੀਰਲੇ ਸਬੱਬ ਖ਼ਫ਼ੀਫ਼ ਲੁਨ-ਤੁਨ ਦੇ ਕੰਨੇ ਤੋਂ ਪਹਿਲਾਂ ਕੰਨਾ ਵਧਾ ਦਿੰਦਾ ਹੈ।
4. ਤੈਜ਼ਾਲ = ਮੁਸਤਫ਼ਇਲੁਨ ਤੋਂ ਕਾਂਟ-ਛਾਂਟ ਕੇ ਮੁਫ਼ਤਇਲੁਨ ਬਣੇ ਰੁਕਨ ਦੇ ਇਲੁਨ ਵਿਚ ਆਖ਼ਰੀ ਅੱਖਰ ਨੰਨੇ ਤੋਂ ਪਹਿਲਾਂ ਕੰਨਾ ਵਧਾ ਦਿੰਦਾ ਹੈ।

ਅੱਖਰ ਜਾਂ ਮਾਤਰਾ ਵਧਾਉਣ ਵਾਲੇ ਸਿਰਫ਼ ਏਹੀ ਚਾਰ ਜ਼ਿਹਾਫ਼ ਹਨ। ਬਾਕੀ ਸਾਰੇ ਜ਼ਿਹਾਫ਼ ਰੁਕਨਾ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ਼ ਛੋਟਾ ਹੀ ਕਰਦੇ ਹਨ। ਛੋਟਾ ਕਿਵੇਂ ਕਰਦੇ ਹਨ ਆਓ। ਵੇਖੀਏ।

## ਕਾਂਡ-3 - ੲ
## ਰੁਕਨਾ ਵਿਚੋਂ ਅੱਖਰ ਜਾਂ ਮਾਤਰਾ ਘਟਾਉਣ ਵਾਲੇ ਜ਼ਿਹਾਫ਼

### 1. ਰੁਕਨ ਦਾ ਪਹਿਲਾ ਅੱਖਰ ਗਿਰਾਉਣ ਵਾਲੇ ਜ਼ਿਹਾਫ਼



ਸਲੁਮ = ਫ਼ਊਲੁਨ ਦਾ ਪਹਿਲਾਂ ਅੱਖਰ ਫ਼ੱਫਾ ਗਿਰਾਉਂਦਾ ਹੈ।

ਖ਼ਰਮ = ਮੁਫ਼ਾਈਲੁਨ ਦਾ ਪਹਿਲਾਂ ਅੱਖਰ ਮੱਮਾ ਗਿਰਾਉਂਦਾ ਹੈ।

ਜੁਦਅ = ਮਫ਼ਊਲਾਤ ਦੇ ਪਹਿਲੇ ਦੋਵੇਂ ਸਬੱਬ ਖ਼ਫ਼ੀਫ਼ ਮਫ਼ ਅਤੇ ਊ ਗਿਰਾਉਂਦਾ ਹੈ।

ਗ਼ਜ਼ਬ = ਮੁਫ਼ਾਇਲੁਤੁਨ ਦਾ ਪਹਿਲਾਂ ਅੱਖਰ ਮੱਮਾ ਗਿਰਾਉਂਦਾ ਹੈ।

ਕਸ਼ਮ = ਮੁਫ਼ਾਇਲੁਤੁਨ ਦਾ ਪਹਿਲਾਂ ਅੱਖਰ ਮੱਮਾ ਗਿਰਾ ਕੇ ਪੰਜਵੇਂ ਅੱਖਰ ਲੁ ਦਾ ਔਂਕੜ ਹਟਾ ਕੇ ਉਸਨੂੰ ਸਾਕਿਨ ਕਰ ਦਿੰਦਾ ਹੈ।

ਜਮਮ = ਮੁਫ਼ਾਇਲੁਤੁਨ ਦਾ ਪਹਿਲਾ ਅੱਖਰ ਮੱਮਾ ਅਤੇ ਪੰਜਵਾਂ ਅੱਖਰ ਲੱਲਾ ਗਿਰਾਉਂਦਾ ਹੈ।

ਅਕਸ਼ = ਮੁਫ਼ਾਇਲੁਤੁਨ ਦਾ ਪਹਿਲਾ ਅੱਖਰ ਮੱਮਾ ਅਤੇ ਸੱਤਵਾਂ ਅੱਖਰ ਨੰਨਾ ਗਿਰਾ ਕੇ ਪੰਜਵੇਂ ਅੱਖਰ ਲੁ ਦਾ ਔਂਕੜ ਹਟਾ ਕੇ ਸਾਕਿਨ ਕਰਦਾ ਹੈ।

ਰਫ਼ਅ = ਮੁਸਤਫ਼ਇਲੁਨ ਅਤੇ ਮਫ਼ਊਲਾਤ ਦੇ ਪਹਿਲੇ ਸਬੱਬ ਖ਼ਫ਼ੀਫ਼ ਮੁਸ ਅਤੇ ਮਤਫ਼ ਗਿਰਾਉਂਦਾ ਹੈ।

ਜ਼ੁਦਅ = ਸਿਰਫ਼ ਮਫ਼ਊਲਾਤ ਦੇ ਦੋਵੇਂ ਸਬੱਬ ਖ਼ਫ਼ੀਫ ਮਫ਼ ਅਤੇ ਊ ਗਿਰਾਉਂਦਾ ਹੈ।

### 2. ਰੁਕਨ ਦਾ ਦੂਜਾ ਅੱਖਰ ਗਿਰਾਉਣ ਜਾਂ ਸਾਕਿਨ ਕਰਨ ਵਾਲੇ ਜਿਹਾਫ਼-

ਵਕਸ਼ = ਮੁਤੁਫ਼ਾਇਲੁਨ ਦੇ ਦੂਜੇ ਅੱਖਰ ਤੁ ਨੂੰ ਗਿਰਾਉਂਦਾ ਹੈ।

ਅਜਮਾਰ = ਮੁਤੁਫ਼ਾਇਲੁ ਦੇ ਦੂਜੇ ਅੱਖਰ ਤੁ ਦਾ ਔਂਕੜ ਹਟਾ ਕੇ ਸਾਕਿਨ ਕਰਦਾ ਹੈ।

ਖ਼ਬਨ = ਫ਼ਾਇਲਾਤੁਨ, ਮੁਸਤਫ਼ਇਲੁਨ, ਮਫ਼ਊਲਾਤੁ ਸਾਰਿਆਂ ਦੇ ਪਹਿਲੇ ਸਬੱਬ ਖ਼ਫ਼ੀਫ ਦਾ ਦੂਜਾ ਅੱਖਰ ਯਾਨੀ ਫ਼ਾ ਦਾ ਕੰਨਾ, ਮੁਸ ਦਾ ਸੱਸਾ ਅਤੇ ਮਫ਼ ਦਾ ਫ਼ੱਫ਼ਾ ਗਿਰਾਉਂਦਾ ਹੈ।

ਖ਼ਬਲ = ਮੁਸਤਫ਼ਇਲੁਨ ਅਤੇ ਮਫ਼ਊਲਾਤ ਦੇ ਦੂਜੇ ਅੱਖਰ ਸੱਸਾ ਅਤੇ ਫ਼ੱਫ਼ਾ ਅਤੇ ਚੌਥਾ ਅੱਖਰ ਫ਼ੱਫ਼ਾ ਅਤੇ ਦੁਲੈਂਕੜੇ ਗਿਰਾਉਂਦਾ ਹੈ।

ਖ਼ਜ਼ਲ = ਮੁਤੁਫ਼ਾਇਲੁਨ ਦੇ ਤੁ ਦਾ ਔਂਕੜ ਹਟਾ ਕੇ ਸਾਕਿਨ ਕਰਦਾ ਹੈ ਅਤੇ ਚੌਥਾ ਅੱਖਰ ਕੰਨਾ ਗਿਰਾਉਂਦਾ ਹੈ।

### 3. ਪਹਿਲਾ ਅਤੇ ਆਖ਼ਰੀ ਅੱਖਰ ਗਿਰਾਉਣ ਵਾਲੇ ਜ਼ਿਹਾਫ਼

ਖ਼ਰਬ = ਮੁਫ਼ਾਈਲੁਨ ਦਾ ਪਹਿਲਾ ਅਤੇ ਆਖ਼ਰੀ ਅੱਖਰ ਗਿਰਾਉਂਦਾ ਹੈ।

ਸਰਮ = ਫ਼ਊਲੁਨ ਦਾ ਪਹਿਲਾ ਅਤੇ ਆਖ਼ਰੀ ਅੱਖਰ ਗਿਰਾ ਦਿੰਦਾ ਹੈ।

**4. ਦੂਜਾ ਅਤੇ ਆਖ਼ਰੀ ਅੱਖਰ ਗਿਰਾਉਣ ਵਾਲੇ ਜ਼ਿਹਾਫ਼ਃ–**

ਸ਼ਕਲ = ਫ਼ਾਇਲਾਤੁਨ ਦਾ ਦੂਜਾ ਅੱਖਰ ਕੰਨਾ ਅਤੇ ਆਖ਼ਰੀ ਅੱਖਰ ਨੰਨਾ ਗਿਰਾਉਂਦਾ ਹੈ।

**5. ਤੀਜਾ ਅੱਖਰ ਗਿਰਾਉਣ ਜਾਂ ਸਾਕਿਨ ਕਰਨ ਵਾਲੇ ਜ਼ਿਹਾਫ਼**

ਨੁਹਰ = ਮਫ਼ਊਲਾਤ ਰੁਕਨ ਦੇ ਜ਼ੁਦਅ ਜ਼ਿਹਾਫ਼ ਵਲੋਂ ਪਹਿਲੇ ਦੋਵੇਂ ਸਬੱਬ ਖ਼ਫ਼ੀਫ ਮਫ਼ ਅਤੇ ਊ ਗਿਰਾਉਣ ਪਿੱਛੋਂ ਬਚੇ ਲਾਤ ਦਾ ਤੱਤਾ ਯਾਨੀ ਲਾਤ ਦੀ ਥਾਂ ਬਦਲੇ ਰੁਕਨ ਫ਼ਾਅ ਦਾ ਆੜਾ ਗਿਰਾਉਂਦਾ ਹੈ। ਫ਼ਾ ਬਾਕੀ ਰਹਿ ਜਾਂਦਾ ਹੈ।

**6. ਚੌਥਾ ਅੱਖਰ ਗਿਰਾਉਣ ਜਾਂ ਸਾਕਿਨ ਕਰਨ ਵਾਲੇ ਜ਼ਿਹਾਫ਼ਃ–**

ਤੈਅ = ਮੁਸਤਫ਼ਇਲੁਨ ਅਤੇ ਮਫ਼ਊਲਾਤ ਦੇ ਚੌਥੇ ਅੱਖਰ ਫ਼ੱਫ਼ਾ ਅਤੇ ਦੁਲੈਂਕੜੇ ਗਿਰਾਉਂਦਾ ਹੈ।

**7. ਪੰਜਵਾਂ ਅੱਖ਼ਰ ਗਿਰਾਉਣ ਜਾਂ ਸਾਕਿਨ ਕਰਨ ਵਾਲੇ ਜ਼ਿਹਾਫ਼ਃ–**

ਕਬਜ = ਮੁਫ਼ਾਈਲੁਨ ਫ਼ਊਲੁਨ ਦਾ ਪਹਿਲਾ ਅੱਖਰ ਮੁ ਅਤੇ ਪੰਜਵਾਂ ਅੱਖਰ ਬਿਹਾਰੀ ਗਿਰਾਉਂਦਾ ਹੈ।

ਸ਼ਤਰ = ਮੁਫ਼ਾਈਲੁਨ ਦਾ ਪਹਿਲਾ ਅੱਖਰ ਮੁ ਅਤੇ ਪੰਜਵਾਂ ਅੱਖਰ ਬਿਹਾਰੀ ਗਿਰਾਉਂਦਾ ਹੈ।

ਅਸ਼ਬ = ਮੁਫ਼ਾਇਲੁਤੁਨ ਦੇ ਪੰਜਵੇਂ ਅੱਖਰ ਲੁ ਦਾ ਔਕੜ ਹਟਾ ਕੇ ਲੱਲੇ ਨੂੰ ਸਾਕਿਨ ਕਰ ਦਿੰਦਾ ਹੈ।

ਅਕਲ = ਮੁਫਾਇਲੁਤੁਨ ਦੇ ਪੰਜਵੇਂ ਅੱਖਰ ਲੁ ਨੂੰ ਗਿਰਾਉਂਦਾ ਹੈ।

ਨਕਸ਼ = ਮੁਫ਼ਾਇਲੁਤੁਨ ਦੇ ਪੰਜਵੇਂ ਅੱਖਰ ਲੁ ਦਾ ਔਕੜ ਹਟਾ ਕੇ ਉਸਨੂੰ ਸਾਕਿਨ ਕਰਦਾ ਹੈ ਸੱਤਵਾਂ ਅੱਖਰ ਨੰਨਾ ਗਿਰਾਉਂਦਾ ਹੈ।

**8. ਪਹਿਲੇ ਤੋਂ ਪੰਜਵੇਂ ਤੀਕ ਇਕੱਠੇ ਅੱਖਰ ਗਿਰਾਉਣ ਵਾਲ਼ੇ ਜ਼ਿਹਾਫ਼ਃ–**

ਬਤਰ = ਮੁਫ਼ਾਈਲੁਨ ਦੇ ਪਹਿਲੇ ਪੰਜ, ਫ਼ਾਇਲਾਤੁਨ ਦੇ ਵੀ ਪਹਿਲੇ ਪੰਜ ਅਤੇ ਫ਼ਊਲੁਨ ਦੇ ਪਹਿਲੇ ਤਿੰਨ ਅੱਖਰ ਗਿਰਾਉਂਦਾ ਹੈ।

ਜ਼ਹਫ਼ = ਫ਼ਾਇਲਾਤੁਨ ਦੇ ਪਹਿਲੇ ਪੰਜ ਅੱਖਰ ਗਿਰਾਉਂਦਾ ਹੈ।

ਰਬਅ = ਫ਼ਾਇਲਾਤੁਨ ਦਾ ਦੂਜਾ, ਪੰਜਵਾਂ, ਛੇਵਾਂ ਅਤੇ ਸੱਤਵਾਂ ਭਾਵ ਫ਼ੱਫੇ ਦਾ ਕੰਨਾ, ਲੱਲੇ ਦਾ ਕੰਨਾ ਅਤੇ ਆਖ਼ਰੀ ਸਬੱਬ ਖ਼ਫ਼ੀਫ਼ ਤੁਨ ਗਿਰਾਉਂਦਾ ਹੈ।

**9. ਅੰਤ ਤੋਂ ਅੱਖਰ ਗਿਰਾਉਣ ਵਾਲੇ ਜ਼ਿਹਾਫ਼ਃ–**

ਹਜ਼ਫ਼ = ਜਿਸ ਰੁਕਨ ਵਿਚ ਅਖ਼ੀਰ ਉਤੇ ਸਬੱਬ ਖ਼ਫ਼ੀਫ਼ ਹੋਵੇ ਉਸਨੂੰ ਗਿਰਾ



ਦਿੰਦਾ ਹੈ, ਜਿਵੇਂ ਮੁਫ਼ਾਈਲੁਨ, ਫਾਇਲਾਤੁਨ ਅਤੇ ਫ਼ਊਲੁਨ ਰੁਕਨ ਹਨ ਇਨ੍ਹਾਂ ਸਾਰਿਆਂ ਦਾ ਲੁਨ ਅਤੇ ਤੁਨ ਗਿਰਾ ਦਿੰਦਾ ਹੈ।

ਕਸਰ = ਫ਼ਾਇਲਾਤੁਨ, ਮੁਫ਼ਾਈਲੁਨ ਅਤੇ ਫ਼ਊਲੁਨ ਦਾ ਆਖ਼ਰੀ ਅੱਖਰ ਨੰਨਾ ਹੀ ਗਿਰਾਉਂਦਾ ਹੈ ਅਤੇ ਨੰਨੇ ਤੋਂ ਪਹਿਲੇ ਅੱਖਰ ਦਾ ਔਕੜ ਹਟਾ ਕੇ ਉਸਨੂੰ ਸਾਕਿਨ ਕਰ ਦਿੰਦਾ ਹੈ।

ਕੁਫ਼ = ਕੁਫ਼ ਜ਼ਿਹਾਫ਼ ਵੀ ਕਸਰ ਵਾਂਗ ਫ਼ਾਇਲਾਤੁਨ, ਮੁਫ਼ਾਈਲੁਨ ਅਤੇ ਫ਼ਊਲੁਨ ਦਾ ਆਖਰੀ ਅੱਖਰ ਨੰਨਾ ਹੀ ਗਿਰਾਉਂਦਾ ਹੈ। ਨੰਨੇ ਤੋਂ ਪਹਿਲੇ ਅੱਖਰ ਦਾ ਔਕੜ ਹਟਾ ਕੇ ਉਸਨੂੰ ਸਾਕਿਨ ਨਹੀਂ ਕਰਦਾ ਉਹ ਮੁਤਹਰਕ ਹੀ ਰਹਿੰਦਾ ਹੈ ਪਰ ਪੰਜਾਬੀ ਵਿਚ ਕਿਉਂਕਿ ਹਰ ਸ਼ਬਦ ਦਾ ਆਖ਼ਰੀ ਅੱਖਰ ਅਸੂਲਨ ਹੀ ਸਾਕਿਨ ਹੁੰਦਾ ਹੈ। ਇਸ ਲਈ ਕੁਫ਼ ਜ਼ਿਹਾਫ਼ ਵਲੋਂ ਛੱਡਿਆ ਗਿਆ ਆਖ਼ਰੀ ਅੱਖਰ ਲੁ ਅਤੇ ਤੁ ਵੀ ਕਸਰ ਵਾਂਗ ਸਾਕਿਨ ਹੀ ਮੰਨਿਆ ਜਾਵੇਗਾ, ਮੁਤਹਰਕ ਨਹੀਂ ਕਿਉਂਕਿ ਪੰਜਾਬੀ ਵਿਚ ਸ਼ਬਦ ਦਾ ਆਖ਼ਰੀ ਮੁਤਹਰਕ ਹੋਣ ਦੀ ਰੀਤ ਹੀ ਨਹੀਂ ਹੈ, ਹਾਂ ਬਹਿਰ ਦੀ ਚਾਲ ਵਿਚ ਲੋੜ ਸਮੇਂ ਆਖ਼ਰੀ ਸਾਕਿਨ ਅੱਖਰ ਨੂੰ ਮੁਤਹਰਕ ਮੰਨ ਕੇ ਬਹਿਰ ਅੱਗੇ ਤੋਰ ਲਈ ਜਾਂਦੀ ਹੈ, ਕਸਰ ਅਤੇ ਕੁਫ਼ ਵਿਚੋਂ ਜਿਹੜਾ ਮਰਜ਼ੀ ਜ਼ਿਹਾਫ਼ ਲਾਗੂ ਕਰ ਲਵੋ ਪੰਜਾਬੀ ਦੇ ਕਿਸੇ ਸ਼ਬਦ ਨੂੰ ਕੋਈ ਫ਼ਰਕ ਨਹੀਂ ਪੈਂਦਾ। ਹਾਂ ਅਰਬੀ ਭਾਸ਼ਾ ਵਿਚ ਇਸ ਤਰ੍ਹਾਂ ਦਾ ਫ਼ਰਕ ਹੈ ਪੰਜਾਬੀ ਵਿਚ ਨਹੀਂ।

ਕੁਤਅ = ਮੁਸਤਫ਼ਇਲੁਨ, ਮੁਤੁਫਾਇਲੁਨ ਅਤੇ ਫ਼ਾਇਲੁਨ ਦੀ ਆਖ਼ਰੀ ਤਿੰਨ ਅੱਖਰੀ ਟੁਕੜੀ ਇਲੁਨ ਦਾ ਨੰਨਾ ਗਿਰਾਉਂਦਾ ਹੈ।

ਜਬ = ਸਿਰਫ਼ ਮੁਫ਼ਾਈਲੁਨ ਦੇ ਆਖ਼ਰੀ ਦੋਵੇਂ ਸਬੱਬ ਖ਼ਫ਼ੀਫ ਈ ਅਤੇ ਲੁਨ ਗਿਰਾਉਂਦਾ ਹੈ।

ਵਕਫ਼ = ਮਫ਼ਊਲਾਤੁ ਅਤੇ ਫ਼ਾਇਲਾਤੁ ਦੇ ਤੁ ਦੇ ਔਕੜ ਨੂੰ ਹਟਾ ਕੇ ਤੁ ਨੂੰ ਸਾਕਿਨ ਕਰ ਦਿੰਦਾ ਹੈ।

ਹਜ਼ਜ਼ = ਮੁਸਤਫ਼ਇਲੁਨ, ਮੁਤੁਫ਼ਾਇਲੁਨ ਅਤੇ ਫ਼ਾਇਲੁਨ ਦੀ ਆਖ਼ਰੀ ਤਿੰਨ ਅੱਖਰੀ ਟੁਕੜੀ ਇਲੁਨ ਗਿਰਾ ਦਿੰਦਾ ਹੈ।

ਕਤਫ਼ = ਮੁਫ਼ਾਇਲੁਤੁਨ ਦਾ ਆਖ਼ਰੀ ਸਬੱਬ ਖ਼ਫ਼ੀਫ ਤੁਨ ਗਿਰਾ ਦਿੰਦਾ ਹੈ।

ਸ਼ਲ਼ਮ = ਮਫ਼ਊਲਾਤੁ ਦੀ ਆਖ਼ਰੀ ਵਤਦ ਮਫ਼ਰੂਕ ਟੁਕੜੀ ਲਾਤੁ ਗਿਰਾ ਦਿੰਦਾ ਹੈ।

ਕਸਫ਼ = ਮਫ਼ਊਲਾਤੁ ਦੇ ਆਖ਼ਰੀ ਮੁਹਤਰਕ ਅੱਖਰ ਤੁ ਨੂੰ ਗਿਰਾ ਦਿੰਦਾ ਹੈ।

ਹਤਮ = ਮੁਫ਼ਾਈਲੁਨ ਦਾ ਆਖ਼ਰੀ ਸਬੱਬ ਖ਼ਫ਼ੀਫ ਲੁਨ ਅਤੇ ਪੰਜਵਾਂ ਅੱਖਰ ਬਿਹਾਰੀ ਗਿਰਾਉਂਦਾ ਹੈ। ਧਾਨੀ ਆਖ਼ਰੀ ਤਿੰਨ ਅੱਖਰ ਗਿਰਾਉਂਦਾ ਹੈ।

ਜ਼ਲਲ = ਮੁਫ਼ਾਈਲੁਨ ਦਾ ਪਹਿਲਾ ਅੱਖਰ ਮੰਮਾ, ਪੰਜਵਾਂ, ਅੱਖਰ ਬਿਹਾਰੀ ਅਤੇ ਆਖ਼ਰੀ ਸਬੱਬ ਖ਼ਫ਼ੀਫ ਲੁਨ ਗਿਰਾਉਂਦਾ ਹੈ।

ख़लअ = मुसतफ़इलुन दा दूजा अॅखर सॅसा ते आख़री अॅखर नंना अते इसे तर्हां फ़ाइलुन दा दूजा अॅखर कंना अते आख़री अॅखर नंन्हा गिराउंदा है।

**10. वतद कसरत (तिंने मुतहरक अॅखरां वाल़ा श़बद) दी विचकारली हरकत गिराउण जां साकिन करन वाले ज़िहाफ़:–**

सिखिआरथीओ! इह वी सिरफ़ दो ही ज़िहाफ़ हन जो इस तर्हां दा कंम करदे हन।

तकसीन = फ़ासिला भाव जिहड़े श़बद विच तिंन हरकतां इकॅठीआं होण भाव तिंने अॅखर मुतहरक ही हन उन्हां श़बदां दी विचकारली हरकत गिराउंदा है। जिवें फ़िइिला विच इकॅठीआं तिंन हरकतां हन इह ज़िहाफ़ फ़िइिला दी विचकारली हरकत इ नूं गिरा देवेगा।

तसईश़ = फ़ासिला भाव इकॅठीआं तिंन हरकतां वाले श़बद विचों विचकारली हरकत नूं साकिन कर देवेगा, भाव फ़िइिला श़बद दी विचकारली हरकत भाव इ दी सिहारी हटा देवेगा। इस तर्हां फ़िइिला फ़िइला रहि जावेगा। जिस नूं इस वज़न दे बराबर वज़न वाले पहिलां ही मौजूद रुकन फ़ेला भाव फ़ेलुन नाल़ बदल लिआ जावेगा। सिखिआरथीओ! मैं तुहाडे नाल़ वाअदा कीता सी कि अरूज़ दे विधी-विधान नूं बहुत सौखी तर्हां तुहानूं समझावांगा। इसे लई सारे ज़िहाफ़ां दा वरगीकरन कर दिॅता है। हुण तुसीं जिहड़े रुकन दी इह पुजीश़न वेखणी कि इस रुकन दा इह मौजूदा रूप किवें बणिआ है तां इह ज़िहाफ़ां वाल़ा हिॅसा कॅढ के वेख लैणा कि इह रुकन किहड़े विधान अनुसार मौजूदा रूप विच आइिआ है अते इह रुकन विचों किहड़े अॅखर जां लग गिराई गई है जां वधाई गई है। अगले हिॅसिआं विच ज़िहाफ़ां नाल़ बणे रुकना दे वॅख-वॅख रूप तुसीं वेखोगे। इस तर्हां थोड़्ही जिही मिहनत नाल़ ही तुसीं किसे वी अॅख दा हॅल कॅढ लिआ करोगे।

## कांड-3 - स
## वॅख-वॅख जिहाफ़ां नाल़ वॅख-वॅख रुकना दा कांट-छांट के बणिआ इॅको रूप



सिखिआरथीओ! बहुत सारे ज़िहाफ़ वॅख-वॅख तरीकिआं दी वजाह करके बहुत सारे रुकना दा इक ही रूप जां आकार बणा दिंदे हन। मैं अजेहे सारे रुकना अते ज़िहाफ़ां नूं इक ही थां इकॅठा कर दिॅता है तां कि तुसीं रुकना दी समरूपता वेखदे समें इह वी जाण सकॅ कि किहड़े-किहड़े ज़िहाफ़ ने इन्हां रुकना दी समरूपता करन विच आपणी भूमिका निभाई है अते उह भूमिका किहड़ी है इह जाणण लई तुहानूं सिरफ़ इस तिंन नंबर कांड दे ईड़ी (इ) वाले हिॅसे विच ही जाणा पवेगा, ना ज़िआदा सफ़े फ़रोलणे पैणगे अते ना ज़िआदा मिहनत करनी पवेगी। इस नाल़ तुहाडा समां तां बचेगा ही सौंख़ वी तुहाडे नाल़-नाल़ रहेगी। अजेहा कंम अॅज तीक किसे वी किताब विच नहीं होइिआ, इह निरोल मेरी सोॅच अते मिहनत है।

| वॅख-वॅख ज़िहाफ़ | वॅख-वॅख रुकन | कांट-छांट के बणिआ रूप |
|---|---|---|
| **1.** | | |
| बतर | मुफ़ाईलुन | |
| ज़हफ़ | फ़ाइिलातुन | फ़े |
| हजाफ़ | मुसतफ़इिलुन | |
| नुहर | मफ़ऊिलात | |
| बतर | फ़ऊिलुन | |
| हज़ज | फ़ाइिलुन | |
| **2.** | | |
| ज़लल | मुफ़ाईलुन | |
| ज़हबीरा | फ़ाइिलातुन | |
| जुदअ | मफ़ऊिलात | फ़ेल |
| सरम | फ़ऊिलुन | |
| हज़फ़ | फ़ाइिलुन | |
| **3.** | | |

ਜਥ ਮੁਫ਼ਾਈਲੁਨ

ਰਬਅ ਫ਼ਾਇਲਾਤੁਨ ਫ਼ਿਅਲ

ਖਲਅ ਫ਼ਾਇਲੁਨ

ਹਜ਼ਫ਼ ਫ਼ਾਊਲੁਨ

**4.**

ਹਤਮ ਮੁਫ਼ਾਈਲੁਨ

ਕਸਰ ਫ਼ਊਲੁਨ ਫ਼ਊਲ

ਕਬਜ਼ ਫ਼ਊਲੁਨ

**5.**

ਸਲਜ਼ਫ਼ ਮੁਫ਼ਾਈਲੁਨ

ਕੁਤਜ਼ਫ਼ ਫ਼ਾਇਲਾਤੁਨ

ਹਜ਼ਜ਼ ਮੁਸਤਫ਼ਇਲੁਨ ਫ਼ੇਲੁਨ

ਕੁਤਅ ਫ਼ਾਇਲੁਨ

ਸਲੁਮ ਫ਼ਊਲੁਨ

**6.**

ਹਜ਼ਫ਼ ਮੁਫ਼ਾਈਲੁਨ

ਖ਼ਤਸ ਫ਼ਾਇਲਾਤੁਨ

ਖ਼ਲਅ ਮੁਸਤਫ਼ਇਲੁਨ ਫ਼ਊਲੁਨ

ਖਬਸ਼ਫ਼ ਮਫ਼ਊਲਾਤ

ਕਤਫ਼ ਮੁਫ਼ਾਇਲੁਤੁਨ

**7.**

ਸ਼ਤਰ ਮੁਫ਼ਾਈਲੁਨ

ਹਜ਼ਫ਼ ਫ਼ਾਇਲਾਤੁਨ

ਰਫ਼ਅ ਮੁਸਤਫ਼ਇਲੁਨ ਫ਼ਾਇਲੁਨ

ਤਸਾਫ਼ ਮਫ਼ਊਲਾਤ

ਜਮਮ ਮੁਫ਼ਾਇਲੁਤੁਨ



**8.**

ਖ਼ਰਬ ਮੁਫ਼ਾਈਲੁਨ

ਰਫ਼ਮ ਮਫ਼ਊਲਾਤ ਮਫ਼ਊਲ

ਅਕਸ ਮੁਫ਼ਾਇਲੁਤੁਨ

**9.**

ਖ਼ਰਮ ਮੁਫ਼ਾਈਲੁਨ

ਤਸਈਸ਼ ਫ਼ਾਇਲਾਤੁਨ

ਕੁਤਅ ਮੁਸਤਫ਼ਇਲੁਨ ਮਫ਼ਊਲੁਨ

ਕਸਫ਼ ਮਫ਼ਊਲਾਤ

ਕਸ਼ਮ ਮੁਫ਼ਾਇਲੁਤੁਨ

**10.**

ਹਜਬੀਗ ਮੁਫ਼ਾਈਲੁਨ ਫ਼ਊਲਾਨ

ਤਸਬੀਗ ਫ਼ਊਲੁਨ

**11.**

ਕੁਤਬੀਰਾ ਫ਼ਾਇਲਾਤੁਨ ਫ਼ੇਲਾਨ

ਸਲਬੀਗ ਫ਼ਊਲੁਨ ਜਾਂ

ਖ਼ਕਈਸ਼ ਫ਼ਾਇਲਾਤੁਨ ਫੇਲਾਤ

ਨੋਟ : ਫੇਲਾਨ ਅਤੇ ਫੇਲਾਤ ਦੋਹਾਂ ਵਿਚ ਵੀ ਵਜ਼ਨ ਦਾ ਕੋਈ ਫ਼ਰਕ ਨਹੀਂ ਹੈ। ਫ਼ਾਇਲਾਨ ਅਤੇ ਫ਼ਾਇਲਾਤ ਵਾਂਗ ਵੱਖ-ਵੱਖ ਅਰੂਜੀਆਂ ਨੇ ਵੱਖ-ਵੱਖ ਰੁਕਨਾ ਵਿਚੋਂ ਵੱਖ-ਵੱਖ ਜ਼ਿਗਾਫ਼ਾਂ ਅਤੇ ਵੱਖ-ਵੱਖ ਤਗੀਕਿਆਂ ਨਾਲ਼ ਈਜ਼ਾਦ ਕੀਤੇ ਹੋਣ ਕਾਰਨ ਨਾਵਾਂ ਦਾ ਫ਼ਰਕ ਹੈ। ਤੁਸੀਂ ਆਪਣੀ ਸਹੂਲਤ ਅਨੁਸਾਰ ਫੈਲਾਨ ਜਾਂ ਫੇਲਾਤ ਕੋਈ ਵੀ ਨਾਮ ਲਿਖ ਲਵੋ।

"ਬਾਦਲ"

**12.**

ਕੁਫ਼ ਮੁਫ਼ਾਈਲੁਨ

| | | |
|---|---|---|
| ਕਸਰ | ਮੁਫ਼ਾਈਲੁਨ | ਮੁਫ਼ਾਈਲ |
| ਖ਼ਬਨ | ਮਫ਼ਊਲਾਤ | |
| ਖ਼ਬਕਾਨ | ਮਫ਼ਊਲਾਤ | |
| ਨਕਸ਼ | ਮੁਫ਼ਾਇਲੁਤੁਨ | |

**13.**

| | | |
|---|---|---|
| ਸਤਬੀਗ | ਮੁਫ਼ਾਈਲੁਨ | ਫ਼ਾਇਲਾਨ |
| ਕਸਰ | ਫ਼ਾਇਲਾਤੁਨ | ਜਾਂ |
| ਰਫ਼ਜ਼ਾਲ | ਮੁਸਤਫ਼ਇਲੁਨ | ਫ਼ਾਇਲਾਤ |
| ਇਜ਼ਾਲ | ਫ਼ਾਇਲੁਨ | |
| ਕੁਫ਼ | ਫ਼ਾਇਲਾਤੁਨ | |
| ਤੈਅ | ਮਫ਼ਊਲਾਤ | |
| ਤੈਕਾਫ਼ | ਮਫ਼ਊਲਾਤ | |

ਨੋਟ : ਫ਼ਾਇਲਾਨ ਅਤੇ ਫ਼ਾਇਲਾਤ ਦੋਹਾਂ ਦਾ ਵਜ਼ਨ ਇਕ ਹੈ। ਵੱਖ-ਵੱਖ ਰੁਕਨਾ ਤੋਂ ਬਣੇ ਹੋਣ ਕਰਕੇ ਵੱਖ-ਵੱਖ ਜਿਹਾਫ਼ ਕਰਕੇ ਅਤੇ ਜ਼ਿਹਾਫ਼ ਲਾਗੂ ਕਰਨ ਦੇ ਵੱਖ-ਵੱਖ ਤਰੀਕਿਆਂ ਕਾਰਨ ਵੱਖ-ਵੱਖ ਅਰੂਜ਼ੀਆਂ ਨੇ ਦੋ ਵੱਖ-ਵੱਖ ਨਾਮ ਰੱਖ ਦਿੱਤੇ ਹਨ। ਅਸੂਲਨ ਦੋਹਾਂ ਵਿਚ ਕੋਈ ਫ਼ਰਕ ਨਹੀਂ ਹੈ, ਕੋਈ ਵੀ ਨਾਮ ਲਿਖ ਲਵੋ।

"ਬਾਦਲ"

**14.**

| | | |
|---|---|---|
| ਖ਼ਬਜ਼ਫ਼ | ਫ਼ਾਇਲਾਤੁਨ | ਫ਼ਿਇਲੁਨ |
| ਖ਼ਬਨ | ਫ਼ਾਇਲੁਨ | |

**15.**

| | | |
|---|---|---|
| ਕਬਜ਼ | ਮੁਫ਼ਾਈਲੁਨ | |
| ਖ਼ਬਨ | ਮੁਸਤਫ਼ਇਲੁਨ | ਮੁਫ਼ਾਇਲੁਨ |
| ਅਕਲ | ਮੁਫ਼ਾਇਲੁਤੁਨ | |
| ਵਕਸ਼ | ਮੁਤੂਫ਼ਾਇਲੁਨ | |

**16.**



| | | |
|---|---|---|
| ਖ਼ਬੀਰਾ | ਮੁਫ਼ਾਈਲੁਨ | ਮਫ਼ਊਲਾਨ |
| ਵਕਫ਼ | ਮਫ਼ਊਲਾਤ | |

**17.**

| | | |
|---|---|---|
| ਕਬੀਗ | ਮੁਫ਼ਾਈਲੁਨ | ਮੁਫ਼ਾਇਲੁਨ |
| ਖ਼ਬਜ਼ਾਲ | ਮੁਸਤਫ਼ਇਲੁਨ | |

**18.**

| | | |
|---|---|---|
| ਤੈਅ | ਮੁਸਤਫ਼ਇਲੁਨ | |
| ਗ਼ਜ਼ਬ | ਮੁਫ਼ਾਇਲੁਤੁਨ | ਮੁਫ਼ਤਇਲੁਨ |
| ਖ਼ਜਲ | ਮੁਤੁਫ਼ਾਇਲੁਨ | |

**19.**

| | | |
|---|---|---|
| ਖ਼ਬਲ | ਮਫ਼ਊਲਾਤ | ਫ਼ਿਇਲਾਤ |
| ਸ਼ਕਲ | ਫ਼ਾਇਲਾਤੁਨ | ਜਾਂ |
| ਖ਼ਕਾਫ਼ | ਮਫ਼ਊਲਾਤ | ਫ਼ਿਇਲਾਨ |
| ਖ਼ਬਸਰ | ਫ਼ਾਇਲਾਤੁਨ | |

ਨੋਟ : ਫ਼ਿਇਲਾਤ ਅਤੇ ਫ਼ਿਇਲਾਨ ਵਿਚ ਵੀ ਵਜ਼ਨ ਦੀ ਸਮਾਨਤਾ ਹੈ। ਉਹੀ ਵੱਖ-ਵੱਖ ਅਰੂਜ਼ੀਆਂ ਦੇ ਵੱਖ-ਵੱਖ ਤਰੀਕਿਆਂ ਕਰਕੇ ਹੀ ਵੱਖ-ਵੱਖ ਨਾਮ ਹਨ। ਤੁਸੀਂ ਕੋਈ ਵੀ ਨਾਮ ਲਿਖ ਲਵੋ। "ਬਾਦਲ"

## ਕਾਂਡ-3 - ਹ
## ਵੱਖ-ਵੱਖ ਜ਼ਿਹਾਫ਼ਾਂ ਨਾਲ਼ ਇੱਕੋ ਰੁਕਨ ਦਾ ਕਾਂਟ-ਛਾਂਟ ਕੇ ਬਣਿਆ ਰੂਪ

**ਮੁਫ਼ਾਈਲੁਨ ਰੁਕਨ ਦੇ ਵੱਖ-ਵੱਖ ਜ਼ਿਹਾਫ਼ਾਂ ਨਾਲ਼ ਬਣੇ ਰੂਪ**

| ਜ਼ਿਹਾਫ਼ ਦਾ ਨਾਮ | ਜ਼ਿਹਾਫ਼ ਦਾ ਬਹਿਰ ਵਿਚ ਨਾਮ | ਜ਼ਿਹਾਫ਼ੇ ਰੁਕਨ ਦਾ ਰੂਪ |
|---|---|---|
| ਤਸਬੀਗ | ਮੁਸਬਗ | ਮੁਫ਼ਾਈਲਾਨ |
| ਕਬਜ਼ | ਮਕਬੂਜ | ਮੁਫ਼ਾਇਲੁਨ |

| | | |
|---|---|---|
| ਕੁਫ਼ | ਮਕਫ਼ੂਫ | ਮੁਫ਼ਾਈਲੁ |
| ਖ਼ਰਮ | ਅਖ਼ਰਮ | ਮਫ਼ਊਲੁਨ |
| ਖ਼ਰਬ | ਅਖ਼ਰਬ | ਮਫ਼ਊਲ |
| ਸ਼ਤਰ | ਅਸ਼ਤਰ | ਫ਼ਾਇਲੁਨ |
| ਹਜ਼ਫ਼ | ਮਹਿਜ਼ੂਫ਼ | ਫ਼ਊਲੁਨ |
| ਕਸਰ | ਮਕਸੂਰ | ਮੁਫ਼ਾਈਲ |
| ਹਤਮ | ਅਹਤਮ | ਫ਼ਊਲ |
| ਜਬ | ਮਜਬੂਬ | ਫ਼ਿਅਲ |
| ਜ਼ਲਲ | ਅਜ਼ਲ | ਫਾਅ ਜਾਂ ਫੇਲ |
| ਬਤਰ | ਅਬਤਰ | ਫ਼ੇ |
| ਕਬੀਗ | ਅਕਬੀਗ | ਮੁਫ਼ਾਇਲਾਨ |
| ਖ਼ਬੀਗ | ਅਖ਼ਬੀਗ | ਮਫ਼ਊਲਾਨ |
| ਸ਼ਤਬੀਗ | ਸ਼ਬੀਗ | ਫ਼ਾਇਲਾਨ |
| ਹਜਬੀਗ | ਹਬੀਗ | ਫ਼ਊਲਾਨ |
| ਸਲਜਫ਼ | ਸਲਜ਼ੂਫ਼ | ਫ਼ੇਲੁਨ |

**ਫ਼ਾਇਲਾਤੁਨ ਦੇ ਰੂਪ:-**

| **ਜ਼ਿਹਾਫ਼ ਦਾ ਨਾਮ** | **ਜ਼ਿਹਾਫ਼ ਦਾ ਬਹਿਰ ਵਿਚ ਨਾਮ** | **ਜ਼ਿਹਾਫ਼ੇ ਰੁਕਨ ਦਾ ਰੂਪ** |
|---|---|---|
| ਤਸਬੀਗ | ਮਸਬਗ | ਫ਼ਾਇਲਾਤਾਨ |
| ਖ਼ਬਨ | ਮਖ਼ਬੂਨ | ਫ਼ਿਇਲਿਾਤੁਨ |
| ਕੁਫ਼ | ਮਕਫ਼ੂਫ | ਫ਼ਾਇਲਾਤੁ |
| ਸ਼ਕਲ | ਮਸ਼ਕੂਲ | ਫ਼ਿਇਲਾਤ |
| ਹਜਫ਼ | ਮਹਿਜ਼ੂਫ਼ | ਫ਼ਾਇਲੁਨ |
| ਕਸਰ | ਮਕਸੂਰ | ਫ਼ਾਇਲਾਤ |
| ਬਤਰ | ਅਬਤਰ | ਫ਼ੇ |
| ਜ਼ਹਫ਼ | ਮਜ਼ਹੂਫ਼ | ਫ਼ੇ |
| ਤਸ਼ਈਸ | ਮਸ਼ਅਸ਼ | ਮਫ਼ਊਲੁਨ |
| ਰਬਅ | ਮਰਬੂਅ | ਫ਼ਿਅਲ |



| | | |
|---|---|---|
| ਕੁਤਜਫ਼ | ਕੁਤਜ਼ੂਫ਼ | ਫ਼ੇਲੁਨ |
| ਖ਼ਬਜ਼ਫ਼ | ਖ਼ਬਾਫ਼ | ਫ਼ਿਇਲੁਨ |
| ਖ਼ਬਸਰ | ਖ਼ਬਸੂਰ | ਫ਼ਿਇਲਾਨ |
| ਕੁਤਬੀਗ | ਕੁਬੀਗ | ਫ਼ੇਲਾਤ |
| ਜ਼ਹਬੀਗ | ਜ਼ਬੀਗ | ਫ਼ਾਅ ਜਾਂ ਫੇਲ |
| ਖ਼ਕਈਸ਼ | ਖ਼ਕਸ਼ਾਅ | ਫ਼ੇਲਾਤ |
| ਖ਼ਤਸ | ਖ਼ਬਕੀਨ | ਫ਼ਊਲੁਨ |

**ਮੁਸਤਫ਼ਇਲੁਨ ਦੇ ਰੂਪ:-**

| ਜ਼ਿਹਾਫ਼ ਦਾ ਨਾਮ | ਜ਼ਿਹਾਫ਼ ਦਾ ਬਹਿਰ ਵਿਚ ਨਾਮ | ਜ਼ਿਹਾਫ਼ੇ ਰੁਕਨ ਦਾ ਰੂਪ |
|---|---|---|
| ਅਜ਼ਾਲਾ ਜਾਂ ਇਜ਼ਾਲ | ਮੁਜ਼ਾਲ | ਮੁਸਤਫ਼ਇਲਾਨ |
| ਖ਼ਬਨ | ਮਖ਼ਬੂਨ | ਮੁਫ਼ਾਇਲੁਨ |
| ਹਜ਼ਜ | ਮਹਿਜ਼ੂਫ਼ | ਫ਼ੇਲੁਨ |
| ਤੈਅ | ਮਤਵੀ | ਮੁਫ਼ਤੁਇਲੁਨ |
| ਕੁਤਅ | ਮਕਤੂਅ | ਮਫ਼ਊਲੁਨ |
| ਖ਼ਲਅ | ਮੁਖ਼ਲਅ | ਫ਼ਊਲੁਨ |
| ਖ਼ਬਲ | ਮਖ਼ਬੂਲ | ਫ਼ਿਇਲੁਤੁਨ |
| ਰਫ਼ਅ | ਮਰਫ਼ੂਅ | ਫ਼ਾਇਲੁਨ |
| ਤਰਫ਼ੀਲ | ਮੁਰੱਫ਼ਲ | ਮੁਸਤਫ਼ਾ ਇਲਾਤੁਨ |
| ਖ਼ਬਜ਼ਾਲ | ਖ਼ਜ਼ਾਲ | ਮੁਫ਼ਾਇਲਾਨ |
| ਹਜ਼ਾਫ਼ | ਅਹਜ਼ਾਫ਼ | ਫ਼ੇ |
| ਤੈਜ਼ਾਲ | ਅਤਜ਼ਾਲ | ਮੁਫ਼ਤੁਇਲਾਨ |
| ਰਫ਼ਜ਼ਾਲ | ਰਜ਼ਾਲ | ਫ਼ਾਇਲਾਨ |

**ਫ਼ਊਲੁਨ ਦੇ ਰੂਪ:-**

| ਜ਼ਿਹਾਫ਼ ਦਾ ਨਾਮ | ਜ਼ਿਹਾਫ਼ ਦਾ ਬਹਿਰ ਵਿਚ ਨਾਮ | ਜ਼ਿਹਾਫ਼ੇ ਰੁਕਨ ਦਾ ਰੂਪ |
|---|---|---|

| | | |
|---|---|---|
| ਕਬਜ਼ | ਮਕਬੂਜ਼ | ਫ਼ਊਲੁ |
| ਕਸਰ | ਮਕਸੂਰ | ਫ਼ਊਲੁ |
| ਹਜ਼ਫ਼ | ਮਹਿਜ਼ੂਫ਼ | ਫ਼ਿਅਲ |
| ਸਲਮ | ਅਸਲਮ | ਫ਼ੇਲੁਨ |
| ਤਸਬੀਗ | ਮੁਸਬਗ | ਫ਼ਊਲਾਨ |
| ਸਰਮ | ਅਸਰਮ | ਫ਼ਾਅ ਜਾਂ ਫ਼ੇਲ |
| ਬਤਰ | ਅਬਤਰ | ਫ਼ੇ |
| ਸਲਬੀਗ | ਸਬੀਗ | ਫ਼ੇਲਾਨ |

**ਫ਼ਾਇਲੁਨ ਦੇ ਰੂਪ:–**

| ਜ਼ਿਹਾਫ਼ ਦਾ ਨਾਮ | ਜ਼ਿਹਾਫ਼ ਦਾ ਬਹਿਰ ਵਿਚ ਨਾਮ | ਜ਼ਿਹਾਫ਼ੇ ਰੁਕਨ ਦਾ ਰੂਪ |
|---|---|---|
| ਖ਼ਬਨ | ਮਖ਼ਬੂਨ | ਫਿਇਲੁਨ |
| ਕੁਤਅ | ਮਕਤੂਅ | ਫ਼ੇਲੁਨ |
| ਖ਼ਲਅ | ਮੁਖ਼ਲਅ | ਫ਼ਿਅਲ |
| ਹਜ਼ਜ | ਮਹਿਜੂਜ | ਫ਼ੇ |
| ਇਜ਼ਾਲ ਜਾਂ ਅਜ਼ਾਲ | ਮੁਜ਼ਾਲ | ਫ਼ਾਇਲਾਨ |
| ਹਜ਼ਫ਼ | ਮਹਿਜ਼ੂਫ਼ | ਫ਼ੇਲ |

**ਮੁਫ਼ਾਇਲੁਤੁਨ ਦੇ ਰੂਪ:–**

| ਜ਼ਿਹਾਫ਼ ਦਾ ਨਾਮ | ਜ਼ਿਹਾਫ਼ ਦਾ ਬਹਿਰ ਵਿਚ ਨਾਮ | ਜ਼ਿਹਾਫ਼ੇ ਰੁਕਨ ਦਾ ਰੂਪ |
|---|---|---|
| ਅਸ਼ਬ | ਅਸ਼ਬਾਅ | ਮੁਫ਼ਾਈਲੁਨ |
| ਅਕਲ | ਅਕਲਾਅ | ਮੁਫ਼ਾਇਲੁਨ |
| ਨਕਸ਼ | ਨਕਸ਼ੂਬ | ਮੁਫ਼ਾਈਲੁ |
| ਕਤਫ਼ | ਕੌਤੂਫ਼ | ਫ਼ਊਲੁਨ |
| ਕਸ਼ਮ | ਅਕਸ਼ਮ | ਮਫ਼ਊਲੁਨ |
| ਜਮਮ | ਅਜੱਮ | ਫ਼ਾਇਲੁਨ |



| | | |
|---|---|---|
| ਅਕਸ਼ | ਅਕਸ਼ਾਅ | ਮਫ਼ਊਲ |
| ਗ਼ਜ਼ਬ | ਗ਼ਜ਼ਬਾਅ | ਮੁਫ਼ਤੁਇਲੁਨ |
| ਤਸਬੀਗ | ਮੁਸਬਗ | ਮੁਫ਼ਾਇਲੁਤਾਨ |

**ਮੁਤੁਫ਼ਾਇਲੁਨ ਦੇ ਰੂਪ:–**

| ਜ਼ਿਹਾਫ਼ ਦਾ ਨਾਮ | ਜ਼ਿਹਾਫ਼ ਦਾ ਬਹਿਰ ਵਿਚ ਨਾਮ | ਜ਼ਿਹਾਫ਼ੇ ਰੁਕਨ ਦਾ ਰੂਪ |
|---|---|---|
| ਵਕਸ਼ | ਅਵਕਸ਼ | ਮੁਫ਼ਾਇਲੁਨ |
| ਖ਼ਜ਼ਲ | ਅਖ਼ਜ਼ਲ | ਮੁਫ਼ਤੁਇਲੁਨ |
| ਤਰਫ਼ੀਲ | ਮੁਰੱਫ਼ਲ | ਮੁਤੁਫ਼ਾਇਲਾਤੁਨ |
| ਅਜਾਲਾ ਜਾਂ ਇਜ਼ਾਲ | ਮੁਜ਼ਾਲ | ਮੁਤਫ਼ਾਇਲਾਨ |
| ਅਜ਼ਮਾਰ | ਮੁਜ਼ਮਰ | ਮੁਸਤਫ਼ਇਲੁਨ |

## ਕਾਂਡ–3 - ਕ

**ਦੋ–ਦੋ ਜਾਂ ਤਿੰਨ–ਤਿੰਨ ਜ਼ਿਹਾਫ਼ਾਂ ਦੇ ਮੇਲ ਤੋਂ ਬਣੇ ਨਵੇਂ ਜ਼ਿਹਾਫ਼, ਉਨ੍ਹਾਂ ਦੇ ਨਵੇਂ ਨਾਮ ਅਤੇ ਜ਼ਿਹਾਫ਼ੇ ਹੋਏ ਨਵੇਂ ਰੂਪ:–**

| ਜ਼ਿਹਾਫ਼ ਦਾ ਨਵਾਂ ਨਾਮ | ਜਿਹੜੇ ਜਿਹੜੇ ਜ਼ਿਹਾਫ਼ ਦਾ ਮਿਲਾਪ ਹੈ | ਨਵੇਂ ਜ਼ਿਹਾਫ਼ ਦਾ ਬਹਿਰ ਵਿਚ ਨਾਮ | ਬਦਲਿਆ ਰੂਪ |
|---|---|---|---|
| ਕਬੀਰਾ | ਕਬਜ਼ + ਤਸਬੀਰਾ | ਅਕਬੀਰਾ | ਮੁਫ਼ਾਇਲਾਨ |
| ਖ਼ਬੀਰਾ | ਖ਼ਰਮ + ਤਸਬੀਰਾ | ਅਖ਼ਬੀਰਾ | ਮਫ਼ਊਲਾਨ |
| ਸ਼ਤਬੀਰਾ | ਸ਼ਤਰ + ਤਸਬੀਰਾ | ਸ਼ਬੀਰਾ | ਫ਼ਾਇਲਾਨ |
| ਹਜਬੀਰਾ | ਹਜਫ਼ + ਤਸਬੀਰਾ | ਹਬੀਰਾ | ਫ਼ਊਲਾਨ |
| ਲਲਜਫ਼ | ਸਲੁਮ + ਹਜਫ਼ | ਸਲਜੂਫ਼ | ਫ਼ੇਲੁਨ |

### ਫ਼ਾਇਲਾਤੁਨ ਰੁਕਨ ਤੇ ਅਸਰ–ਅੰਦਾਜ਼

| | | | |
|---|---|---|---|
| ਕੁਤਜ਼ਫ਼ | ਕੁਤਅ + ਹਜਫ਼ | ਕੁਤਜੂਫ਼ | ਫ਼ੇਲੁਨ |

| | | | |
|---|---|---|---|
| ਖ਼ਬਜ਼ਫ਼ | ਖ਼ਬਨ + ਹਜ਼ਫ਼ | ਖ਼ਬਾਫ਼ | ਫ਼ਿਇਲੁਨ |
| ਖ਼ਬਸਰ | ਖ਼ਬਨ + ਕਸਰ | ਖ਼ਬਸੂਰ | ਫ਼ਿਇਲਾਤ |
| ਕੁਤਬੀਗ | ਕੁਤਅ + ਤਸਬੀਗ | ਕੁਬੀਗ | ਫ਼ੇਲਾਤ |
| ਜ਼ਹਬੀਗ | ਜ਼ਹਫ਼ + ਤਸਬੀਗ | ਜ਼ਬੀਗ | ਫ਼ਾਅ ਜਾਂ ਫ਼ੇਲ |
| ਖ਼ਕਈਸ਼ | ਖ਼ਬਨ+ਕਬਰ+ਤਬਈਸ਼ | ਖ਼ਕਸ਼ਾਅ | ਫ਼ੇਲਾਤ |
| ਖ਼ਤਸ | ਖ਼ਬਨ + ਤਸਕੀਨ | ਖ਼ਬਕੀਨ | ਫ਼ਊਲੁਨ |

**ਮੁਸਤਫ਼ਇਲੁਨ 'ਤੇ ਅਸਰ-ਅੰਦਾਜ਼:-**

| | | | |
|---|---|---|---|
| ਖ਼ਬਜ਼ਾਲ | ਖ਼ਬਨ+ਇਜ਼ਾਲ ਜਾਂ ਇਜ਼ਾਲਾ | ਖਜ਼ਾਲ | ਮੁਫ਼ਾਇਲਾਨ |
| ਹਜ਼ਾਫ਼ | ਹਜ਼ਜ + ਹਜ਼ਫ਼ | ਅਹਜ਼ਾਫ਼ | ਫ਼ੇ |
| ਤੈਜ਼ਾਲ | ਤੈਅ+ਇਜ਼ਾਲ ਜਾਂ ਇਜ਼ਾਲਾ | ਅਤਜ਼ਾਲ | ਮੁਫ਼ਤੁਇਲਾਨ |
| ਰਫ਼ਜ਼ਾਲ | ਰਫ਼ਅ+ਇਜ਼ਾਲ ਜਾਂ ਇਜ਼ਾਲਾ | ਰਜ਼ਾਲ | ਫ਼ਾਇਲਾਨ |

**ਮਫ਼ਊਲਾਤੁ 'ਤੇ ਅਸਰ-ਅੰਦਾਜ਼:-**

| | | | |
|---|---|---|---|
| ਖ਼ਬਕਾਫ਼ | ਖਬਨ + ਵਕਫ਼ | ਖ਼ਬਕੂਫ਼ | ਮੁਫ਼ਾਈਲ |
| ਤੈਕਾਫ਼ | ਤੈਅ + ਵਕਫ਼ | ਤੈਕੂਫ਼ | ਫ਼ਾਇਲਾਤ |
| ਖ਼ਕਾਫ਼ | ਖ਼ਬਲ + ਵਕਫ਼ | ਖ਼ਕੂਫ਼ | ਫ਼ਿਇਲਾਤ |
| ਤਸਾਫ਼ | ਤੈਅ + ਕਸਫ਼ | ਅਤਸਾਫ਼ | ਫ਼ਾਇਲੁਨ |
| ਖ਼ਬਸਫ਼ | ਖ਼ਬਨ + ਕਸਫ਼ | ਖ਼ਬਸਾਅ | ਫ਼ਊਲੁਨ |

**ਫ਼ਊਲੁਨ 'ਤੇ ਅਸਰ-ਅੰਦਾਜ਼:-**

| | | | |
|---|---|---|---|
| ਸਲਬੀਗ | ਸਲ਼ਮ + ਤਸਬੀਗ | ਸਬੀਰਾ | ਫ਼ੇਲਾਨ |

**ਫ਼ਾਇਲੁਨ 'ਤੇ ਅਸਰ-ਅੰਦਾਜ਼:-**

| | | | |
|---|---|---|---|
| ਖ਼ਲਅ | ਖ਼ਬਨ + ਕੁਤਅ | ਮੁਖ਼ਲਅ | ਫ਼ਿਅਲ |

**ਮੁਤੁਫ਼ਾਇਲਨ 'ਤੇ ਅਸਰ-ਅੰਦਾਜ਼:-**

| | | | |
|---|---|---|---|
| ਖ਼ਜ਼ਲ | ਇਜ਼ਮਾਰ + ਤੈਅ | ਅਖ਼ਜ਼ਲ | ਮੁਫਤੁਇਲੁਨ |

ਨੋਟ : ਹਥਲੇ ਕਾਂਡ-3 ਕ ਵਿਚ ਜਿਹੜੇ ਦੋ-ਦੋ ਜਾਂ ਤਿੰਨ-ਤਿੰਨ ਜ਼ਿਹਾਫ਼



ਮਿਲਾ ਕੇ ਇਕ ਨਵਾਂ ਜ਼ਿਹਾਫ਼ ਬਣਾਇਆ ਗਿਆ ਹੈ। ਇਸ ਦਾ ਕੁਝ ਵੇਰਵਾ ਇਸੇ ਕਾਂਡ-3 ਦੇ ਹ ਹਿੱਸੇ ਵਿਚ ਆ ਚੁੱਕਾ ਹੈ। ਏਥੇ ਇਸ ਤਰ੍ਹਾਂ ਦੇ ਸਾਰੇ ਜ਼ਿਹਾਫ਼ ਵੱਖਰੇ ਕੱਢ ਕੇ ਇਸ ਲਈ ਦੁਬਾਰਾ ਲਿਖੇ ਹਨ ਤਾਂ ਕਿ ਤੁਹਾਨੂੰ ਇਸ ਨਵੇਂ ਜ਼ਿਹਾਫ਼ ਵੱਖਰੇ ਕੱਢ ਕੇ ਇਸ ਲਈ ਦੁਬਾਰਾ ਲਿਖੇ ਹਨ ਤਾਂ ਕਿ ਤੁਹਾਨੂੰ ਇਸੇ ਨਵੇਂ ਜ਼ਿਹਾਫ਼ ਵਿਚ ਜੋ-ਜੋ ਜ਼ਿਹਾਫ਼ ਮਿਲ਼ਾਏ ਹਨ ਉਨ੍ਹਾਂ ਬਾਰੇ ਦੱਸਿਆ ਜਾਵੇ। ਕਾਂਡ-3 ਹ ਵਿਚ ਮਿਲਾਏ ਗਏ ਜ਼ਿਹਾਫ਼ਾਂ ਦਾ ਨਵਾਂ ਨਾਮ ਅਤੇ ਬਦਲੇ ਹੋਏ ਰੂਪ ਦਾ ਹੀ ਜ਼ਿਕਰ ਸੀ, ਕਿਸੇ ਨਵੇਂ ਜ਼ਿਹਾਫ਼ ਵਿਚ ਮਿਲਾਏ ਗਏ ਜ਼ਿਹਾਫ਼ਾਂ ਦਾ ਵੇਰਵਾ ਨਹੀਂ ਸੀ। ਮਿਲਾਏ ਗਏ ਜ਼ਿਹਾਫ਼ਾਂ ਦੇ ਵੇਰਵੇ ਨਾਲ਼ ਤੁਹਾਨੂੰ ਨਵੇਂ ਬਣਾਏ ਜ਼ਿਹਾਫ਼ ਦੀ ਬਣਤਰ ਸਮਝਣ ਵਿਚ ਵੀ ਸੌਖ ਹੋ ਜਾਵੇਗੀ। ਪਹਿਲਾਂ ਕਿਸੇ ਵੀ ਕਿਤਾਬ ਵਿਚ ਇਹਨਾਂ ਮਿਲਾਏ ਗਏ ਜ਼ਿਹਾਫ਼ਾਂ ਤੇ ਬਣੇ ਨਵੇਂ ਜ਼ਿਹਾਫ਼ ਦਾ ਨਾਮ ਨਹੀਂ ਮਿਲ਼ਦਾ। ਸਿਰਫ਼ ਮਿਲਾਏ ਗਏ ਜ਼ਿਹਾਫ਼ ਅਥੇ ਬਹਿਰ ਦਾ ਹੀ ਥੋੜਾ ਬਹੁਤ ਜ਼ਿਕਰ ਮਿਲ਼ਦਾ ਹੈ। ਮੈਂ ਇਨ੍ਹਾਂ ਮਿਲ਼ਾਏ ਗਏ ਜ਼ਿਹਾਫ਼ਾਂ ਤੋਂ ਬਣੇ ਨਵੇਂ ਜ਼ਿਹਾਫ਼ਾਂ ਦਾ ਨਾਮਕਰਨ ਕੀਤਾ ਹੈ ਅਤੇ ਬਹਿਰ ਵਿਚ ਵੀ ਇਸ ਨਵੇਂ ਜਿਹਾਫ਼ ਨੂੰ ਬਹਿਰੀ ਨਾਮ ਦਿੱਤਾ ਹੈ। ਤੁਸੀਂ ਪਹਿਲਾਂ ਵੀ ਬਹਿਰਾਂ ਵਾਲੇ ਕਾਂਡ ਵਿਚ ਵੇਖਿਆ ਹੋਵੇਗਾ ਕਿ ਜਿਹਾਫ਼ ਦਾ ਨਾਮ ਬਹਿਰ ਵਿਚ ਬਦਲ ਜਾਂਦਾ ਹੈ ਜਦਕਿ ਕਿ ਜ਼ਿਹਾਫ਼ ਦਾ ਮੂਲ ਨਾਮ ਹੋਰ ਹੁੰਦਾ ਹੈ। ਇਸਦਾ ਕਾਰਨ ਤਾਂ ਅਰੂਜ਼ ਦੇ ਕਾਢੀ ਉਸਤਾਦ ਸਾਹਿਬਾਨ ਹੀ ਜਾਨਣ ਪਰ ਮੇਰੇ ਹਿਸਾਬ ਨਾਲ਼ ਇਹ ਵਾਧੂ ਦਾ ਖ਼ਿਲਾਰਾ ਹੈ, ਜਿਸ ਬਿਨਾ ਵੀ ਸਰ ਸਕਦਾ ਹੈ। ਬਹਿਰ ਦਾ ਨਾਮਕਰਨ ਕਰਨ ਵੇਲੇ ਸਿਰਫ਼ ਜਿਹਾਫ਼ ਅਤੇ ਰੁਕਨ ਦਾ ਮੂਲ ਨਾਮ ਹੀ ਦੱਸ ਦੇਣਾ ਕਾਫ਼ੀ ਹੈ। ਜਿਸ ਤੋਂ ਪਾਠਕ, ਸਰੋਤੇ ਜਾਂ ਅਲੋਚਕ ਨੂੰ ਪਤਾ ਲੱਗ ਜਾਂਦਾ ਹੈ ਕਿ ਇਸ ਬਹਿਰ ਦੀ ਚਾਲ, ਜ਼ਿਹਾਫ਼ ਅਤੇ ਰੁਕਨ ਕਿਹੜੇ ਹਨ। ਸੋ ਬਹਿਰ ਵਿਚ ਜ਼ਿਹਾਫ਼ ਦੇ ਬਦਲੇ ਹੋਏ ਨਾਮ ਦੀ ਚਰਚਾ ਕਰਨੀ ਐਵੇਂ ਖ਼ਲਜਗਣ ਅਤੇ ਦੂਹਰ ਲਾਉਣ ਵਾਲ਼ੀ ਹੀ ਗੱਲ ਹੈ, ਕਿਉਂਕਿ ਪਹਿਲਾਂ ਵੀ ਬਹਿਰਾਂ ਦੇ ਵਰਨਣ ਵਿਚ ਜ਼ਿਹਾਫ਼ਾਂ ਅਤੇ ਰੁਕਨਾ ਦਾ ਜ਼ਿਕਰ ਕੀਤਾ ਜਾਂਦਾ ਰਿਹਾ ਹੈ, ਇਸ ਲਈ ਉਸ ਪਿਰਤ ਅਨੁਸਾਰ ਸਿਰਫ਼ ਤੁਹਾਡੀ ਅਰੂਜ਼ੀ ਜਾਣਕਾਰੀ ਲਈ ਹੀ ਮੈਂ ਵੀ ਜ਼ਿਕਰ ਕਰ ਦਿੱਤਾ ਹੈ, ਇਸ ਤੋਂ ਬਚਿਆ ਜਾ ਸਕਦਾ ਹੈ।

ਮਿਲ਼ਾਏ ਜ਼ਿਹਾਫ਼ਾਂ ਦੇ ਨਾਮਕਰਨ ਲਈ ਮੈਂ ਅੰਗਰੇਜ਼ੀ ਵਾਲ਼ਾ ਤਰੀਕਾ ਵਰਤਿਆ ਹੈ। ਅੰਗਰੇਜ਼ੀ ਵਿਚ (ਹੁਣ ਤਾਂ ਹਰ ਭਾਸ਼ਾ ਵਿਚ ਹੀ) ਕਿਸੇ ਲੰਬੇ ਨਾਮ ਨੂੰ ਸੰਖੇਪ ਕਰਨ ਲਈ ਹਰ ਸ਼ਬਦ ਦਾ ਪਹਿਲਾ ਅੱਖਰ ਲੈ ਕੇ ਇਕ ਨਵਾਂ ਅਤੇ ਛੋਟਾ ਸ਼ਬਦ ਘੜ ਲਿਆ ਜਾਂਦਾ ਹੈ। ਵਾਰ-ਵਾਰ ਲੰਬਾ ਨਾਮ ਲਿਖਣ ਜਾਂ ਬੋਲਣ ਨਾਲੋਂ ਨਵਾਂ ਸੰਖੇਪ ਨਾਮ ਲਿਖ ਜਾਂ ਬੋਲ ਕੇ ਸਾਰ ਲਿਆ ਜਾਂਦਾ ਹੈ। ਜਿਵੇਂ ਇਕ

ਬਿਮਰੀ ▶✱◀▷ਦਾਪ੍ਰਕਾਨਾਮ▶✱✪◭✲✲▶ ✱✯◭✯ ◀✷✦✲◀✷✯◀✷ ◀✷✯▶✲➤ ਹੈ। ਪਰ ਸੰਖੇਪ ਨਾਮ ▶✱◀▷ ਨਾਲ਼ ਹੀ ਸਾਰ ਲਿਆ ਜਾਂਦਾ ਹੈ ਅਤੇ ਹਰ ਕੋਈ ਸਮਝਦਾ ਵੀ ਹੈ। ਮੈਂ ਵੀ ਮਿਲਾਏ ਜ਼ਿਹਾਫ਼ਾਂ ਦੇ ਨਵੇਂ ਨਾਮ ਲਈ ਇਹੀ ਤਰੀਕਾ ਵਰਤਿਆ ਹੈ। ਹਰ ਜ਼ਿਹਾਫ਼ ਦੇ ਮੁਢਲੇ ਇਕ ਜਾਂ ਦੋ ਅੱਖਰ ਲੈ ਕੇ ਇਕ ਨਵਾਂ ਨਾਮ ਈਜ਼ਾਦ ਕਰ ਲਿਆ ਹੈ ਅਤੇ ਤੁਹਾਡੀ ਸਹੂਲਤ ਅਤੇ ਜਾਣਕਾਰੀ ਲਈ ਇੱਥੇ ਲਿਖ ਦਿੱਤਾ ਹੈ। ਜ਼ਿਹਾਫ਼ ਦੇ ਨਾਲ਼-ਨਾਲ਼ ਉਸਦਾ ਬਹਿਰੀ ਨਾਮ ਵੀ ਉਪਰੋਕਤ ਤਰੀਕੇ ਨਾਲ਼ ਹੋਂਦ ਵਿਚ ਲਿਆਂਦਾ ਗਿਆ ਹੈ। ਤੁਸੀਂ ਮਿਲਾਏ ਗਏ ਜ਼ਿਹਾਫ਼ਾਂ ਦੇ ਨਾਮ ਜਦੋਂ ਪੜ੍ਹੋਗੇ ਤਾਂ ਝੱਟ ਹੀ ਸਮਝ ਜਾਵੋਗੇ ਕਿ ਕਿਹੜੇ ਜ਼ਿਹਾਫ਼ ਦਾ ਕਿਹੜਾ ਅੱਖਰ ਨਵੇਂ ਜ਼ਿਹਾਫ਼ ਦੇ ਨਾਮ ਲਈ ਲਿਆ ਗਿਆ ਹੈ। ਤੁਸੀਂ ਇਹ ਨਾਮ ਵਰਤੋਂ ਜਾਂ ਨਾ ਵਰਤੋਂ ਪਰ ਤੁਹਾਨੂੰ ਤਰੀਕੇ ਦਾ ਪਤਾ ਜ਼ਰੂਰ ਹੋਣਾ ਚਾਹੀਦਾ ਹੈ। ਇਹ ਨਾਮ ਤੁਹਾਨੂੰ ਕਿਸੇ ਕਿਤਾਬ ਵਿਚ ਨਹੀਂ ਮਿਲਣੇ। ਇਹ ਸਿਰਫ਼ ਮੇਰੀ ਹੀ ਸੋਚ ਅਤੇ ਮਿਹਨਤ ਦਾ ਨਤੀਜਾ ਹੈ ਕਿ ਇਨ੍ਹਾਂ ਮਿਲ਼ਾਏ ਗਏ ਜ਼ਿਹਾਫ਼ਾਂ ਨੂੰ ਨਾਮ ਮਿਲ਼ੇ ਹਨ। ਉਮੀਦ ਹੈ ਹੋਰ ਅਰੂਜ਼ੀ ਮੇਰੀ ਮਿਹਨਤ ਨੂੰ ਸਹਿਮਤੀ ਦੇ ਕੇ ਪਰਚੱਲਤ ਕਰਨਗੇ ਅਤੇ ਆਪਣੀ ਲਿਖਤਾਂ ਵਿਚ ਵੀ ਹਵਾਲੇ ਵੀ ਦੇਣਗੇ। ਆਮੀਨ!

## ਕਾਂਡ-3 - ਖ
## ਬਹਿਰਾਂ ਦੇ ਨਾਮ ਜ਼ਿਹਾਫ਼ਾਂ ਨਾਲ਼

ਸਿਖਿਆਰਥੀਓ! ਕਾਂਡ ਨੰਬਰ-2 - ਅ ਵਿਚ ਗ਼ਜ਼ਲ ਦੀਆਂ ਮੂਲ ਬਹਿਰਾਂ ਦੇ ਨਾਮ ਥੱਲੇ ਤੁਸੀਂ ਇਹ ਜਾਣ ਚੁੱਕੇ ਹੋ ਕਿ ਗ਼ਜ਼ਲ ਦੀਆਂ ਮੁਢਲੀਆਂ ਕੁੱਲ ਇੰਨੀ ਸਾਲਮ ਬਹਿਰਾਂ ਹਨ। ਜਿੰਨ੍ਹਾਂ ਉਪਰ ਕੋਈ ਜ਼ਿਹਾਫ਼ ਨਹੀਂ ਲਗਦਾ। ਇਨ੍ਹਾਂ ਉੱਨੀ ਬਹਿਰਾਂ ਵਿਚ ਪਹਿਲੀਆਂ ਸੱਤ ਬਹਿਰਾਂ ਜੋ ਇਕ ਹੀ ਸਾਲਿਮ ਰੁਕਨ ਨਾਲ਼ ਬਣਦੀਆਂ ਹਨ ਅਤੇ ਇਹ ਰੁਕਨ ਇਕ ਤੁਕ ਵਿਚ ਇਕ ਵਾਰ ਹੀ ਆਉਂਦੇ ਹਨ। ਉਨ੍ਹਾਂ ਨੂੰ **ਮੁਫ਼ਰਦ ਬਹਿਰਾਂ** ਕਹਿੰਦੇ ਹਨ। ਅਗਲੀਆਂ ਅੱਠ ਤੋਂ ਚੌਦਾਂ ਨੰਬਰ ਵਾਲੀਆਂ ਬਹਿਰਾਂ ਦੋ-ਦੋ ਰੁਕਨਾ ਨੂੰ ਮਿਲ਼ਾ ਕੇ ਬਣਦੀਆਂ ਹਨ। ਇਹ ਰੁਕਨ ਇਕ ਤੁਕ ਵਿਚ ਦੋ-ਦੋ ਵਾਰ ਆਉਂਦੇ ਹਨ ਅਤੇ ਹੁੰਦੇ ਵੀ ਸਾਲਿਮ ਹਨ। ਇਸ ਲਈ ਇਨ੍ਹਾਂ ਸੱਤ ਬਹਿਰਾਂ ਨੂੰ (ਅੱਠ ਨੰਬਰ ਤੋਂ ਚੌਦਾਂ ਨੰਬਰ ਤੀਕ) ਮੁਰੱਕਬ ਬਹਿਰਾਂ ਆਖਦੇ ਹਨ। ਚੌਦਾਂ ਨੰਬਰ ਤੋਂ ਬਾਅਦ ਵਾਲੀਆਂ ਪੰਜ ਬਹਿਰਾਂ (ਭਾਵ ਪੰਦਰਾਂ ਤੋਂ ਉੱਨੀ ਨੰਬਰ ਤੀਕ) ਦੇ ਰੁਕਨ ਵੀ ਹੁੰਦੇ ਤਾਂ ਸਾਲਿਮ ਹੀ ਹਨ ਪਰ ਹੁੰਦੇ ਵੱਖ-ਵੱਖ ਹਨ



ਅਤੇ ਇਹ ਇਕ ਤੁਕ ਵਿਚ ਸਿਰਫ਼ ਇਕ-ਇਕ ਵਾਰ ਹੀ ਆਉਂਦੇ ਹਨ ਇਸ ਲਈ ਇਨ੍ਹਾਂ ਪੰਜ ਬਹਿਰਾਂ ਨੂੰ ਵੀ **ਮੁਰੱਕਬ ਬਹਿਰਾਂ** ਹੀ ਆਖਦੇ ਹਨ। ਜਿੱਥੇ ਪਹਿਲੀਆਂ ਚੌਦਾਂ ਬਹਿਰਾਂ ਨੂੰ ਮੁਸੰਮਨ ਦੀ ਸ਼ਰੇਣੀ ਵਿਚ ਰੱਖਿਆ ਜਾਂਦਾ ਹੈ ਕਿਉਂਕਿ **ਮੁਸੰਮਨ** ਬਹਿਰਾਂ ਦੀ ਹਰ ਤਕ ਵਿਚ ਚਾਰ ਹੀ ਰੁਕਨ ਹੁੰਦੇ ਹਨ। ਹਰ ਅੱਠਕੋਣੀ ਚੀਜ਼ ਨੂੰ ਮੁਸੰਮਨ ਕਿਹਾ ਜਾਂਦਾ ਹੈ। ਦੋਹਾਂ ਤੁਕਾਂ ਵਿਚ ਅੱਠ ਰੁਕਨ ਹੁੰਦੇ ਹਨ। ਓਥੇ ਪਿਛਲੀਆਂ ਪੰਜ ਬਹਿਰਾਂ ਨੂੰ **ਮੁਸੱਦਸ** ਦੀ ਸ਼ਰੇਣੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਕਿਉਂਕਿ ਇਹਨਾਂ ਬਹਿਰਾਂ ਦੀ ਹਰੇਕ ਤੁਕ ਵਿਚ ਕੁਲ ਤਿੰਨ ਹੀ ਰੁਕਨ ਹੁੰਦੇ ਹਨ। ਹਰ ਛੇ ਕੋਣੀ ਚੀਜ਼ ਨੂੰ ਮੁਸੱਦਸ ਕਿਹਾ ਜਾਂਦਾ ਹੈ। (ਦੋਹਾਂ ਤੁਕਾਂ ਵਿਚ ਛੇ ਰੁਕਨ ਹੁੰਦੇ ਹਨ।) ਸਾਰਾ ਕੁਝ ਮੈਂ ਉਪਰ ਦੱਸੇ ਕਾਂਡ-2 ਅ ਵਿਚ ਦੱਸ ਆਇਆ ਹਾਂ ਪਰ ਅੱਗੇ ਇਨ੍ਹਾਂ ਸਾਰੀਆਂ ਬਹਿਰਾਂ ਉਪਰ ਜ਼ਿਹਾਫ਼ਾਂ ਦੀ (ਕਾਂਟ-ਛਾਂਟ ਦੇ ਤਰੀਕਿਆਂ ਦੀ) ਵਰਤੋਂ ਆਪਾਂ ਕਰਨੀ ਹੈ। ਇਸ ਲਈ ਮੋਟੀ-ਮੋਟੀ ਜਾਣਕਾਰੀ ਦੁਹਰਾਅ ਦਿੱਤੀ ਗਈ ਹੈ ਤਾਂਕਿ ਤੁਸੀਂ ਪਿਛਲੀ ਜਾਣਕਾਰੀ ਨਾਲ਼ ਮਨੋ ਜੁੜ ਕੇ ਅਗਲੀ ਜਾਣਕਾਰੀ ਲਈ ਤਿਆਰ ਹੋ ਸਕੋ ਅਤੇ ਭੁੱਲਣ ਜਾਂ ਭੁਲੇਖਾ ਖਾਣ ਦੀ ਨੌਬਤ ਤੋਂ ਬਚ ਸਕੋ। ਗ਼ਜ਼ਲ ਦੇ ਵਿਸ਼ੇ ਵਿਚ ਤੁਸੀਂ ਜਿੰਨੀ ਦੁਹਰਾਈ ਕਰੋਗੇ ਓਨੀ ਹੀ ਤੁਹਾਡੀ ਸੂਝ ਤਿਖੇਰੀ ਹੋਵੇਗੀ। ਤਿਖੇਰੀ ਸੂਝ ਗ਼ਜ਼ਲ ਵਿਚ ਬਹੁਤ ਕੰਮ ਆਉਂਦੀ ਹੈ ਅਤੇ ਬਹੁਤ ਜ਼ਰੂਰੀ ਵੀ ਹੈ। ਜ਼ਿਹਾਫ਼ਾਂ ਦੀ ਵਿਸਤਰਿਤ ਜਾਣਕਾਰੀ ਵੀ ਤੁਸੀਂ ਪੜ੍ਹ ਚੁੱਕੇ ਹੋ। ਆਓ! ਜ਼ਿਹਾਫ਼ੀਆਂ ਬਹਿਰਾਂ ਵੱਲ ਚੱਲਦੇ ਹਾਂ।

ਜਿੱਥੇ ਤੁਸੀਂ ਬਹਿਰਾਂ ਦੇ ਨਾਮ ਸ਼ਬਦਾਂ ਵਿਚ ਪੜ੍ਹੋਗੇ ਓਥੇ ਹੀ ਆਈ ਅਤੇ ਐਸ (✱⍒▷) ਵਾਲੇ ਚਿੰਨ੍ਹਾਂ ਰਾਹੀਂ ਵੀ ਪੜ੍ਹੋਗੇ ਤਾਂਕਿ ਤੁਸੀਂ ਕਿਸੇ ਰੁਕਨ ਦੀ ਚਿੰਨ੍ਹਾਂ ਵਿਚ ਬਰਾਬਰੀ ਵੀ ਜਾਣ ਸਕੋ ਅਤੇ ਚਿੰਨ੍ਹਾਂ ਰਾਹੀਂ ਪੁੱਛੇ ਗਏ ਬਹਿਰ ਰੂਪੀ ਸੁਆਲ ਬਾਰੇ ਵੀ ਦੱਸ ਸਕੋ ਕਿਉਂਕਿ ਗ਼ਜ਼ਲ ਵਿਚ ਸ਼ਬਦਾਂ ਨਾਲੋਂ ਚਿੰਨ੍ਹਾਂ ਦੀ ਜ਼ਿਆਦਾ ਮਹੱਤਤਾ ਹੈ। ਗ਼ਜ਼ਲ ਵਿਚ ਆਪਣੀ ਗੱਲ ਕਹੀ ਹੀ ਸੰਕੇਤ ਵਿਚ ਜਾਂਦੀ ਹੈ ਅਤੇ ਕਵਿਤਾ ਜਾਂ ਗੀਤ ਵਿਚ ਸਪੱਸ਼ਟ ਅਤੇ ਸਿੱਧੀ, ਜੋ ਗ਼ਜ਼ਲ-ਚਿੰਨ੍ਹ ਵੀ ਇਕ ਤਰ੍ਹਾਂ ਦੇ ਮਾਰਗ ਦਰਸਾਉਂਦੇ ਸੰਕੇਤ ਹੀ ਹਨ।

### ਬਹਿਰ ਹਜ਼ਜ਼ ਅਤੇ ਉਸਦੇ ਜ਼ਿਹਾਫ਼ੇ ਰੂਪ:-

**1. ਬਹਿਰ ਹਜ਼ਜ਼ ਮੁਸੰਮਨ ਸਾਲਿਮ (ਬਹਿਰ ਹਜ਼ਜ਼ ਅੱਠ ਰੁਕਨੀ ਸਾਥਤੀ)**

| | | | |
|---|---|---|---|
| ਮੁਫ਼ਾਈਲੁਨ | ਮੁਫ਼ਾਈਲੁਨ | ਮੁਫ਼ਾਈਲੁਨ | ਮੁਫ਼ਾਈਲੁਨ |
| I S S S | I S S S | I S S S | I S S |

ਇਕ ਤੁਕ ਵਿਚ ਇਕ ਵਾਰ ਹੀ ਚਾਰ ਰੁਕਨ ਆਉਣਗੇ।

**2. ਬਹਿਰ ਹਜ਼ਜ਼ ਮੁਸੰਮਨ ਮਹਿਜ਼ੂਫ਼ः–**

(ਬਹਿਰ ਹਜ਼ਜ਼ ਅੱਠ ਰੁਕਨੀ ਹਜ਼ਫ਼ ਜ਼ਿਹਾਫ਼ ਨਾਲ਼)

| | | | |
|---|---|---|---|
| ਮੁਫ਼ਾਈਲੁਨ | ਮੁਫ਼ਾਈਲੁਨ | ਮੁਫ਼ਾਈਲੁਨ | ਫਊਲੁਨ |
| I S S S | I S S S | I S S S | I S S |

ਇਕ ਤੁਕ ਵਿਚ ਇਕ ਵਾਰ ਹੀ ਚਾਰ ਰੁਕਨ ਆਉਣਗੇ।

**3. ਬਹਿਰ ਹਜ਼ਜ਼ ਮੁਸੰਮਨ ਅਖ਼ਰਮ, ਮਹਿਜ਼ੂਫ਼**

(ਬਹਿਰ ਹਜ਼ਜ਼ ਅੱਠ ਰੁਕਨੀ ਖ਼ੁਰਮ ਅਤੇ ਹਜ਼ਫ਼ ਜ਼ਿਹਾਫ਼ ਨਾਲ਼)

| | | | |
|---|---|---|---|
| ਮੁਫ਼ਾਈਲੁਨ | ਮੁਫ਼ਾਈਲੁਨ | ਮੁਫ਼ਾਈਲੁਨ | ਫ਼ੇਲੁਨ |
| I S S S | I S S S | I S S S | S S |

ਇਕ ਤੁਕ ਵਿਚ ਇਕ ਵਾਰ ਹੀ ਚਾਰ ਰੁਕਨ ਆਉਣਗੇ।

**4. ਬਹਿਰ ਹਜ਼ਜ਼ ਮੁਸੰਮਨ ਅਬਤਰ**

(ਬਹਿਰ ਹਜ਼ਜ਼ ਅੱਠ ਰੁਕਨੀ ਬਤਰ ਜ਼ਿਹਾਫ਼ ਨਾਲ਼)

| | | | |
|---|---|---|---|
| ਮੁਫ਼ਾਈਲੁਨ | ਮੁਫ਼ਾਈਲੁਨ | ਮੁਫ਼ਾਈਲੁਨ | ਫ਼ੇ |
| I S S S | I S S S | I S S S | S |

ਇਕ ਤੁਕ ਵਿਚ ਚਾਰ ਰੁਕਨ ਇਥੇ ਵਾਰ ਹੀ ਆਉਣਗੇ।

**5. ਬਹਿਰ ਹਜ਼ਜ਼ ਮੁਸੰਮਨ ਮਕਬੂਜ਼**

(ਬਹਿਰ ਹਜ਼ਜ਼ ਅੱਠ ਰੁਕਨੀ ਕਬਜ਼ ਜ਼ਿਹਾਫ਼ ਨਾਲ਼)

| | | | |
|---|---|---|---|
| ਮੁਫ਼ਾਇਲੁਨ | ਮੁਫ਼ਾਇਲੁਨ | ਮੁਫ਼ਾਇਲੁਨ | ਮੁਫ਼ਾਇਲੁਨ |
| I S I S | I S I S | I S I S | I S I S |

ਇਕ ਤੁਕ ਵਿਚ ਇਕ ਵਾਰ ਹੀ ਚਾਰ ਰੁਕਨ ਆਉਣਗੇ।

**6. ਬਹਿਰ ਹਜ਼ਜ਼ ਮੁਸੰਮਨ ਅਖ਼ਰਬ**

(ਬਹਿਰ ਹਜ਼ਜ਼ ਅੱਠ ਰੁਕਨੀ ਖ਼ਰਬ ਜ਼ਿਹਾਫ਼ ਨਾਲ਼)

| | | | |
|---|---|---|---|
| ਮਫ਼ਊਲ | ਮੁਫ਼ਾਈਲੁਨ | ਮਫ਼ਊਲ | ਮੁਫ਼ਾਈਲੁਨ |
| S S I | I S S S | S S I | I S S S |

ਇਕ ਮਿਸਰੇ ਵਿਚ ਦੋਵੇਂ ਰੁਕਨ ਦੋ–ਦੋ ਵਾਰ ਆਉਣਗੇ।



**7. ਬਹਿਰ ਹਜ਼ਜ਼ ਮੁਸੰਮਨ ਅਖ਼ਰਬ, ਮਕਫ਼ੂਫ, ਮਕਸੂਰ**

(ਬਹਿਰ ਹਜ਼ਜ਼ ਅੱਠ ਰੁਕਨੀ ਖ਼ਰਬ, ਕੁਫ਼ ਅਤੇ ਕਸਰ ਜ਼ਿਹਾਫ਼ਾਂ ਨਾਲ਼)

| | | | |
|---|---|---|---|
| ਮਫ਼ਊਲ | ਮੁਫ਼ਾਈਲੁ | ਮੁਫ਼ਾਈਲੁ | ਮੁਫ਼ਾਈਲੁ |
| S S I | I S S I | I S S I | I S S I |

ਇਕ ਤੁਕ ਵਿਚ ਚਾਰੇ ਰੁਕਨ ਇਕ ਵਾਰ ਹੀ ਆਉਣਗੇ।

**8. ਬਹਿਰ ਹਜ਼ਜ਼ ਮੁਸੰਮਨ ਅਖ਼ਰਬ, ਮਕਫ਼ੂਫ, ਮਕਸੂਰ, ਮਹਿਜ਼ੂਫ਼**

(ਬਹਿਰ ਹਜ਼ਜ਼ ਅੱਠ ਰੁਕਨੀ ਖ਼ਰਬ, ਕੁਫ਼, ਕਸਰ ਅਤੇ ਹਜ਼ਫ਼ ਜਿਹਾਫ਼ਾਂ ਨਾਲ਼)

| | | | |
|---|---|---|---|
| ਮਫ਼ਊਲ | ਮੁਫ਼ਾਈਲੁ | ਮੁਫ਼ਾਈਲੁ | ਫ਼ਊਲੁਨ |
| S S I | I S S I | I S S I | I S S |

ਇਕ ਤੁਕ ਵਿਚ ਚਾਰੇ ਰੁਕਨ ਇਕ ਵਾਰ ਹੀ ਆਉਣਗੇ।

**9. ਬਹਿਰ ਹਜ਼ਜ਼ ਮੁਸੰਮਨ ਅਸ਼ਤਰ**

(ਬਹਿਰ ਹਜ਼ਜ਼ ਅੱਠ ਰੁਕਨੀ ਸ਼ਤਰ ਜ਼ਿਹਾਫ਼ ਨਾਲ਼)

| | | | |
|---|---|---|---|
| ਫ਼ਾਇਲੁਨ | ਮੁਫ਼ਾਈਲੁਨ | ਫ਼ਾਇਲੁਨ | ਮੁਫ਼ਾਈਲੁਨ |
| S I S | I S S S | S I S | I S S S |

ਇਕ ਤੁਕ ਵਿਚ ਦੋਵੇਂ ਰੁਕਨ ਦੋ–ਦੋ ਵਾਰ ਆਉਣਗੇ।

**10. ਬਹਿਰ ਹਜ਼ਜ਼ ਮੁਸੰਮਨ ਅਸ਼ਤਰ**

(ਬਹਿਰ ਹਜ਼ਜ਼ ਅੱਠ ਰੁਕਨੀ ਕਬਜ਼ ਅਤੇ ਸ਼ਤਰ ਜ਼ਿਹਾਫ਼ ਨਾਲ਼)

| | | | |
|---|---|---|---|
| ਫ਼ਾਇਲੁਨ | ਮੁਫ਼ਾਇਲੁਨ | ਫ਼ਾਇਲੁਨ | ਮੁਫ਼ਾਇਲੁਨ |
| SIS | ISIS | SIS | ISIS |

ਇਕ ਤੁਕ ਵਿਚ ਦੋਵੇਂ ਰੁਕਨ ਦੋ–ਦੋ ਵਾਰ ਆਉਣਗੇ

**11. ਬਹਿਰ ਹਜ਼ਜ਼ ਮੁਸੰਮਨ ਮਸਬਗ**

(ਬਹਿਰ ਹਜ਼ਜ਼ ਅੱਠ ਰੁਕਨੀ ਤਸਬੀਗ ਜ਼ਿਹਾਫ਼ ਨਾਲ਼)

| | | | |
|---|---|---|---|
| ਮੁਫ਼ਾਈਲੁਨ | ਮੁਫ਼ਾਈਲੁਨ | ਮੁਫ਼ਾਈਲੁਨ | ਮੁਫਾਈਲਾਨ |
| I S S S | I S S S | I S S S | I S S S I |

ਇਕ ਤੁਕ ਵਿਚ ਇਕ ਵਾਰ ਹੀ ਚਾਰ ਰੁਕਨ ਆਉਣਗੇ।

**12. ਬਹਿਰ ਹਜ਼ਜ਼ ਮੁਸੱਦਮ ਸਾਲਿਮ**

(ਬਹਿਰ ਹਜ਼ਜ਼ ਛੇ ਰੁਕਨੀ ਸਾਬਤੀ)

ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ

I S S S I S S S I S S S

ਇਕ ਤੁਕ ਵਿਚ ਇਕ ਵਾਰ ਹੀ ਤਿੰਨ ਰੁਕਨ ਆਉਣਗੇ।

**13. ਬਹਿਰ ਹਜ਼ਜ਼ ਮੁਸੱਦਸ ਮਹਿਜ਼ੂਫ਼**

(ਬਹਿਰ ਰਜ਼ਜ਼ ਛੇ ਰੁਕਨੀ ਹਜ਼ਫ਼ ਜ਼ਿਹਾਫ਼ ਨਾਲ਼)

ਮੁਫ਼ਾਈਲੁਨ ਮੁਫ਼ਾਈਲੁਨ ਫ਼ਊਲੁਨ

I S S S I S S S S S

ਇਕ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

**14. ਬਹਿਰ ਹਜ਼ਜ਼ ਮੁਸੱਦਸ ਅਖ਼ਰਮ, ਮਹਿਜ਼ੂਫ਼**

(ਬਹਿਰ ਹਜ਼ਜ਼ ਛੇ ਰੁਕਨੀ ਖ਼ਰਮ ਅਤੇ ਹਜ਼ਫ਼ ਜ਼ਿਹਾਫ਼ਾਂ ਨਾਲ਼)

ਮੁਫ਼ਾਈਲੁਨ ਮੁਫ਼ਾਈਲੁਨ ਫ਼ੇਲੁਨ

ISSS ISSS SS

ਇਸ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

**15. ਬਹਿਰ ਹਜ਼ਜ਼ ਮੁਸੱਦਸ ਮਕਸੂਰ**

(ਬਹਿਰ ਹਜ਼ਜ਼ ਛੇ ਰੁਕਨੀ ਕਬਰ ਜ਼ਿਹਾਫ਼ ਨਾਲ਼)

ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲ

I S S S I S S S I S S I

ਇਸ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

**16. ਬਹਿਰ ਹਜ਼ਜ਼ ਮੁਸੱਦਸ ਮਸਬਗ**

(ਬਹਿਰ ਹਜ਼ਜ਼ ਛੇ ਰੁਕਨੀ ਤਸਬੀਗ ਜ਼ਿਹਾਫ਼ ਨਾਲ਼)

ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲਾਨ

I S S S I S S S I S S S I

ਇਕ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।



**17. ਬਹਿਰ ਹਜ਼ਜ਼ ਮੁਸੱਦਸ ਮਕਬੂਜ਼**

(ਬਹਿਰ ਹਜ਼ਜ਼ ਛੇ ਰੁਕਨੀ ਕਬਜ਼ ਜ਼ਿਹਾਫ਼ ਨਾਲ਼)

ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ

I S I S I S I S I S I S

ਇਕ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

**18. ਬਹਿਰ ਹਜ਼ਜ਼ ਮੁਸੱਦਸ ਅਖ਼ਰਬ, ਮਕਬੂਜ, ਮਹਿਜ਼ੂਫ਼**

(ਬਹਿਰ ਹਜ਼ਜ਼ ਛੇ ਰੁਕਨੀ ਖ਼ਰਬ, ਕਬਜ ਅਤੇ ਹਜ਼ਫ਼ ਜ਼ਿਹਾਫ਼ ਨਾਲ਼)

ਮਫ਼ਊਲ ਮੁਫ਼ਾਇਲੁਨ ਫ਼ਊਲੁਨ

S S I I S I S S S

ਇਕ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

**19. ਬਹਿਰ ਹਜ਼ਜ਼ ਮੁਸੱਦਸ ਅਖ਼ਰਬ, ਮਕਬੂਜ਼, ਮਕਸੂਰ**

(ਬਹਿਰ ਹਜ਼ਜ਼ ਛੇ ਰੁਕਨੀ ਖ਼ਰਬ, ਕਬਜ਼ ਅਤੇ ਕਸਰ ਜ਼ਿਹਾਫ਼ਾਂ ਨਾਲ਼)

ਮਫ਼ਊਲ ਮੁਫ਼ਾਇਲੁਨ ਮੁਫ਼ਾਈਲ

S S I I S I S I S S I

ਇਕ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

**20. ਬਹਿਰ ਹਜ਼ਜ਼ ਮੁਸੱਦਸ ਅਖ਼ਰਬ, ਮਕਬੂਜ਼, ਮਹਿਜ਼ੂਫ਼, ਅਸਲਮ**

(ਬਹਿਰ ਹਜ਼ਜ਼ ਛੇ ਰੁਕਨੀ, ਖ਼ਰਬ, ਕਬਜ਼, ਹਜ਼ਫ਼ ਅਤੇ ਸਲਮ ਜ਼ਿਹਾਫ਼ਾਂ ਨਾਲ਼)

ਮਫ਼ਊਲ ਮੁਫ਼ਾਇਲੁਨ ਫ਼ੇਲੁਨ

S S I I S I S S S

ਇਕ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

**21. ਬਹਿਰ ਹਜ਼ਜ਼ ਮੁਸੱਦਸ ਅਬਤਰ**

(ਬਹਿਰ ਹਜ਼ਜ਼ ਛੇ ਰੁਕਨੀ ਬਤਰ ਜ਼ਿਹਾਫ਼ ਨਾਲ਼)

ਮੁਫ਼ਾਈਨ ਮੁਫ਼ਾਈਲੁਨ ਫ਼ੇ

I S S S I S S S S

ਇਕ ਤੁਕ ਵਿਚ ਤਿੰਨੇ ਰੁਕਨ ਇਕ ਵਾਰ ਹੀ ਆਉਣਗੇ।

ਨੋਟ: ਤੁਹਾਡੀ ਜਾਣਕਾਰੀ ਲਈ ਦੋ ਬਹਿਰਾਂ ਦਾ ਵੇਰਵਾ ਹੋਰ ਦੇ ਰਿਹਾ ਹਾਂ

ਪਰ ਉਹ ਵਰਤੋਂ ਵਿਚ ਨਹੀਂ ਆਉਂਦੀਆਂ। ਰੁਕਨਾ ਦੀ ਬਹੁਲਤਾ ਕਾਰਨ ਤੁਕ ਦੀ ਲੰਬਾਈ ਜ਼ਿਆਦਾ ਹੋ ਜਾਂਦੀ ਹੈ ਜਿਹੜੀ ਕਿ ਗ਼ਜ਼ਲ ਗਾਇਕ ਲਈ ਗਾਉਣੀ ਬਹੁਤ ਮੁਸ਼ਕਲ ਹੁੰਦੀ ਹੈ।

ਬਹਿਰ ਹਜ਼ਜ਼ ਸਾਜਦਾਂ ਸਾਲਿਮ ਜਾਂ ਬਹਿਰ ਹਜ਼ਜ਼ ਮੁਸੰਮਨ ਮੁਜਾਇਫ਼ ਸਾਲਿਮ ਮੁਫ਼ਾਈਲੂਨ ਰੁਕਨ ਇਕ ਤੁਕ ਵਿਚ ਅੱਠ ਵਾਰ, ਦੋ ਤੁਕਾਂ ਵਿਚ ਸੋਲ੍ਹਾਂ ਵਾਰ ਆਉਂਦਾ ਹੈ।

ਬਹਿਰ ਹਜ਼ਜ਼ ਮੁਅੱਸ਼ਰ ਸਾਲਿਮ ਜਾਂ ਬਹਿਰ ਹਜ਼ਜ਼ ਮੁਸੱਦਸ ਮੁਜਾਇਫ਼ ਸਾਲਿਮ, ਮੁਫ਼ਾਈਲੁਨ ਰੁਕਨ ਇਕ ਤੁਕ ਵਿਚ ਛੇ ਵਾਰ, ਦੋ ਤੁਕਾਂ ਵਿਚ ਬਾਰਾਂ ਵਾਰ ਆਉਂਦਾ ਹੈ। ਮੁਜਾਇਫ਼ ਦਾ ਅਰਥ ਦੁਹਰਾ ਹੁੰਦਾ ਹੈ। ਕਿਸੇ ਤੁਕ ਦੀ ਲੰਬਾਈ ਨੂੰ ਦੁਗਣਾ ਕਰ ਲਈਏ ਤਾਂ ਉਸ ਨੂੰ ਮੁਜਾਇਫ਼ ਕਿਹਾ ਜਾਂਦਾ ਹੈ। ਅਰਬੀ ਭਾਸ਼ਾ ਵਿਚ ਬਾਰਾਂ ਦੇ ਹਿੰਦਸੇ ਨੂੰ ਮੁਅੱਸ਼ਰ ਅਤੇ ਸੋਲਾਂ ਦੇ ਹਿੰਦਸੇ ਨੂੰ ਸਾਜਦਾਂ ਕਿਹਾ ਜਾਂਦਾ ਹੈ।

## ਬਹਿਰ ਰਮਲ ਅਤੇ ਉਸਦੇ ਜ਼ਿਹਾਫ਼ੇ ਰੂਪ:-

### 1. ਬਹਿਰ ਰਮਲ ਮੁਸੰਮਨ ਸਾਲਿਮ

(ਬਹਿਰ ਰਮਲ ਅੱਠ ਰੁਕਨੀ ਸਾਬਤੀ)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ |
|---|---|---|---|
| S I S S | S I S S | S I S S | S I S S |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

### 2. ਬਹਿਰ ਰਮਲ ਮੁਸੰਮਨ ਮਹਿਜ਼ੂਫ਼

(ਬਹਿਰ ਰਮਲ ਅੱਠ ਰੁਕਨੀ ਹਜ਼ਫ਼ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲੁਨ |
|---|---|---|---|
| S I S S | S I S S | S I S S | S I S |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

### 3. ਬਹਿਰ ਰਮਲ ਮੁਸੰਮਨ ਮਕਤੂਅ, ਮਹਿਜ਼ੂਫ਼

(ਬਹਿਰ ਰਮਲ ਅੱਠ ਰੁਕਨੀ ਕੁਤਅ ਅਤੇ ਹਜ਼ਫ਼ ਜ਼ਿਹਾਫ਼ਾਂ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ | ਫ਼ੇਲੁਨ |
|---|---|---|---|
| S I S S | S I S S | S I S S | S S |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।



### 4. ਬਹਿਰ ਰਮਲ ਮੁਸੰਮਨ ਅਬਤਰ

(ਬਹਿਰ ਰਮਲ ਅੱਠ ਰੁਕਨੀ ਬਤਰ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ | ਫ਼ੇ |
|---|---|---|---|
| S I S S | S I S S | S I S S | S |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

### 5. ਬਹਿਰ ਰਮਲ ਮੁਸੰਮਨ ਮਕਸੂਰ

(ਬਹਿਰ ਰਮਲ ਅੱਠ ਰੁਕਨੀ ਕਸਰ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤ |
|---|---|---|---|
| S I S S | S I S S | S I S S | S I S I |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

### 6. ਬਹਿਰ ਰਮਲ ਮੁਸੰਮਨ ਮਖ਼ਬੂਨ, ਮਕਸੂਰ

(ਬਹਿਰ ਰਮਲ ਅੱਠ ਰਕਨੀ ਖ਼ਬਨ ਅਤੇ ਕਸਰ ਜ਼ਿਹਾਫ਼ਾਂ ਨਾਲ਼)

| ਫ਼ਾਇਲਾਤੁਨ | ਫ਼ਿਇਲਾਤੁਨ | ਫ਼ਿਇਲਾਤੁਨ | ਫ਼ਿਇਲਾਤ |
|---|---|---|---|
| S I S S | I I S S | S I S S | I I S I |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

### 7. ਬਹਿਰ ਰਮਲ ਮੁਸੰਮਨ ਮਖ਼ਬੂਨ, ਮਕਸੂਰ, ਮਸ਼ਅਸ਼

(ਬਹਿਰ ਰਮਲ ਅੱਠ ਰੁਕਨੀ, ਖ਼ਬਨ, ਕਬਰ ਅਤੇ ਤਸ਼ਈਸ਼ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ | ਫ਼ੇਲਾਤ |
|---|---|---|---|
| S I S S | I I S S | I I S S | S S I |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਂਦੇ ਹਨ।

### 8. ਬਹਿਰ ਰਮਲ ਮੁਸੰਮਨ ਮਖ਼ਬੂਨ, ਮਹਿਜ਼ੂਫ਼

(ਬਹਿਰ ਰਮਲ ਅੱਠ ਰੁਕਨੀ ਖ਼ਬਨ ਅਤੇ ਹਜ਼ਫ਼ ਜ਼ਿਹਾਫ਼ਾਂ ਨਾਲ਼)

| ਫ਼ਾਇਲਾਤੁਨ | ਫ਼ਿਇਲਾਤੁਨ | ਫ਼ਿਇਲਾਤੁਨ | ਫ਼ਿਇਲੁਨ |
|---|---|---|---|
| S I S S | I I S S | I I S S | I I S |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**9. ਬਹਿਰ ਰਮਲ ਮੁਸੰਮਨ ਮਖ਼ਬੂਨ, ਮਹਿਜ਼ੂਫ਼, ਮਕਤੂਅ**

(ਬਹਿਰ ਰਮਲ ਅੱਠ ਰੁਕਨੀ, ਖ਼ਬਨ, ਹਜ਼ਫ਼ ਅਤੇ ਕੁਤਅ ਜਿਹਾਫ਼ਾਂ ਨਾਲ਼)

| ਫ਼ਾਇਲਾਤੁਨ | ਫ਼ਿਇਲਾਤੁਨ | ਫ਼ਿਇਲਾਤੁਨ | ਫ਼ੇਲੁਨ |
|---|---|---|---|
| S I S S | I I S S | I I S S | S S |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**10. ਬਹਿਰ ਰਮਲ ਮੁਸੰਮਨ ਮਸ਼ਕੂਲ**

(ਬਹਿਰ ਰਮਲ ਅੱਠ ਰੁਕਨੀ ਸ਼ਕਲ ਜ਼ਿਹਾਫ਼ ਨਾਲ਼)

| ਫ਼ਿਇਲਾਤ | ਫ਼ਾਇਲਾਤੁਨ | ਫ਼ਿਇਲਾਤ | ਫ਼ਾਇਲਾਤੁਨ |
|---|---|---|---|
| I I S I | S I S S | I I S I | S I S S |

ਇਕ ਤੁਕ ਵਿਚ ਦੋਵੇਂ ਰੁਕਨ ਦੋ-ਦੋ ਵਾਰ ਆਉਣਗੇ।

**11. ਬਹਿਰ ਰਮਲ ਮੁਸੰਮਨ ਮਸਬਗ**

(ਬਹਿਰ ਰਮਲ ਅੱਠ ਰੁਕਨੀ ਤਸਬੀਗ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤਾਨ |
|---|---|---|---|
| S I S S | S I S S | S I S S | S I S S I |

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**12. ਬਹਿਰ ਰਮਲ ਮੁਸੱਦਸ ਸਾਲਿਮ**

(ਬਹਿਰ ਰਮਲ ਛੇ ਰੁਕਨੀ ਸਾਬਤੀ)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤੁਨ |
|---|---|---|
| S I S S | S I S S | S I S S |

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**13. ਬਹਿਰ ਰਮਲ ਮੁਸੱਦਸ ਮਹਿਜ਼ੂਫ਼**

(ਬਹਿਰ ਰਮਲ ਛੇ ਰੁਕਨੀ ਹਜ਼ਫ਼ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲੁਨ |
|---|---|---|
| S I S S | S I S S | S I S |

ਇਕ ਤੁਕ ਵਿਚ ਤਿੰਨ ਰੁਕਨ ਇਕੋ ਵਾਰ ਹੀ ਆਉਣਗੇ।



**14. ਬਹਿਰ ਰਮਲ ਮੁਸੱਦਸ ਮਕਤੂਅ-ਮਹਿਜ਼ੂਫ਼**

(ਬਹਿਰ ਰਮਲ ਛੇ ਰੁਕਨੀ ਕੁਤਅ ਅਤੇ ਹਜ਼ਫ਼ ਜ਼ਿਹਾਫ਼ਾਂ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ੇਲੁਨ |
|---|---|---|
| S I S S | S I S S | S S |

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**15. ਬਹਿਰ ਰਮਲ ਮੁਸੱਦਸ ਅਬਤਰ**

(ਬਹਿਰ ਰਮਲ ਛੇ ਰੁਕਨੀ ਬਤਰ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ੇ |
|---|---|---|
| S I S S | S I S S | S |

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**16. ਬਹਿਰ ਰਮਲ ਮੁਸੱਦਸ ਮਕਸੂਰ**

(ਬਹਿਰ ਰਮਲ ਛੇ ਰੁਕਨੀ ਕਸਰ ਜ਼ਿਹਾਫ਼ ਨਾਲ਼)

| ਫ਼ਾਇਲਾਤੁਨ | ਫ਼ਾਇਲਾਤੁਨ | ਫ਼ਾਇਲਾਤ |
|---|---|---|
| S I S S | S I S S | S I S I |

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**17. ਬਹਿਰ ਰਮਲ ਮੁਸੱਦਸ ਮਖ਼ਬੂਨ, ਮਨਸੂਰ, ਮਸ਼ਅਸ਼**

(ਬਹਿਰ ਰਮਲ ਛੇ ਰੁਕਨੀ, ਖ਼ਬਨ, ਕਸਰ ਅਤੇ ਤਜ਼ਈਸ਼ ਜ਼ਿਹਾਫ਼ਾਂ ਨਾਲ਼)

| ਫ਼ਾਇਲਾਤੁਨ | ਫ਼ਇਲਾਤੁਨ | ਫ਼ੇਲਾਤ |
|---|---|---|
| S I S S | I I S S | S S I |

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**18. ਬਹਿਰ ਰਮਲ ਮੁਸੱਦਸ ਮਖ਼ਬੂਨ, ਮਕਸੂਰ**

(ਬਹਿਰ ਰਮਲ ਛੇ ਰੁਕਨੀ ਖ਼ਬਨ ਅਤੇ ਕਸਰ ਜ਼ਿਹਾਫ਼ਾਂ ਨਾਲ਼)

| ਫ਼ਾਇਲਾਤੁਨ | ਫ਼ਿਇਲਾਤੁਨ | ਫ਼ਿਇਲਾਤ |
|---|---|---|
| S I S S | I I S S | I I S I |

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**19. ਬਹਿਰ ਰਮਲ ਮੁਸੱਦਸ ਮਖ਼ਬੂਨ, ਮਹਿਜ਼ੂਫ਼**

(ਬਹਿਰ ਰਮਲ ਛੇ ਰੁਕਨੀ ਖ਼ਬਨ ਅਤੇ ਹਜ਼ਫ਼ ਜ਼ਿਹਾਫ਼ਾਂ ਨਾਲ਼)

ਫ਼ਾਇਲਾਤੁਨ ਫ਼ਿਇਲਾਤੁਨ ਫ਼ਿਇਲੁਨ

S I S S I I S S I I S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**20. ਬਹਿਰ ਰਮਲ ਮੁਸੱਦਸ ਮਖ਼ਬੂਨ, ਮਹਿਜ਼ੂਫ਼, ਮਕਤੂਅ**

(ਬਹਿਰ ਰਮਲ ਛੇ ਰੁਕਨੀ ਖ਼ਬਨ, ਹਜ਼ਫ਼ ਅਤੇ ਕੁਤਅ ਜ਼ਿਹਾਫ਼ਾਂ ਨਾਲ਼)

ਫ਼ਾਇਲਾਤੁਨ ਫ਼ਿਇਲਾਤੁਨ ਫ਼ੇਲੁਨ

S I S S I I S S S S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**21. ਬਹਿਰ ਰਮਲ ਮੁਸੱਦਸ ਮਸਬਗ**

(ਬਹਿਰ ਰਮਲ ਛੇ ਰੁਕਨੀ ਤਸਬੀਗ ਜ਼ਿਹਾਫ਼ ਨਾਲ਼)

ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤਾਨ

S I S S S I S S S I S S I

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

ਨੋਟ: ਬਹਿਰ ਹਜ਼ਜ਼ ਵਾਂਗ ਬਹਿਰ ਰਮਲ ਵੀ ਸਾਜਦਾਂ ਅਤੇ ਮੁਅੱਸ਼ਰ ਹੋ ਸਕਦੀ ਹੈ ਪਰ ਸਮੱਸਿਆ ਏਥੇ ਵੀ ਓਹੀ ਆਵੇਗੀ ਕਿ ਰੁਕਨਾ ਦੀ ਲੰਬਾਈ ਅਤੇ ਬਹੁਲਤਾ ਕਾਰਨ ਗਾਇਕ ਨੂੰ ਗਾਉਣ ਲਈ ਅਤੇ ਸ਼ਾਇਰ ਨੂੰ ਸਟੇਜ ਉਪਰ ਪੜ੍ਹਨ ਸਮੇਂ ਕਾਫ਼ੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ, ਤਦੇ ਹੀ ਜ਼ਿਆਦਾ ਲੰਬਾਈ ਵਾਲ਼ੀਆਂ ਗ਼ਜ਼ਲਾਂ ਮਕਬੂਲ ਨਹੀਂ ਹੋਈਆਂ। ਗਾਇਕ ਹਮੇਸ਼ਾ ਛੋਟੀ ਬਹਿਰ ਨੂੰ ਹੀ ਤਰਜੀਹ ਦਿੰਦੇ ਹਨ ਅਤੇ ਨਾਮਣਾ ਖੱਟਦੇ ਹਨ। ਅਗਰ ਤੁਸੀਂ ਇਸ ਵਜ਼ਨ ਵਿਚ ਲਿਖਣਾ ਹੀ ਚਾਹੋ ਤਾਂ ਬਹਿਰ ਰਮਲ ਦੇ ਨਮੂਨੇ ਨੂੰ ਮੁਖ ਰੱਖ ਕੇ ਦੋਹਾਂ ਵਜ਼ਨਾਂ ਵਿਚ ਲਿਖ ਸਕਦੇ ਹੋ। ਬਹਿਰ ਦਾ ਨਾਮਕਰਨ ਕਰਦੇ ਸਮੇਂ ਹਜ਼ਜ਼ ਸ਼ਬਦ ਦੀ ਥਾਂ ਰਮਲ ਸ਼ਬਦ ਲਿਖ ਲਵੋ, ਬਾਕੀ ਕੋਈ ਵੀ ਅੰਤਰ ਨਹੀਂ ਹੈ। ਹਾਂ ਕੁਝ ਛੋਟੇ ਰੁਕਨਾਂ ਵਾਲ਼ੀਆਂ ਬਹਿਰਾਂ ਵਿਚ ਇਸ ਵਜ਼ਨ ਵਿਚ ਗ਼ਜ਼ਲਾਂ ਲਿਖੀਆਂ ਜਾਂਦੀਆਂ ਹਨ ਅਤੇ ਉਹ ਮਕ਼ਬੂਲ ਵੀ ਹਨ ਜਿਵੇਂ ਬਹਿਰ ਮੁਤਦਾਰਿਕ ਅਤੇ ਬਹਿਰ ਮੁਤਕਾਰਿਬ ਦੇ ਸਾਲਿਮ ਅਤੇ ਜ਼ਿਹਾਫ਼ੇ ਰੁਕਨਾ ਵਿਚ, ਜਿਨ੍ਹਾਂ ਦਾ ਜ਼ਿਕਰ ਅੱਗੇ ਜਾ ਕੇ ਕਰਾਂਗੇ।



## ਬਹਿਰ ਰਜ਼ਜ਼ ਅਤੇ ਉਸਦੇ ਜ਼ਿਹਾਫ਼ੇ ਰੂਪ:-

**1. ਬਹਿਰ ਰਜ਼ਜ਼ ਮੁਸੰਮਨ ਸਾਲਿਮ**

(ਬਹਿਰ ਰਜ਼ਜ਼ ਅੱਠ ਰੁਕਨੀ ਸਾਬਤੀ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ

S S I S S S I S S S I S S S I S

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**2. ਬਹਿਰ ਰਜ਼ਜ਼ ਮੁਸੰਮਨ ਮਹਿਜ਼ੂਜ਼**

(ਬਹਿਰ ਰਜ਼ਜ਼ ਅੱਠ ਰੁਕਨੀ ਹਜ਼ਜ਼ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ੇਲੁਨ

S S I S S S I S S S I S S S S

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**3. ਬਹਿਰ ਰਜ਼ਜ਼ ਮੁਸੰਮਨ ਮਹਿਜ਼ੂਜ਼, ਮਹਿਜ਼ੂਫ਼**

(ਬਹਿਰ ਰਜ਼ਜ਼ ਅੱਠ ਰੁਕਨੀ ਹਜ਼ਜ਼ ਅਤੇ ਹਜ਼ਫ਼ ਜ਼ਿਹਾਫ਼ਾਂ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ੇ

S S I S S S I S S S I S S S

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**4. ਬਹਿਰ ਰਜ਼ਜ਼ ਮੁਸੰਮਨ ਮੁਰੱਫ਼ਲ**

(ਬਹਿਰ ਰਜ਼ਜ਼ ਅੱਠ ਰੁਕਨੀ ਤਰਫ਼ੀਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲਾਤੁਨ

S S I S S S I S S S I S S S I S S

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**5. ਬਹਿਰ ਰਜ਼ਜ਼ ਮੁਸੰਮਨ ਮੁਜਾਲ**

(ਬਹਿਰ ਰਜ਼ਜ਼ ਅੱਠ ਰੁਕਨੀ ਅਜ਼ਾਲਾ ਜਾਂ ਇਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲਾਨ

S S I S S S I S S S I S S S I S I

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**6. ਬਹਿਰ ਰਜ਼ਜ਼ ਮੁਸੰਮਨ ਇਤਜ਼ਾਲ**

(ਬਹਿਰ ਰਜ਼ਜ਼ ਅੱਠ ਰੁਕਨੀ ਤੈਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਤੁਇਲਾਨ
S S I S S S I S S S I S S I I S I
ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**7. ਬਹਿਰ ਰਜ਼ਜ਼ ਮੁਸੰਮਨ ਖ਼ਜ਼ਾਲ**

(ਬਹਿਰ ਰਜ਼ਜ਼ ਅੱਠ ਰੁਕਨੀ ਖ਼ਬਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਾਇਲਾਨ
S S I S S S I S S S I S I S I S I
ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**8. ਬਹਿਰ ਰਜ਼ਜ਼ ਮੁਸੰਮਨ ਮਖ਼ਬੂਨ**

(ਬਹਿਰ ਰਜ਼ਜ਼ ਅੱਠ ਰੁਕਨੀ ਖ਼ਬਨ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਾਇਲੁਨ
S S I S S S I S S S I S I S I S
ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**9. ਬਹਿਰ ਰਜ਼ਜ਼ ਮੁਸੰਮਨ ਮਕਤੂਅ**

(ਬਹਿਰ ਰਜ਼ਜ਼ ਅੱਠ ਰੁਕਨੀ ਕੁਤਅ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮਫ਼ਊਲੁਨ
S S I S S S I S S S I S S S S
ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**10. ਬਹਿਰ ਰਜ਼ਜ਼ ਮੁਸੰਮਨ ਰਜ਼ਾਲ**

(ਬਹਿਰ ਰਜ਼ਜ਼ ਅੱਠ ਰੁਕਨੀ ਰਫ਼ਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ਾਇਲਾਨ
S S I S S S I S S S I S S I S I
ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।



**11. ਬਹਿਰ ਰਜ਼ਜ਼ ਮੁਸੰਮਨ ਮਤਵੀ, ਮਖ਼ਬੂਨ**

(ਬਹਿਰ ਰਜ਼ਜ਼ ਅੱਠ ਰੁਕਨੀ ਤੈਅ ਅਤੇ ਖ਼ਬਨ ਜ਼ਿਹਾਫ਼ਾਂ ਨਾਲ਼)

ਮੁਫ਼ਤੁਇਲੁਨ ਮੁਫ਼ਾਇਲੁਨ ਮੁਫ਼ਤਇਲੁਨ ਮੁਫ਼ਾਇਲੁਨ
S I I S I S I S S I I S I S I S
ਇਕ ਤੁਕ ਵਿਚ ਦੋਵੇਂ ਰੁਕਨ ਦੋ-ਦੋ ਵਾਰ ਆਉਣਗੇ।

**12. ਬਹਿਰ ਰਜ਼ਜ਼ ਮੁਸੰਮਨ ਮਤਵੀ, ਮਰਫ਼ੂਅ**

(ਬਹਿਰ ਰਜ਼ਜ਼ ਅੱਠ ਰੁਕਨੀ ਤੈਅ ਅਤੇ ਰਫ਼ਅ ਜ਼ਿਹਾਫ਼ਾਂ ਨਾਲ਼)

ਮੁਫ਼ਤਇਲੁਨ ਫ਼ਾਇਲੁਨ ਮੁਫ਼ਤਇਲੁਨ ਫ਼ਾਇਲੁਨ
S I I S S I S S I I S S I S
ਇਕ ਤੁਕ ਵਿਚ ਦੋਵੇਂ ਰੁਕਨ ਦੋ-ਦੋ ਵਾਰ ਆਉਣਗੇ।

**13. ਬਹਿਰ ਰਜ਼ਜ਼ ਮੁਸੱਦਸ ਸਾਲਿਮ**

(ਬਹਿਰ ਰਜ਼ਜ਼ ਛੇ ਰੁਕਨੀ ਸਾਬਤੀ)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ
S S I S S S I S S S I S
ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**14. ਬਹਿਰ ਰਜ਼ਜ਼ ਮੁਸੱਦਸ ਮਰਫ਼ੂਅ**

(ਬਹਿਰ ਰਜ਼ਜ਼ ਛੇ ਰੁਕਨੀ ਰਫ਼ਅ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ਾਇਲੁਨ
S S I S S S I S S I S
ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**14. (1) ਬਹਿਰ ਰਜ਼ਜ਼ ਮੁਸੱਦਸ ਮਹਿਜ਼ੂਜ਼**

(ਬਹਿਰ ਰਜ਼ਜ਼ ਛੇ ਰੁਕਨੀ ਹਜ਼ਜ਼ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਫੇਲੁਨ
S S I S S S I S S S
ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**15. ਬਹਿਰ ਰਜ਼ਜ਼ ਮੁਸੱਦਸ ਮਹਿਜ਼ੂਜ਼ ਮਹਿਜ਼ੂਫ਼**

(ਬਹਿਰ ਰਜ਼ਜ਼ ਛੇ ਰੁਕਨੀ ਹਜ਼ਜ਼ ਅਤੇ ਹਜ਼ਫ਼ ਜ਼ਿਹਾਫ਼ਾਂ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ੇ

S S I S S S I S S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**16. ਬਹਿਰ ਰਜ਼ਜ਼ ਮੁਸੱਦਸ ਮੁਰਫ਼ੱਲ**

(ਬਹਿਰ ਰਜ਼ਜ਼ ਛੇ ਰੁਕਨੀ ਤਰਫ਼ੀਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲਾਤੁਨ

S S I S S S I S I S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**17. ਬਹਿਰ ਰਜ਼ਜ਼ ਮੁਸੱਦਸ ਮੁਜ਼ਾਲ**

(ਬਹਿਰ ਰਜ਼ਜ਼ ਛੇ ਰੁਕਨੀ ਅਜ਼ਾਲਾ ਜਾਂ ਇਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਤੁਸਤਫ਼ਇਲਾਨ

S S I S S S I S S S I S I

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**18. ਬਹਿਰ ਰਜ਼ਜ਼ ਮੁਸੱਦਸ ਇਤਜ਼ਾਲ**

(ਬਹਿਰ ਰਜ਼ਜ਼ ਛੇ ਰੁਕਨੀ ਤੈਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਤੁਇਲਾਨ

S S I S S S I S S I I S I

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**19. ਬਹਿਰ ਰਜ਼ਜ਼ ਮੁਸੱਦਸ ਖ਼ਜ਼ਾਲ**

(ਬਹਿਰ ਰਜ਼ਜ਼ ਛੇ ਰੁਕਨੀ ਖ਼ਬਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਾਇਲਾਨ

S S I S S S I S I S I

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।



**20. ਬਹਿਰ ਰਜ਼ਜ਼ ਮੁਸੱਦਸ ਮਖ਼ਬੂਨ**

(ਬਹਿਰ ਰਜ਼ਜ਼ ਤੇ ਰੁਕਨੀ ਖ਼ਬਨ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮੁਫ਼ਾਇਲੁਨ

S S I S S S I S I S I S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**21. ਬਹਿਰ ਰਜ਼ਜ਼ ਮੁਸੱਦਸ ਮਕਤੂਅ**

(ਬਹਿਰ ਰਜ਼ਜ਼ ਛੇ ਰੁਕਨੀ ਕੁਤਅ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਮਫ਼ਊਲੁਨ

S S I S S S I S S S S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**22. ਬਹਿਰ ਰਜ਼ਜ਼ ਮੁਸੱਦਸ ਰਜ਼ਾਲ**

(ਬਹਿਰ ਰਜ਼ਜ਼ ਛੇ ਰੁਕਨੀ ਰਫ਼ਜ਼ਾਲ ਜ਼ਿਹਾਫ਼ ਨਾਲ਼)

ਮੁਸਤਫ਼ਇਲੁਨ ਮੁਸਤਫ਼ਇਲੁਨ ਫ਼ਾਇਲਾਨ

S S I S S S I S S I S I

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**23. ਬਹਿਰ ਰਜ਼ਜ਼ ਮੁਸੱਦਸ ਮਤਵੀ, ਮਖ਼ਬੂਨ**

(ਬਹਿਰ ਰਜ਼ਜ਼ ਛੇ ਰੁਕਨੀ ਤੈਅ ਅਤੇ ਖ਼ਬਨ ਜ਼ਿਹਾਫ਼ਾਂ ਨਾਲ਼)

ਮੁਸਤਫ਼ਇਲੁਨ ਮੁਸਫ਼ਤੁਇਲੁਨ ਮੁਫ਼ਾਇਲੁਨ

S S I S S I I S I S I S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

**24. ਬਹਿਰ ਰਜ਼ਜ਼ ਮੁਸੱਦਸ ਮਤਵੀ, ਮਰਫ਼ੂਅ**

(ਬਹਿਰ ਰਜਜ਼ ਛੇ ਰੁਕਨੀ ਤੈਅ ਅਤੇ ਰਫ਼ਅ ਜ਼ਿਹਾਫ਼ਾਂ ਨਾਲ਼)

ਮੁਸਤਫ਼ਇਲੁਨ ਮੁਸਫ਼ਤੁਇਲੁਨ ਫ਼ਾਇਲੁਨ

S S I S S I I S S I S

ਇਕ ਤੁਕ ਵਿਚ ਤਿੰਨ ਰੁਕਨ ਇਕ ਵਾਰ ਹੀ ਆਉਣਗੇ।

## ਬਹਿਰ ਮੁਤਕਾਰਿਬ ਅਤੇ ਉਸਦੇ ਜ਼ਿਹਾਫ਼ੇ ਰੂਪ:-

**1. ਬਹਿਰ ਮੁਤਕਾਰਿਬ ਸਾਜਦਾਂ ਸਾਲਿਮ ਜਾਂ ਬਹਿਰ ਮੁਤਕਾਰਿਬ ਮੁਸੰਮਨ ਮੁਜ਼ਾਇਫ਼ ਸਾਲਿਮ**

(ਬਹਿਰ ਮੁਤਕਾਰਿਬ ਸੋਲਾਂ ਰੁਕਨੀ ਸਾਬਤੀ)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ

I S S I S S I S S I S S I S S I S S I S S I S S

ਇਕ ਤੁਕ ਵਿਚ ਅੱਠ ਰੁਕਨ ਇਕ ਵਾਰ ਹੀ ਆਉਣਗੇ।

**2. ਬਹਿਰ ਮੁਤਕਾਰਿਬ ਮੁਸੰਮਨ ਸਾਲਿਮ**

(ਬਹਿਰ ਮੁਤਕਾਰਿਬ ਅੱਠ ਰੁਕਨੀ ਸਾਬਤੀ)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ

I S S I S S I S S I S S

ਇਕ ਤੁਕ ਵਿਚ ਚਾਰ ਰੁਕਨ ਇਕ ਵਾਰ ਹੀ ਆਉਣਗੇ।

**3. ਬਹਿਰ ਮੁਤਕਾਰਿਬ ਸਾਜਦਾਂ ਅਸਰਮ**

(ਬਹਿਰ ਮੁਤਕਾਰਿਬ ਸੋਲਾਂ ਰੁਕਨੀ ਸਰਮ ਜ਼ਿਹਾਫ਼ ਨਾਲ਼)

ਫ਼ੇਲ- ਫ਼ਊਲੁਨ, ਫ਼ੇਲ- ਫ਼ਊਲੁਨ,ਫ਼ੇਲ- ਫ਼ਊਲੁਨ, ਫ਼ੇਲ- ਫ਼ਊਲੁਨ

S I- I S S, S I- I S S, S I- I S S, S I- I S S

ਇਕ ਤੁਕ ਵਿਚ ਦੋਵੇਂ ਰੁਕਨ ਚਾਰ-ਚਾਰ ਵਾਰ ਆਉਣਗੇ।

**4. ਬਹਿਰ ਮੁਤਕਾਰਿਬ ਮੁਸੰਮਨ ਅਸਰਮ**

(ਬਹਿਰ ਮੁਤਕਾਰਿਬ ਅੱਠ ਰੁਕਨੀ ਅਸਰਮ ਜ਼ਿਹਾਫ਼ ਨਾਲ਼)

ਫ਼ੇਲ- ਫ਼ਊਲੁਨ, ਫ਼ੇਲ- ਫ਼ਊਲੁਨ

S I- I S S, S I- I S S

ਇਕ ਤੁਕ ਵਿਚ ਦੋਵੇਂ ਰੁਕਨ ਦੋ-ਦੋ ਵਾਰ ਆਉਣਗੇ।

**5. ਬਹਿਰ ਮੁਤਕਾਰਿਬ ਸਾਜਦਾਂ ਅਸਲਮ**

(ਬਹਿਰ ਮੁਤਕਾਰਿਬ ਸੋਲਾਂ ਰੁਕਨੀ ਸਲ਼ਮ ਜ਼ਿਹਾਫ਼ ਨਾਲ਼)

ਫ਼ੇਲੁਨ- ਫ਼ਊਲੁਨ,ਫ਼ੇਲੁਨ-ਫ਼ਊਲੁਨ, ਫ਼ੇਲੁਨ ਫ਼ਊਲੁਨ ਫ਼ੇਲੁਨ ਫ਼ਊਲੁਨ

S S- I S S, S S- I S S, S S I S S, S S- I S S

ਇਕ ਤੁਕ ਵਿਚ ਦੋਵੇਂ ਰੁਕਨ ਚਾਰ-ਚਾਰ ਵਾਰ ਆਉਣਗੇ।



**6. ਬਹਿਰ ਮੁਤਕਾਰਿਬ ਮੁਸੰਮਨ ਅਸਲਮ**

(ਬਹਿਰ ਮੁਤਕਾਰਿਬ ਅੱਠ ਰੁਕਨੀ ਸਲਮ ਜ਼ਿਹਾਫ਼ ਨਾਲ਼)

ਫ਼ੇਲੁਨ- ਫ਼ਊਲੁਨ, ਫ਼ੇਲੁਨ- ਫ਼ਊਲੁਨ

S S- I S S, S S- I S S

ਇਕ ਤੁਕ ਵਿਚ ਦੋਵੇਂ ਰੁਕਨ ਦੋ-ਦੋ ਵਾਰ ਆਉਣਗੇ।

**7. ਬਹਿਰ ਮੁਤਕਾਰਿਬ ਸਾਜਦਾਂ ਮਕਬੂਜ, ਅਸਲਮ**

(ਬਹਿਰ ਮੁਤਕਾਰਿਬ ਸੋਲਾਂ ਰੁਕਨੀ ਕਬਜ਼ ਅਤੇ ਸਲਮ ਜ਼ਿਹਾਫ਼ਾਂ ਨਾਲ਼)

ਫ਼ਊਲ- ਫ਼ੇਲੁਨ, ਫ਼ਊਲ- ਫ਼ੇਲੁਨ, ਫ਼ਊਲ- ਫ਼ੇਲੁਨ, ਫ਼ਊਲ-ਫ਼ੇਲੁਨ

I S I- S S, I S I- S S, I S I- S S, I S I- S S

ਇਕ ਤੁਕ ਵਿਚ ਦੋਵੇਂ ਰੁਕਨ ਚਾਰ-ਚਾਰ ਵਾਰ ਆਉਣਗੇ।

**8. ਬਹਿਰ ਮੁਤਕਾਰਿਬ ਮੁਸੰਮਨ ਮਕਬੂਜ, ਅਸਲਮ**

(ਬਹਿਰ ਮੁਤਕਾਰਿਬ ਅੱਠ ਰੁਕਨੀ ਕਬਜ਼ ਅਤੇ ਸਲਮ ਜ਼ਿਹਾਫ਼ਾਂ ਨਾਲ਼)

ਫ਼ਊਲ - ਫ਼ੇਲੁਨ, ਫ਼ਊਲ - ਫ਼ੇਲੁਨ

I S I - S S, I S I - S S

ਇਕ ਤੁਕ ਵਿਚ ਦੋਵੇਂ ਰੁਕਨ ਦੋ-ਦੋ ਵਾਰ ਆਉਣਗੇ।

**9. ਬਹਿਰ ਮੁਤਕਾਰਿਬ ਮੁਸੰਮਨ ਮਕਸੂਰ**

(ਬਹਿਰ ਮੁਤਕਾਰਿਬ ਅੱਠ ਰੁਕਨੀ ਕਸਰ ਜ਼ਿਹਾਫ਼ ਨਾਲ਼)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲ

I S S I S S I S S I S I

ਇਕ ਤੁਕ ਵਿਚ ਫ਼ਊਲੁਨ ਤਿੰਨ ਵਾਰ ਅਤੇ ਫ਼ਊਲ ਇਕ ਵਾਰ ਹੀ ਅਖ਼ੀਰ ਉੱਤੇ ਆਵੇਗਾ।

**10. ਬਹਿਰ ਮੁਤਕਾਰਿਬ ਮੁਸੰਮਨ ਮਹਿਜ਼ੂਫ਼**

(ਬਹਿਰ ਮੁਤਕਾਰਿਬ ਅੱਠ ਰੁਕਨੀ ਹਜ਼ਫ਼ ਜ਼ਿਹਾਫ਼ ਨਾਲ਼)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਿਅਲ

I S S I S S I S S I S

ਇਕ ਤੁਕ ਵਿਚ ਫ਼ਊਲੁਨ ਤਿੰਨ ਵਾਰ ਅਤੇ ਫ਼ਿਅਲ ਇਕ ਵਾਰ ਹੀ ਅਖ਼ੀਰ ਉਤੇ ਆਵੇਗਾ।

**11. ਬਹਿਰ ਮੁਤਕਾਰਿਬ ਮੁਅੱਸ਼ਰ ਸਾਲਿਮ ਜਾਂ ਬਹਿਰ ਮੁਤਕਾਰਿਬ ਮੁਸੱਦਸ ਮੁਜਾਇਫ਼ ਸਾਲਿਮ**

(ਬਹਿਰ ਮੁਤਕਾਰਿਬ ਬਾਰਾਂ ਰੁਕਨੀ ਸਾਬਤੀ)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ

I S S I S S I S S I S S I S S I S S

ਇਕ ਤੁਕ ਵਿਚ ਛੇ ਰੁਕਨ ਇਕ ਵਾਰ ਹੀ ਆਉਣਗੇ।

**12. ਬਹਿਰ ਮੁਤਕਾਰਿਬ ਮੁਅੱਸ਼ਰ ਅਸਰਮ ਜਾਂ ਮੁਸੱਦਸ ਮੁਜਾਇਫ਼ ਅਸਰਮ**

(ਬਹਿਰ ਮੁਤਕਾਰਿਬ ਬਾਰਾਂ ਰੁਕਨੀ ਸਰਮ ਜ਼ਿਹਾਫ਼ ਨਾਲ਼)

ਫ਼ੇਲ- ਫ਼ਊਲੁਨ, ਫ਼ੇਲ- ਫ਼ਊਲੁਨ, ਫੇਲ- ਫ਼ਊਲੁਨ

S I- I S S, S I- I S S, S I- I S S

ਇਕ ਤੁਕ ਵਿਚ ਦੋਵੇਂ ਰੁਕਨ ਤਿੰਨ-ਤਿੰਨ ਵਾਰ ਆਉਣਗੇ।

**13. ਬਹਿਰ ਮੁਤਕਾਰਿਬ ਮੁਅੱਸ਼ਰ ਅਸਲਮ ਜਾਂ ਮੁਸੱਦਸ ਮੁਜਾਇਫ਼ ਅਸਲਮ**

(ਬਹਿਰ ਮੁਤਕਾਰਿਬ ਬਾਰਾਂ ਰੁਕਨੀ ਸਲਮ ਜ਼ਿਹਾਫ਼ ਨਾਲ਼)

ਫ਼ੇਲੁਨ- ਫ਼ਊਲੁਨ, ਫ਼ੇਲੁਨ- ਫ਼ਊਲੁਨ, ਫੇਲੁਨ- ਫ਼ਊਲੁਨ

S S- I S S, S S- I S S, S S- I S S

ਇਕ ਤੁਕ ਵਿਚ ਦੋਵੇਂ ਰੁਕਨ ਤਿੰਨ-ਤਿੰਨ ਵਾਰ ਆਉਣਗੇ।

**14. ਬਹਿਰ ਮੁਤਕਾਰਿਬ ਮੁਅੱਸ਼ਰ ਮਕਬੂਜ਼, ਅਸਲਮ ਜਾਂ ਮੁਸੱਦਸ ਮੁਜਾਇਫ਼ ਮਕਬੂਜ਼, ਅਸਲਮ**

(ਬਹਿਰ ਮੁਤਕਾਰਿਬ ਬਾਰਾਂ ਰੁਕਨੀ ਕਬਜ਼ ਅਤੇ ਸਲ਼ਮ ਜ਼ਿਹਾਫ਼ਾਂ ਨਾਲ਼)

ਫ਼ਊਲ- ਫ਼ੇਲੁਨ, ਫ਼ਊਲ- ਫੇਲੁਨ, ਫ਼ਊਲ- ਫੇਲੁਨ

I S I- S S, I S S- S S, I S I- S S

ਇਕ ਤੁਕ ਵਿਚ ਦੋਵੇਂ ਰੁਕਨ ਤਿੰਨ-ਤਿੰਨ ਵਾਰ ਆਉਣਗੇ।

**15. ਬਹਿਰ ਮੁਤਕਾਰਿਬ ਮੁਸੱਦਸ ਸਾਲਿਮ**

(ਬਹਿਰ ਮੁਤਕਾਰਿਬ ਛੇ ਰੁਕਨੀ ਸਾਬਤੀ)

ਫ਼ਊਲੁਨ ਫ਼ਊਲੁਨ ਫ਼ਊਲੁਨ

I S S I S S I S S

ਇਕ ਤੁਕ ਵਿਚ ਦੋਵੇਂ ਰੁਕਨ ਇਕ ਵਾਰ ਹੀ ਆਉਣਗੇ।



**16. ਬਹਿਰ ਮੁਤਕਾਰਿਬ ਮੁਸੱਦਸ ਮਕਸੂਰ**

(ਬਹਿਰ ਮੁਤਕਾਰਿਬ ਛੇ ਰੁਕਨੀ ਕਸਰ ਜ਼ਿਹਾਫ਼ ਨਾਲ਼)

ਫ਼ਊਲੁਨ ਫ਼ਊਲੁਨ ਫ਼ਊਲ

I S S I S S I S I

ਇਕ ਤੁਕ ਵਿਚ ਫ਼ਊਲੁਨ ਦੋ ਵਾਰ ਅਤੇ ਫ਼ਊਲ ਇਕ ਵਾਰ ਹੀ ਅਖ਼ੀਰ ਉਤੇ ਆਵੇਗਾ।

**17. ਬਹਿਰ ਮੁਤਕਾਰਿਬ ਮਸੱਦਸ ਮਹਿਜ਼ੂਫ਼**

(ਬਹਿਰ ਮੁਤਦਾਰਿਕ ਛੇ ਰੁਕਨੀ ਹਜ਼ਫ਼ ਜ਼ਿਹਾਫ਼ ਨਾਲ਼)

ਫ਼ਊਲੁਨ ਫ਼ਊਲੁਨ ਫ਼ਿਅਲ

I S S I S S I S

ਇਕ ਤੁਕ ਵਿਚ ਫ਼ਊਲੁਨ ਦੋ ਵਾਰ ਅਤੇ ਫ਼ਿਅਲ ਇਕ ਵਾਰ ਹੀ ਅਖ਼ੀਰ ਉਤੇ ਆਵੇਗਾ।

**18. ਬਹਿਰ ਮੁਤਕਾਰਿਬ ਸਾਜਦਾਂ ਮੁਸਬਗ**

(ਬਹਿਰ ਮੁਤਕਾਰਿਬ ਸੋਲਾਂ ਰੁਕਨੀ ਤਸਬੀਗ ਜ਼ਿਹਾਫ਼ ਦੇ ਨਾਲ਼)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲਾਨ ਫ਼ਊਲਾਨ

I S S I S S I S S I S S I S S I S S I S S I S S I S S I

ਇਕ ਤੁਕ ਵਿਚ ਫ਼ਊਲੁਨ ਸੱਤ ਵਾਰ ਅਤੇ ਫ਼ਊਲਾਨ ਇਕ ਵਾਰ ਅਖ਼ੀਰ ਉਤੇ ਆਵੇਗਾ।

**19. ਬਹਿਰ ਮੁਤਕਾਰਿਬ ਮੁਅੱਸ਼ਰ ਮੁਸਬਗ ਜਾਂ ਮੁਸੱਦਸ ਮੁਜਾਇਫ਼ ਮੁਸਬਗ**

(ਬਹਿਰ ਮੁਤਕਾਰਿਬ ਬਾਰਾਂ ਰੁਕਨੀ ਤਸਬੀਗ ਜ਼ਿਹਾਫ਼ ਨਾਲ਼)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲੁਨ ਫਊਲੁਨ ਫ਼ਊਲਾਨ

I S S I S S I S S I S S I S S I S S I S S I S S I

ਇਕ ਤੁਕ ਵਿਚ ਫ਼ਊਲੁਨ ਪੰਜ ਵਾਰ ਅਤੇ ਫ਼ਊਲਾਨ ਇਕ ਵਾਰ ਅਖ਼ੀਰ ਉਤੇ ਆਵੇਗਾ।

**20. ਬਹਿਰ ਮੁਤਕਾਰਿਬ ਮੁਸੰਮਨ ਮੁਸਬਗ**

(ਬਹਿਰ ਮੁਤਕਾਰਿਬ ਅੱਠ ਰੁਕਨੀ ਤਸਬੀਗ ਜ਼ਿਹਾਫ਼ ਨਾਲ਼)

ਫ਼ਊਲੁਨ ਫ਼ਊਲੁਨ ਫ਼ਊਲੁਨ ਫ਼ਊਲਾਨ

I S S  I S S  I S S  I S S I

ਇਕ ਤੁਕ ਵਿਚ ਫਊਲੁਨ ਤਿੰਨ ਵਾਰ ਅਤੇ ਫਊਲਾਨ ਇਕ ਵਾਰ ਅਖ਼ੀਰ ਉਤੇ ਆਵੇਗਾ।

**21. ਬਹਿਰ ਮੁਤਕਾਰਿਬ ਮੁਸੱਦਸ ਮੁਸਬਗ**

(ਬਹਿਰ ਮੁਤਕਾਰਿਬ ਛੇ ਰੁਕਨੀ ਤਸਬੀਗ ਜ਼ਿਹਾਫ਼ ਨਾਲ਼)

ਫ਼ਊਲੁਨ  ਫ਼ਊਲੁਨ  ਫ਼ਊਲਾਨ

I S S  I S S  I S S I

ਇਕ ਤੁਕ ਵਿਚ ਫ਼ਊਲੁਨ ਦੋ ਵਾਰ ਅਤੇ ਫਊਲਾਨ ਇਕ ਵਾਰ ਅਖ਼ੀਰ ਉਤੇ ਆਵੇਗਾ।

**22. ਬਹਿਰ ਮੁਤਕਾਰਿਬ ਸਾਜਦਾਂ ਅਬਤਰ**

(ਬਹਿਰ ਮੁਤਕਾਰਿਬ ਸੋਲਾਂ ਰੁਕਨੀ ਬਤਰ ਜ਼ਿਹਾਫ਼ ਨਾਲ਼)

ਫ਼ਊਲੁਨ (ਸੱਤ ਵਾਰ ਕਰੋ) ਫ਼ਊਲਾਨ (ਇਕ ਵਾਰ)

I S S (ਸੱਤ ਵਾਰ ਕਰੋ) I S S I (ਇਕ ਵਾਰ)

ਇਕ ਤੁਕ ਵਿਚ ਫ਼ਊਲੁਨ ਸੱਤ ਵਾਰ ਅਤੇ ਫ਼ਊਲਾਨ ਇਕ ਵਾਰ ਅਖ਼ੀਰ ਉਤੇ ਆਵੇਗਾ।

**23. ਬਹਿਰ ਮੁਤਕਾਰਿਬ ਮੁਅੱਸ਼ਰ ਅਬਤਰ**

(ਬਹਿਰ ਮੁਤਕਾਰਿਬ ਬਾਰਾਂ ਰੁਕਨੀ ਬਤਰ ਜ਼ਿਹਾਫ਼ ਨਾਲ਼)

(ਬਹਿਰ ਕਰੀਬ ਛੇ ਰੁਕਨੀ ਜਬ ਅਤੇ ਸ਼ਤਰ ਜ਼ਿਹਾਫ਼ਾਂ ਨਾਲ਼)

ਫ਼ਿਅਲ ਫ਼ਾਇਲੁਨ ਫ਼ਾਇਲਾਤੁਨ

I S S I S S S I S S

ਇਕ ਤੁਕ ਵਿਚ ਤਿੰਨੇ ਰੁਕਨ ਇਕ-ਇਕ ਵਾਰ ਆਉਣਗੇ।

## ਬਹਿਰ ਮੁਸ਼ਾਕਿਲ ਅਤੇ ਉਸਦੇ ਜ਼ਿਹਾਫ਼ੇ ਰੂਪ:-

**1. ਬਹਿਰ ਮੁਸ਼ਾਕਿਲ ਮੁਸੱਦਸ ਸਾਲਿਮ**

(ਬਹਿਰ ਮੁਸ਼ਾਕਿਲ ਛੇ ਰੁਕਨੀ ਸਾਬਤੀ)

ਫ਼ਾਇਲਾਤੁਨ ਮੁਫ਼ਾਈਲੁਨ ਮੁਫ਼ਾਈਲੁਨ

S I S S I S S S I S S S

ਇਕ ਤੁਕ ਵਿਚ ਪਹਿਲਾਂ ਫ਼ਾਇਲਾਤੁਨ ਇਕ ਵਾਰ, ਫੇਰ ਮੁਫ਼ਾਈਲੁਨ ਦੋ ਵਾਰ ਮਗਰੋਂ ਆਉਣਗੇ।

**2. ਬਹਿਰ ਮੁਸ਼ਾਕਿਲ ਮੁਸੱਦਸ ਮਕਬੂਜ**

(ਬਹਿਰ ਮੁਸ਼ਾਕਿਲ ਛੇ ਰੁਕਨੀ ਕਬਜ਼ ਜ਼ਿਹਾਫ਼ ਨਾਲ਼)

ਫ਼ਾਇਲਾਤੁਨ ਮੁਫ਼ਾਇਲੁਨ ਮੁਫ਼ਾਇਲੁਨ

S I S S I S I S I S I S

ਇਕ ਤੁਕ ਵਿਚ ਪਹਿਲਾਂ ਫ਼ਾਇਲਾਤੁਨ ਇਕ ਵਾਰ ਫੇਰ ਮੁਫ਼ਾਇਲੁਨ ਦੋ ਵਾਰ ਆਵੇਗਾ।

**3. ਬਹਿਰ ਮੁਸ਼ਾਕਿਲ ਮੁਸੱਦਸ ਅਖ਼ਰਬ**

(ਬਹਿਰ ਮੁਸ਼ਾਕਿਲ ਛੇ ਰੁਕਨੀ ਖ਼ਰਬ ਜ਼ਿਹਾਫ਼ ਨਾਲ਼)

ਫ਼ਾਇਲਾਤੁਨ ਮੁਫ਼ਊਲ ਮੁਫ਼ਾਈਲੁਨ

S I S S S S I I S S S

ਇਕ ਤੁਕ ਵਿਚ ਤਿੰਨੇ ਰੁਕਨ ਇਕ-ਇਕ ਵਾਰ ਆਉਣਗੇ।

**4. ਬਹਿਰ ਮੁਸ਼ਾਕਿਲ ਅਖ਼ਰਬ, ਮਕਬੂਜ਼**

(ਬਹਿਰ ਮੁਸ਼ਾਕਿਲ ਖ਼ਰਬ ਅਤੇ ਕਬਜ਼ ਜ਼ਿਹਾਫ਼ਾਂ ਨਾਲ਼)

ਫ਼ਾਇਲਾਤੁਨ ਮਫ਼ਊਲ ਮੁਫ਼ਾਇਲੁਨ
S I S S S S I I S I S
ਇਕ ਤੁਕ ਵਿਚ ਤਿੰਨੇ ਰੁਕਨ ਇਕ-ਇਕ ਵਾਰ ਆਉਣਗੇ।

**5. ਬਹਿਰ ਮੁਸ਼ਾਕਿਲ ਮੁਸੱਦਸ ਅਹਤਮ ਮਜ਼ਬੂਬ**

(ਬਹਿਰ ਮੁਸ਼ਾਕਿਲ ਛੇ ਰੁਕਨੀ ਹਤਮ ਅਤੇ ਜਬ ਜ਼ਿਹਾਫ਼ਾਂ ਨਾਲ਼)

ਫ਼ਾਇਲਾਤੁਨ ਫ਼ਊਲ ਫ਼ਿਅਲ
S I S S I S I I S
ਇਕ ਤੁਕ ਵਿਚ ਤਿੰਨੇ ਰੁਕਨ ਇਕ-ਇਕ ਵਾਰ ਆਉਣਗੇ।

**6. ਬਹਿਰ ਮੁਸ਼ਾਕਿਲ ਮੁਸੱਦਸ ਮਕਸੂਰ**

(ਬਹਿਰ ਮੁਸ਼ਾਕਿਲ ਛੇ ਰੁਕਨੀ ਕਸਰ ਜ਼ਿਹਾਫ਼ ਨਾਲ਼)

ਫ਼ਾਇਲਾਤੁਨ ਮੁਫ਼ਾਈਲ ਮੁਫ਼ਾਈਲ
S I S S I S S I I S S I

ਇਕ ਤੁਕ ਵਿਚ ਪਹਿਲਾਂ ਫ਼ਾਇਲਾਤੁਨ ਇਕ ਵਾਰ ਫੇਰ ਮੁਫ਼ਾਈਲ ਦੋ ਵਾਰ ਆਉਣਗੇ।

ਪਿਆਰੇ ਸਿਖਿਆਰਥੀਓ! ਪਿੱਛੇ ਤੁਸੀਂ ਸਾਰੀਆਂ ਉੱਨੀ ਬਹਿਰਾਂ ਬਾਰੇ ਪੂਰੇ ਵਿਸਥਾਰ ਸਹਿਤ ਜਾਣਕਾਰੀ ਪੜ੍ਹ ਚੁੱਕੇ ਹੋ। ਇਹ ਆਖ਼ਰੀ ਪੰਜ ਬਹਿਰਾਂ ਪੰਦਰਾਂ ਤੋਂ ਉੱਨੀ ਨੰਬਰ ਤੀਕ ਭਾਵ ਬਹਿਰ **ਜਦੀਦ ਤੋਂ ਮੁਸ਼ਾਕਿਲ** ਤੀਕ ਕੁਲ ਚਾਰ ਹੀ ਰੁਕਨਾਂ ਨਾਲ਼ ਬਣੀਆਂ ਹਨ। ਵੇਖਿਆ ਸਾਡੇ ਅਰੂਜ਼ੀ ਉਸਤਾਦ ਸਾਹਿਬਾਨ ਦਾ ਕਮਾਲ? ਕਿਵੇਂ ਸਿਰਫ਼ ਚਾਰ ਹੀ ਸਾਲਿਮ ਰੁਕਨਾਂ ਨਾਲ਼ ਪੰਜ ਬਹਿਰਾਂ ਸਿਰਜੀਆਂ ਹਨ। ਰੁਕਨ ਚਾਰ ਤੇ ਬਹਿਰਾਂ ਪੰਜ। ਇਹ ਕਮਾਲ ਹੋਇਆ ਹੈ ਰੁਕਨਾਂ ਦੀ ਅਦਲਾ-ਬਦਲੀ ਕਰਕੇ ਭਾਵ ਰੁਕਨਾ ਨੂੰ ਅੱਗੇ-ਪਿੱਛੇ ਕਰਕੇ। ਇਨ੍ਹਾਂ ਪੰਜ ਬਹਿਰਾਂ ਵਿਚ ਆਖ਼ਰੀ ਦੋ ਬਹਿਰਾਂ **ਬਹਿਰ ਕਰੀਬ ਅਤੇ ਬਹਿਰ ਮੁਸ਼ਾਕਿਲ** ਸੱਚਮੁਚ ਹੀ ਆਪਸ ਵਿਚ ਇੰਨੀਆਂ ਕਰੀਬ ਹਨ ਕਿ ਦੋਵਾਂ ਦੇ ਰੁਕਨ ਅੱਗੇ ਵਾਲ਼ਾ ਪਿਛੇ ਕਰ ਦਿੱਤਾ ਹੈ ਅਤੇ ਪਿੱਛੇ ਵਾਲ਼ਾ ਰੁਕਨ ਦੂਜੀ ਬਹਿਰ ਵਿਚ ਅੱਗੇ ਕਰਕੇ ਦੋ ਵੱਖ-ਵੱਖ ਬਹਿਰਾਂ ਵੀ ਈਜ਼ਾਦ ਕਰ ਦਿੱਤੀਆਂ ਅਤੇ ਜ਼ਿਆਦਾ ਤਰੱਦਦ ਵੀ ਨਹੀਂ ਕੀਤਾ। ਇੰਝ ਹੀ ਪਿੱਛੇ ਵੀ ਦੋ ਬਹਿਰਾਂ **ਬਹਿਰ ਮਕਤਜਬ ਅਤੇ ਬਹਿਰ ਮੁਨਸਰਿਹ** ਆਈਆਂ ਹਨ ਜੋ ਇਨ੍ਹਾਂ ਬਹਿਰਾਂ ਵਾਂਗ ਹੀ ਸਿਰਫ਼ ਸਬੰਧਿਤ ਰੁਕਨਾ ਨੂੰ ਅੱਗੇ-ਪਿੱਛੇ ਕਰਕੇ ਹੀ ਸਿਰਜੀਆਂ



ਗਈਆਂ ਹਨ। ਇਹ ਨੇੜਤਾ ਇਸ ਲਈ ਹੈ ਕਿ ਸਾਲਮ ਰੁਕਨ ਤਾਂ ਸਿਰਫ਼ ਅੱਠ ਹੀ ਹਨ ਪਰ ਉਨ੍ਹਾਂ ਉਤੇ ਜ਼ਿਹਾਫ਼ਾਂ ਦਾ ਅਸੂਲ ਲਾਗੂ ਕਰਕੇ ਅੱਗੋਂ ਹੋਰ ਚਾਲ਼ੀ ਦੇ ਕਰੀਬ ਛੋਟੇ-ਵੱਡੇ ਰੁਕਨ ਬਣਾਏ ਗਏ ਹਨ। ਇੰਨੀ ਸੀਮਤ ਰੁਕਨਾ ਦੀ ਮਾਤਰਾ ਦੇ ਹੁੰਦਿਆਂ ਹੋਇਆਂ ਵੀ ਸੈਂਕੜਿਆ ਦੇ ਹਿਸਾਬ ਨਾਲ਼ ਬਹਿਰਾਂ ਅਤੇ ਤੋਲ/ਵਜ਼ਨ ਬਣਾਏ ਗਏ ਹਨ ਅਤੇ ਭਵਿੱਖ ਵਿਚ ਬਣਾਏ ਜਾਂਦੇ ਰਹਿਣਗੇ। ਮੇਰੀ ਇਹ ਮਿਹਨਤ ਕੋਈ ਆਖ਼ਰੀ ਨਹੀਂ ਹੈ ਅੱਗੋਂ ਹੋਰ ਮੇਰੇ ਵਰਗੇ ਸਿਰਫਿਰੇ ਪੈਦਾ ਹੁੰਦੇ ਰਹਿਣਗੇ ਅਤੇ ਮੇਰੇ ਏਸ ਸੀਮਤ ਪਰ ਦਿਲਚਸਪ ਕੰਮ ਨੂੰ ਅੱਗੇ ਵਧਾਉਣਗੇ। ਮੈਂ ਤਾਂ ਸਿਰਫ਼ ਇਹ ਮਿਹਨਤ ਰੂਪੀ ਸੂਲ਼ ਆਉਣ ਵਾਲੇ ਵਿਦਵਾਨਾਂ ਦੇ ਪੈਰਾਂ ਵਿਚ ਚੋਭੀ ਹੈ ਤਾਂ ਕਿ ਏਸ ਚੋਭ ਨਾਲ਼ ਉਹ ਤੁਰਦੇ ਰਹਿਣ, ਰੁਕਣ ਨਾ, ਬਕੌਲ ਮੇਰੇ ਸ਼ਿਅਰ:-

*ਮੈਂ ਸਫ਼ਰ ਵਿਚ ਪਰਤਿਆ ਕੇ ਵੇਖਿਆ ਹੈ ਵਾਰ-ਵਾਰ,*
*ਕੰਡਿਆਂ ਬਿਨ ਤੋਰ ਮੇਰੀ ਤੇਜ਼ ਹੀ ਹੁੰਦੀ ਨਹੀਂ।*

ਹੁਣ ਵੇਖਣਾ ਇਹ ਹੈ ਕਿ ਮੇਰੇ ਵਰਗਾ ਸਿਰਫਿਰਾ 'ਸੁਖ਼ੈਨ ਗ਼ਜ਼ਲ' ਪੜ੍ਹ ਕੇ ਤੁਹਾਡੇ ਵਿਚੋਂ ਕੋਈ ਪੈਦਾ ਹੁੰਦਾ ਹੈ ਜਾਂ ਬਾਹਰੋਂ?

ਕੁਝ ਗੱਲਾਂ ਦੁਹਰਾਅ ਰਿਹਾ ਹਾਂ। ਕਈ ਰੁਕਨਾ ਦੇ ਸ਼ਬਦ ਜੋੜ ਵੱਖ-ਵੱਖ ਹੁੰਦੇ ਹੋਏ ਵੀ ਦੋਵੇਂ ਰੂਪ ਇਕੋ ਹੀ ਰੁਕਨ ਦੇ ਹਨ। ਕਾਰਨ ਵੱਖ-ਵੱਖ ਵਿਦਵਾਨਾਂ ਦੇ ਤਰੀਕੇ ਹਨ, ਜਿਵੇਂ ਕਿਸੇ ਨੇ ਫ਼ਾਇਲਾਨ ਲਿਖ ਦਿੱਤਾ ਤੇ ਕਿਸੇ ਨੇ ਫ਼ਾਇਲਾਤ। ਦੋਹਾਂ ਸ਼ਬਦਾਂ ਵਿਚ ਆਖਰੀ ਅੱਖਰ ਦੀ ਸਾਂਝ ਨਾ ਹੁੰਦੇ ਹੋਏ ਵੀ ਦੋਹਾਂ ਦਾ ਵਜ਼ਨ ਜਾਂ ਤੋਲ ਇਕ ਹੈ, ਏਸੇ ਤਰ੍ਹਾਂ ਫ਼ੇਲਾਨ ਅਤੇ ਫ਼ੇਲਾਤ ਵੀ ਅੱਖਰਾਂ ਦੀ ਸਾਂਝ ਨਾ ਹੁੰਦਿਆਂ ਵੀ ਇਕੋ ਰੂਪ ਅਤੇ ਵਜ਼ਨੀ ਹਨ। ਕਈ ਅਰੂਜ਼ੀਆਂ ਨੇ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਬਣਤਰ ਅਨੁਸਾਰ ਰੁਕਨ ਜਾਂ ਸ਼ਬਦ ਦੇ ਆਖ਼ਰੀ ਅੱਖਰ ਨੂੰ ਮੁਤਹਰਕ ਭਾਵ ਭਾਰਾ ਅੱਖਰ ਦਰਸਾਉਣ ਲਈ ਉਸ ਨੂੰ ਔਂਕੜ ਲਗਾ ਦਿੱਤਾ ਹੈ। ਇਹ ਤਰੀਕਾ ਅਰਬੀ/ਫ਼ਾਰਸੀ ਲਈ ਤਾਂ ਠੀਕ ਹੈ ਪਰ ਪੰਜਾਬੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਂਦੀ ਕਿਉਂਕਿ ਪੰਜਾਬੀ ਦੇ ਹਰ ਸ਼ਬਦ ਦਾ ਆਖ਼ਰੀ ਅੱਖਰ ਸਾਕਿਨ ਭਾਵ ਹੌਲ਼ਾ ਭਾਵ ਲਘੂ ਹੀ ਹੁੰਦਾ ਹੈ। ਬਹਿਰ ਵਿਚ ਹਰ ਸ਼ਬਦ ਦਾ ਆਖ਼ਰੀ ਅੱਖਰ ਸਾਕਿਨ ਹੁੰਦੇ ਹੋਏ ਵੀ ਆਪਣੇ ਆਪ ਦੂਜੇ ਰੁਕਨ ਦਾ ਪਹਿਲਾ ਅੱਖਰ ਬਣਦੇ ਹੀ ਮੁਤਹਰਕ ਭਾਵ ਭਾਰਾ ਅੱਖਰ ਬਣ ਜਾਂਦਾ ਹੈ। ਸੋ ਸਾਨੂੰ ਅਰਬੀ ਭਾਸ਼ਾ ਵਾਂਗ ਅੱਖਰ ਨੂੰ ਮੁਤਹਰਕ ਦਰਸਾਉਣ ਲਈ ਔਂਕੜ ਲਗਾਉਣ ਦੀ ਕੋਈ ਲੋੜ ਨਹੀਂ ਹੈ। ਇਸ ਤਰ੍ਹਾਂ ਦੇ ਕੁਝ ਸ਼ਬਦ ਦੋਵੇਂ ਤਰ੍ਹਾਂ ਹੀ ਪੰਜਾਬੀ ਦੀਆਂ ਅਰੂਜ਼ੀ ਕਿਤਾਬਾਂ ਵਿਚ ਲਿਖੇ ਮਿਲ਼ਦੇ ਹਨ ਜਿਵੇਂ ਫ਼ਾਇਲਾਤੁ ਤੇ ਫ਼ਾਇਲਾਤ, ਮੁਫ਼ਤੁਇਲੁਨ ਤੇ ਮੁਫ਼ਤਇਲੁਨ, ਮਫ਼ਊਲੁ ਤੇ ਮਫ਼ਊਲ, ਕੁਝ ਸ਼ਬਦ ਹੋਰ ਵੀ ਹਨ

ਤੁਸੀਂ ਖ਼ੁਦ ਢੂੰਡਣਾ। ਪਰ ਇਕ ਗੱਲ ਪੱਕੀ ਹੈ ਕਿ ਪੰਜਾਬੀ ਭਾਸ਼ਾ ਵਿਚ ਇਸ ਤਰ੍ਹਾਂ ਦੇ ਸ਼ਬਦਾਂ ਦੇ ਵਜ਼ਨ ਦਾ ਕੋਈ ਅੰਤਰ ਨਹੀਂ ਹੈ। ਪੰਜਾਬੀ ਵਿਚ ਤਾਂ ਉਹੀ ਅੱਖਰ ਕਿਸੇ ਸ਼ਬਦ ਵਿਚ ਮੁਤਹਰਕ ਮੰਨੇ ਜਾਦੇ ਹਨ ਜਿਨ੍ਹਾਂ ਨੂੰ ਕੋਈ ਦੀਰਘ ਜਾਂ ਲਘੂ ਲਗ ਲੱਗੀ ਹੋਈ ਹੋਵੇ। ਹਾਂ ਮੁਕਤੇ ਅੱਖਰਾਂ ਵਾਲੇ ਸ਼ਬਦਾਂ ਵਿਚ ਇਸ ਤਰ੍ਹਾਂ ਦਾ ਵਖਰੇਵਾਂ ਕਰਨਾ ਔਖਾ ਹੁੰਦਾ ਹੈ ਜਿਸ ਲਈ ਤਿੰਨ ਅੱਖਰੇ ਮੁਕਤੇ ਸ਼ਬਦਾਂ ਦੇ ਫ਼ਰਕ, ਵਜ਼ਨ ਜਾਂ ਬੰਦਿਸ਼ ਨੂੰ ਦਰਸਾਉਣ ਲਈ ਅੱਗੇ ਜਾ ਕੇ ਇਕ ਪੂਰਾ ਕਾਂਡ ਦਿੱਤਾ ਜਾ ਰਿਹਾ ਹੈ ਜਿਸ ਤੋਂ ਤੁਸੀਂ ਮੁਸ਼ਕਿਲ ਸਮੇਂ ਸਹਾਇਤਾ ਲੈ ਸਕਦੇ ਹੋ ਅਤੇ ਆਪਣਾ ਗ਼ਜ਼ਲ ਦਾ ਸਫ਼ਰ ਆਸਾਨ ਕਰ ਸਕਦੇ ਹੋ। ਉਮੀਦ ਹੈ 'ਸੁਖੈਨ ਗ਼ਜ਼ਲ' ਨਾਮੀ ਇਹ ਕਿਤਾਬ ਤੁਹਾਡਾ ਰਾਹ-ਦਸੇਰਾ ਸਾਬਿਤ ਹੋਵੇਗੀ। ਆਮੀਨ...!

## ਕਾਂਡ-3 - ਗ
## ਬਹਿਰਾਂ ਦਾ ਨਾਮਕਰਨ ਕਰਨਾ:

ਪਿਛਲੇ ਕਿਸੇ ਕਾਂਡ ਵਿਚ ਮੈਂ ਇਹ ਕਿਹਾ ਸੀ ਕਿ ਜੇ ਤੁਸੀਂ ਖ਼ੁਦ ਕੋਈ ਨਵੀਂ ਬਹਿਰ ਸਿਰਜੋ ਤਾ ਉਸਦਾ ਨਾਮਕਰਨ ਕਿਵੇਂ ਕਰੋਗੇ ? ਇਸ ਕੰਮ ਲਈ ਕੁਝ ਨੁਕਤੇ ਲਿਖ ਰਿਹਾ ਹਾਂ ਜਿਨ੍ਹਾਂ 'ਤੇ ਅਮਲ ਕਰਕੇ ਤੁਸੀਂ ਖ਼ੁਦ ਵੀ ਕਿਸੇ ਬਹਿਰ ਦਾ ਨਾਮਕਰਨ ਕਰ ਸਕੋਗੇ। ਜਿਸ ਮਿਸਰੇ ਦੀ ਬਹਿਰ ਦਾ ਤੁਸੀਂ ਨਾਮਕਰਨ ਕਰਨਾ ਹੋਵੇ ਸਭ ਤੋਂ ਪਹਿਲਾਂ ਉਸ ਮਿਸਰੇ ਜਾਂ ਤੁਕ ਦੇ ਰੁਕਨਾ ਦੀ ਪਛਾਣ ਕਰੋ। ਇਸ ਦੇ ਲਈ ਸਬੰਧਿਤ ਮਿਸਰੇ ਨੂੰ ਖੁੱਲ੍ਹਾ-ਖੁੱਲ੍ਹਾ ਲਿਖ ਲਵੋ ਅਤੇ ਹਰ ਸ਼ਬਦ ਟੁਕੜੀ ਦੇ ਥੱਲੇ ਆਈ ਜਾਂ ਐਸ (I&S) ਵਾਲ਼ਾ ਨਿਸ਼ਾਨ ਲਗਾ ਲਵੋ। ਜੇ ਤੁਹਾਨੂੰ ਰੁਕਨਾ ਦੀਆਂ ਮਾਤਰਾਵਾਂ ਮੂੰਹ-ਜ਼ਬਾਨੀ ਚੇਤੇ ਨਹੀਂ ਹਨ ਤਾਂ ਇਸ ਕਿਤਾਬ ਦਾ ਰੁਕਨਾ ਵਾਲ਼ਾ ਚਾਰਟ ਕੱਢ ਕੇ ਮਿਸਰੇ ਦੇ ਸਾਰੇ ਰੁਕਨ ਬਣਾਉ, ਜੇ ਤਾਂ ਸਾਰੇ ਰੁਕਨ ਪੂਰੇ ਬਣ ਗਏ ਫੇਰ ਤਾਂ ਬਹਿਰ ਸਾਲਿਮ ਜਾਂ ਸਾਬਤੀ ਹੋਵੇਗੀ ਜੇ ਅਖੀਰਲਾ ਰੁਕਨ ਪਹਿਲੇ ਰੁਕਨਾ ਤੋਂ ਘਟ ਮਾਤਰਾਵਾਂ ਦਾ ਬਣਦਾ ਹੈ ਤਾਂ ਸਮਝੋ ਇਹ ਜ਼ਿਹਾਫ਼ਿਆ ਰੁਕਨ ਬਣੇਗਾ। ਇਸ ਰੁਕਨ ਦੀ ਪਛਾਣ ਲਈ ਵੀ ਤੁਸੀਂ ਮੂਲ ਰੁਕਨਾ ਵਿਚੋਂ ਬਣੇ ਛੋਟੇ ਸਹਾਇਕ ਰੁਕਨਾ ਵਾਲੇ ਚਾਰਟ ਦਾ ਸਹਾਰਾ ਲੈ ਸਕਦੇ ਹੋ। ਜਦੋਂ ਰੁਕਨ ਬਣ ਗਏ ਤਾਂ ਬਹਿਰਾਂ ਵਾਲੇ ਚਾਰਟ ਦਾ ਸਹਾਰਾ ਲੈ ਕੇ ਵੇਖੋ ਕਿ ਇਹ ਰੁਕਨ ਕਿਹੜੀ ਬਹਿਰ ਦੇ ਹਨ ਅਤੇ ਇਕ ਮਿਸਰੇ ਵਿਚ ਕਿੰਨੇ ਰੁਕਨ ਬਣੇ ਹਨ। ਫੇਰ ਪਹਿਲਾਂ ਬਹਿਰ ਦਾ



ਨਾਮ ਲਿਖੋ, ਫੇਰ ਰੁਕਨਾ ਦੀ ਗਿਣਤੀ ਅਨੁਸਾਰ ਗਿਣਤੀ ਲਿਖੋ ਭਾਵ ਮੁਸੱਦਸ ਜਾਂ ਮੁਸੰਮਨ ਆਦਿ ਲਿਖੋ ਫੇਰ ਜੇ ਰੁਕਨ ਪੂਰੇ-ਪੂਰੇ ਬਣੇ ਹਨ ਤਾਂ ਸਾਲਿਮ ਜਾਂ ਸਾਬਤੀ ਸ਼ਬਦ ਲਿਖੋ ਜੇ ਆਖ਼ਰੀ ਰੁਕਨ ਪੂਰਾ ਨਹੀਂ ਹੈ ਤਾਂ ਸਾਲਿਮ ਜਾਂ ਸਾਬਤੀ ਸ਼ਬਦ ਦੀ ਥਾਂ ਜ਼ਿਹਾਫ਼ ਦਾ ਨਾਮ ਲਿਖੋ। ਲਓ! ਤੁਹਾਡੀ ਨਵੀਂ ਬਹਿਰ ਦਾ ਨਾਮਕਰਨ ਹੋ ਗਿਆ ਹੈ। ਸਾਰਾ ਫ਼ਾਰਮੂਲਾ ਦੁਬਾਰਾ ਹੇਠ ਲਿਖਦਾ ਹਾਂ।

ਬਹਿਰ+ਰੁਕਨਾ ਦੀ ਗਿਣਤੀ+ਜ਼ਿਹਾਫ਼ ਦਾ ਨਾਮ=ਬਹਿਰ ਦਾ ਨਵਾਂ ਨਾਮ। ਇਹ ਕੋਈ ਮੁਸ਼ਕਿਲ ਕੰਮ ਨਹੀਂ ਹੈ, ਥੋੜ੍ਹੇ ਅਭਿਆਸ ਦੀ ਲੋੜ ਹੈ। ਕਿਸੇ ਬਹਿਰ ਦਾ ਨਾਮਕਰਨ ਕਰਨ ਵੇਲੇ ਕੁਝ ਗੱਲਾਂ ਵੀ ਧਿਆਨ ਵਿਚ ਰੱਖਣੀਆਂ ਪੈਣਗੀਆਂ, ਜਿਵੇਂ ਅਰੂਜ਼ੀ ਉਸਤਾਦਾਂ ਦੇ ਇਕੋ ਬਹਿਰ ਵਿਚ ਦੋ ਵੱਖਰੇ ਰੁਕਨ ਦੋਹਾਂ ਮਿਸਰਿਆਂ ਦੇ ਅਖ਼ੀਰ ਵਾਲੇ ਰੁਕਨ ਵਿਚ ਵਰਤਣ ਦੀ ਖੁੱਲ੍ਹ ਦਿੱਤੀ ਹੈ ਜਿਵੇਂ ਇਕ ਮਿਸਰੇ ਵਿਚ ਅਖ਼ੀਰ ਉਤੇ ਫ਼ਾਇਲੁਨ ਹੋਵੇ ਅਤੇ ਦੂਜੇ ਮਿਸਰੇ ਦੇ ਅਖ਼ੀਰ ਵਿਚ ਫ਼ਾਇਲਾਤ ਰੁਕਨ ਹੋਵੇ ਜਾਂ ਰੁਕਨਾ ਦਾ ਕਰਮ ਇਸ ਤੋਂ ਉਲਟ ਹੋਵੇ ਫ਼ਾਇਲਾਤ ਪਹਿਲੇ ਮਿਸਰੇ ਦੇ ਅਖ਼ੀਰ ਵਿਚ ਹੋਵੇ ਅਤੇ ਫ਼ਾਇਲੁਨ ਦੂਜੇ ਮਿਸਰੇ ਦੇ ਅਖ਼ੀਰ ਵਿਚ ਹੋਵੇ ਤਾਂ ਬਹਿਰ ਦਾ ਨਾਮ ਦੂਜੇ ਮਿਸਰੇ ਦੇ ਆਖ਼ਰੀ ਰੁਕਨ ਉਪਰ ਅਧਾਰਿਤ ਹੋਵੇਗਾ। ਵੈਸੇ ਤਾਂ ਗ਼ਜ਼ਲ ਦਾ ਮਤਲਾ ਹੀ ਇਹ ਸਭ ਗੱਲਾਂ ਸਾਫ਼ ਕਰ ਦਿੰਦਾ ਹੈ ਪਰ ਹੇਠਲੇ ਸ਼ਿਅਰਾਂ ਲਈ ਇਹ ਨੁਕਤਾ ਜ਼ਰੂਰੀ ਹੈ ਕਿ ਹਰ ਸ਼ਿਅਰ ਵਿਚ ਆਖ਼ਰੀ ਰੁਕਨ ਦਾ ਕਰਮ ਇਕੋ ਜਿਹਾ ਹੀ ਹੋਵੇ। ਇਹ ਨਾ ਹੋਵੇ ਕਿ ਕਿਸੇ ਸ਼ਿਅਰ ਦੇ ਪਹਿਲੇ ਮਿਸਰੇ ਦੇ ਅੰਤ ਉਤੇ ਫਾਇਲੁਨ ਹੋਵੇ ਅਤੇ ਕਿਸੇ ਸ਼ਿਅਰ ਦੇ ਦੂਜੇ ਮਿਸਰੇ ਦੇ ਅੰਤ ਉਤੇ ਹੋਵੇ। ਸਾਰੇ ਸ਼ਿਅਰਾਂ ਦਾ ਕਰਮ ਇਕੋ ਜਿਹਾ ਹੋਵੇ ਤਦ ਹੀ ਗ਼ਜ਼ਲ ਪਰਭਾਵਸ਼ਾਲੀ ਲੱਗੇਗੀ ਵਰਨਾ ਨਹੀਂ।

ਵੈਸੇ ਤਾਂ ਮੈਂ ਖ਼ੁਦ ਹੀ ਸਭ ਬਹਿਰਾਂ ਦਾ ਨਾਮਕਰਨ ਕਰ ਦਿੱਛਾ ਹੈ ਪਰ ਤੁਹਾਡੀ ਜਾਣਕਾਰੀ ਲਈ ਇਹ ਕਾਂਡ ਲਿਖਣਾ ਵੀ ਜ਼ਰੂਰੀ ਸੀ। ਆਖ਼ਰੀ ਗੱਲ ਮੈਂ ਹੋਰ ਸਭ ਕੁਝ ਜੋ ਬੇਲੋੜਾ ਸੀ ਛੱਡ ਦਿੱਤਾ ਹੈ ਇਸ ਤਰ੍ਹਾਂ ਮੈਂ ਜੋ ਬਹਿਰਾਂ ਦੇ ਨਾਮਕਰਨ ਫ਼ਾਰਸੀ ਭਾਸ਼ਾ ਅਨੁਸਾਰ ਕੀਤੇ ਹਨ ਉਹ ਤੁਸੀਂ ਛੱਡ ਸਕਦੇ ਹੋ ਉਹ ਸਿਰਫ਼ ਤੁਹਾਡੀ ਜਾਣਕਾਰੀ ਲਈ ਹੀ ਲਿਖੇ ਹਨ। ਬਹਿਰਾਂ ਦਾ ਜੋ ਨਾਮ ਪੰਜਾਬੀ ਵਿਚ ਬਰੈਕਟਾਂ ਵਿਚ ਲਿਖਿਆ ਹੈ ਤੁਹਾਡੇ ਲਈ ਉਹੀ ਕਾਫ਼ੀ ਹੈ। ਜੇ ਕਿਤੇ ਲੋੜ ਪਵੇ ਤਾਂ ਪੰਜਾਬੀ ਵਾਲ਼ਾ ਨਾਮ ਵਰਤ ਕੇ ਤੁਸੀਂ ਆਪਣੀ ਗ਼ਜ਼ਲ ਬਾਰੇ ਸਾਰੀ ਜਾਣਕਾਰੀ ਦੇ ਸਕਦੇ ਹੋ। ਬੇਲੋੜੀਆਂ ਗੱਲਾਂ ਨੂੰ ਐਵੇਂ ਹੀ ਲੜ ਬੰਨ੍ਹੀ ਫਿਰਨਾ ਕੋਈ ਸਿਆਣਪ ਨਹੀਂ ਹੈ ਪਰ ਜਾਣਕਾਰੀ ਜਿੰਨੀ ਵਧ ਤੋਂ ਵਧ ਹੋਵੇ ਉਹ ਚੰਗੀ ਹੈ। ਜਾਣਕਾਰੀ ਅਨੁਸਾਰ ਹੀ ਤੁਸੀਂ ਕਿਸੇ ਸੁਆਲ ਦਾ ਜੁਆਬ ਚੰਗੀ ਤਰ੍ਹਾਂ ਅਤੇ ਤਸੱਲੀ ਨਾਲ਼ ਦੇ ਸਕਦੇ

ਹੋ। ਇਸ ਕਿਤਾਬ ਵਿਚ ਜੋ ਅਰਬੀ ਜਾਂ ਫ਼ਾਰਸੀ ਦੇ ਤਕਨੀਕੀ ਸ਼ਬਦ ਮੈਂ ਲਿਖੇ ਹਨ ਉਹ ਤੁਹਾਡੀ ਜਾਣਕਾਰੀ ਲਈ ਹੀ ਹਨ, ਤੁਸੀਂ ਜੇ ਚਾਹੋ ਤਾਂ ਉਨ੍ਹਾਂ ਬਿਨਾਂ ਸਾਰ ਵੀ ਸਕਦੇ ਹੋ, ਇਹ ਤੁਹਾਡੀ ਸੂਝ ਉਪਰ ਨਿਰਭਰ ਹੈ।

## ਕਾਂਡ-3 - ਘ
## ਬਹਿਰ ਦੇ ਰੁਕਨਾ ਦੀ ਗਿਣਤੀ ਦਰਸਾਉਂਦੇ ਸ਼ਬਦ:

ਪਿਆਰੇ ਸਿਖਿਆਰਥੀਓ! ਕਿਸੇ ਬਹਿਰ ਦਾ ਨਾਮ ਨਾਮਕਰਨ ਸਮੇਂ ਕਿਸੇ ਗਿਣਤੀ ਨੂੰ ਦਰਸਾਉਂਦੇ ਅਰਬੀ/ਫ਼ਾਰਸੀ ਦੇ ਕੁਝ ਖ਼ਾਸ ਸ਼ਬਦ ਹਨ ਜਿਨ੍ਹਾਂ ਨਾਲ਼ ਕੋਈ ਗ਼ਜ਼ਲਗੋ ਆਪਣੀ ਗ਼ਜ਼ਲ ਦੇ ਰੁਕਨਾ ਦੀ ਗਿਣਤੀ ਦਰਸਾ ਸਕਦਾ ਹੈ। ਅਰਬੀ/ਫ਼ਾਰਸੀ ਦਾ ਇਕੋ ਸ਼ਬਦ ਹੀ ਕਿਸੇ ਪੂਰੀ ਲਾਈਨ ਜਾਂ ਤੁਕ ਦਾ ਮਤਲਬ ਸਮਝਾ ਸਕਦਾ ਹੈ। ਹੇਠਾਂ ਕੁਝ ਖ਼ਾਸ ਸ਼ਬਦ ਲਿਖ ਰਿਹਾ ਹਾਂ ਜਿਹੜੇ ਕਿ ਤੁਸੀਂ ਅਰਬੀ/ਫ਼ਾਰਸੀ ਵਿਚ ਬਹਿਰ ਦਾ ਨਾਮ ਨਾਮਕਰਨ ਸਮੇਂ ਗਿਣਤੀ ਦਰਸਾਉਣ ਲਈ ਵਰਤ ਸਕਦੇ ਹੋ। ਪੰਜਾਬੀ ਵਚ ਤੁਸੀਂ ਛੇ ਰੁਕਨੀ, ਅੱਠ ਰੁਕਨੀ, ਸੌਲ਼ਾਂ ਰੁਕਨੀ ਆਦਿ ਸ਼ਬਦ ਵਰਤ ਸਕਦੇ ਹੋ।

1. ਮੁਸੰਨਾ: ਹਰ ਤੁਕ ਵਿਚ ਇਕ ਰੁਕਨ ਹੁੰਦਾ ਹੈ।
2. ਮੁਰੱਬਾ: ਹਰ ਤੁਕ ਵਿਚ ਦੋ ਰੁਕਨ ਹੁੰਦੇ ਹਨ।
3. ਮੁਸੱਦਸ: ਹਰ ਤੁਕ ਵਿਚ ਤਿੰਨ ਰੁਕਨ ਹੁੰਦੇ ਹਨ।
4. ਮੁਸੰਮਨ: ਹਰ ਤੁਕ ਵਿਚ ਚਾਰ ਰੁਕਨ ਹੁੰਦੇ ਹਨ।
5. ਮੁਅੱਬਾ: ਹਰ ਤੁਕ ਵਿਚ ਪੰਜ ਰੁਕਨ ਹੁੰਦੇ ਹਨ।
6. ਮੁਅੱਸ਼ਰ: ਹਰ ਤੁਕ ਵਿਚ ਛੇ ਰੁਕਨ ਹੁੰਦੇ ਹਨ।
7. ਮੁਸੱਬਾ: ਹਰ ਤੁਕ ਵਿਚ ਸੱਤ ਰੁਕਨ ਹੁੰਦੇ ਹਨ।
8. ਸਾਜਦਾਂ: ਹਰ ਤੁਕ ਵਿਚ ਅੱਠ ਰੁਕਨ ਹੁੰਦੇ ਹਨ।

ਰੁਕਨਾਂ ਦੀ ਇਹ ਗਿਣਤੀ ਸ਼ਿਅਰ ਦੇ ਇਕ ਮਿਸਰੇ ਭਾਵ ਅੱਧੇ ਸ਼ਿਅਰ ਦੀ ਹੈ। ਪੂਰੇ ਸ਼ਿਅਰ ਭਾਵ ਦੋਹਾਂ ਤੁਕਾਂ ਵਿਚ ਇਹ ਗਿਣਤੀ ਦੁਗਣੀ ਹੋ ਜਾਵੇਗੀ। ਸੋ ਇਹ ਗਿਣਤੀ ਨੂੰ ਦਰਸਾਉਂਦੇ ਸਾਰੇ ਸ਼ਬਦ ਪੂਰੇ ਸ਼ਿਅਰ ਵਿਚ ਆਉਂਦੇ ਸਾਰੇ ਰੁਕਨਾਂ ਦੀ ਗਿਣਤੀ ਨੂੰ ਦਰਸਾਉਂਦੇ ਹਨ। ਏਥੇ ਸੰਕੇਤ ਵਜੋਂ ਇਕ ਤੁਕ ਵਿਚ



ਆਉਂਦੇ ਰੁਕਨਾਂ ਦੀ ਗਿਣਤੀ ਹੀ ਲਿਖੀ ਹੈ। ਇਕ ਹੋਰ ਗੱਲ ਕੋਈ ਰੁਕਨ ਚਾਹੇ ਅੱਧਾ ਹੋਵੇ, ਪੌਣਾ ਹੋਵੇ ਜਾਂ ਸਵਾਇਆ ਹੋਵੇ ਗਿਣਤੀ ਸਮੇਂ ਇਕ ਰੁਕਨ ਹੀ ਲਿਖਿਆ ਜਾਵੇਗਾ। ਮਿਸਾਲ ਵਜੋਂ ਫ਼ੇ, ਫ਼ੇਲ, ਫ਼ੇਲੁਨ, ਮਫ਼ਊਲ, ਫ਼ਾਇਲੁਨ ਆਦਿ ਸਾਰਿਆਂ ਨੂੰ ਗਿਣਤੀ ਸਮੇਂ ਇਕ ਹੀ ਗਿਣਿਆ ਜਾਵੇਗਾ ਘਟ-ਵਧ ਨਹੀਂ। ਆਖ਼ਰੀ ਗੱਲ ਨੰਬਰ ਇਕ ਉਤੇ ਲਿਖੇ ਸ਼ਬਦ ਮੁਸੰਨਾ ਬਾਰੇ ਹੈ ਜੋ ਇਕ ਪੂਰੇ ਸ਼ਿਅਰ ਵਿਚ ਰੁਕਨਾ ਦੀ ਗਿਣਤੀ ਦੋ ਦਰਸਾਉਂਦਾ ਹੈ ਅਤੇ ਅੱਧੇ ਸ਼ਿਅਰ ਵਿਚ ਇਕ ਰੁਕਨ ਦਰਸਾਉਂਦਾ ਹੈ। ਪਿੱਛੇ ਕਿਸੇ ਕਾਂਡ ਵਿਚ ਮੈਂ ਹੋ ਚੁੱਕੇ ਉਸਤਾਦ ਸਾਹਿਬਾਨਾਂ ਦਾ ਇਹ ਮੱਤ ਦਰਸਾਇਆ ਸੀ ਕਿ ਕਿਸੇ ਸ਼ਿਅਰ ਦੇ ਇਕ ਮਿਸਰੇ ਵਿਚ ਤਿੰਨ ਤੋਂ ਘਟ ਰੁਕਨ ਹੋ ਹੀ ਨਹੀਂ ਸਕਦੇ ਚਾਹੇ ਤੀਜਾ ਰੁਕਨ ਅੱਧਾ ਜਾਂ ਪੌਣਾ ਹੀ ਕਿਉਂ ਨਾ ਹੋਵੇ। **ਏਸੇ ਲਈ ਮੁਸੱਦਸ ਤੋਂ ਘਟ ਜਾਂ ਛੋਟੀ ਬਹਿਰ ਨੂੰ ਗ਼ਜ਼ਲ ਦੀ ਬਹਿਰ ਮੰਨਿਆ ਹੀ ਨਹੀਂ ਜਾ ਸਕਦਾ।** ਮੈਂ ਵੀ ਇਸ ਦੀ ਜ਼ੋਰਦਾਰ ਤਾਈਦ ਕਰਦਾ ਹਾਂ ਪਰ ਅੱਜ ਕਲ੍ਹ ਦੇ ਸਮੇਂ ਵਿਚ ਕੁਝ ਨਵੇਂ ਅਤੇ ਪਰੋੜ ਸ਼ਾਇਰ ਵੀ ਇਕ ਤੁਕ ਵਿਚ ਦੋ ਰੁਕਨਾਂ ਵਾਲ਼ੀ ਭਾਵ ਮੁਰੱਬਾ ਦੇ ਵਜ਼ਨ ਵਿਚ ਵੀ ਗ਼ਜ਼ਲਾਂ ਕਹਿ ਰਹੇ ਹਨ, ਹੁਣ ਇਸ ਨੂੰ ਸਮੇਂ ਦਾ ਪਰਿਵਰਤਨ ਕਹਿ ਲਵੋ ਜਾਂ ਅਗਿਆਨ, ਤੁਹਾਡੀ ਮਰਜ਼ੀ ਹੈ। ਅੱਜ ਕਲ੍ਹ ਤਾਂ ਕਈ ਲਿਖਣ ਵਾਲੇ ਮੁਸੰਨਾ ਦੋ ਰੁਕਨੀ ਭਾਵ ਇਕ ਸਤਰ ਵਿਚ ਇਕੋ ਹੀ ਰੁਕਨ ਨਾਲ਼ ਲਿਖ ਰਹੇ ਹਨ ਜਾਂ ਤਜਰਬੇ ਕਰ ਰਹੇ ਹਨ। ਇਸ ਤਰ੍ਹਾਂ ਕਰਕੇ ਉਹ ਗ਼ਜ਼ਲ ਮੁਟਿਆਰ ਦਾ ਨੁਕਸਾਨ ਤਾਂ ਕਰ ਹੀ ਰਹੇ ਹਨ ਆਪਣਾ ਵੀ ਬੇੜਾ ਡੋਬ ਰਹੇ ਹਨ। ਹੁਣ ਤੁਸੀਂ ਹੀ ਸੋਚੋ ਕਿ-

ਆਣ,
ਜਾਣ।
ਮਾਣ,
ਤਾਣ

ਇਹ ਕਿਹੜੀ ਗ਼ਜ਼ਲ ਹੋਈ? ਸੋ ਉਸਤਾਦਾਂ ਦਾ ਇਹ ਮਤ ਕਿ ਕਿਸੇ ਸ਼ਿਅਰ ਦੇ ਇਕ ਮਿਸਰੇ ਵਿਚ ਘਟੋ-ਘਟ ਤਿੰਨ ਰੁਕਨ ਹੋਣੇ ਹੀ ਚਾਹੀਦੇ ਹਨ ਜ਼ਰੂਰੀ ਅਤੇ ਪਰਪੱਕ ਨੁਕਤਾ ਹੈ। ਕਿਉਂਕਿ ਚਾਰ ਰੁਕਨੀ ਗ਼ਜ਼ਲ ਦਾ ਰਿਵਾਜ ਪੈ ਰਿਹਾ ਹੈ ਇਸ ਲਈ ਮੈਂ ਤੁਹਾਨੂੰ ਮੁਰੱਬਾ ਰੂਪੀ ਤੋਲ ਦੀ ਜਾਣਕਾਰੀ ਦੇ ਦਿੱਤੀ ਹੈ। ਤੁਸੀਂ ਇਸਨੂੰ ਵਰਤੋ ਜਾਂ ਨਾ ਵਰਤੋ, ਤੁਹਾਡੀ ਮਰਜ਼ੀ ਹੈ। ਸਮੇਂ ਨਾਲ਼ ਬਦਲਦੇ ਹੋਏ ਤੁਹਾਡੇ ਇਸ ਲੇਖਕ ਨੇ ਵੀ ਮੁਰੱਬਾ ਵਜ਼ਨ ਵਿਚ ਕੁਝ ਗ਼ਜ਼ਲਾਂ ਕਹੀਆਂ ਹਨ। ਵੇਖੋ ਸਮਾਂ ਇਸ ਮੁਰੱਬਾ ਵਜ਼ਨ ਨੂੰ ਪਰਵਾਨ ਕਰਦਾ ਹੈ ਜਾਂ ਨਹੀਂ?

## ਕਾਂਡ-4 - ੳ
## ਸ਼ਬਦਾਂ ਜਾਂ ਮਾਤਰਾਵਾਂ ਲਈ ਨਿਸ਼ਾਨ ਚਿੰਨ੍ਹ:

ਦੁਨੀਆਂ ਵਿਚ ਹਰ ਚੀਜ਼ ਦੀ ਪਛਾਣ ਲਈ ਉਸਦਾ ਕੋਈ ਨਿਸ਼ਾਨ-ਚਿੰਨ੍ਹ ਜਾਂ ਲੋਗੋ ਹੁੰਦਾ ਹੈ। ਹਰ ਕੰਪਨੀ ਆਪਣੀ ਪਛਾਣ ਦਾ ਚਿੰਨ੍ਹ ਜਾਂ ਲੋਗੋ ਪਹਿਲਾਂ ਨਿਰਧਾਰਿਤ ਕਰਦੀ ਹੈ ਫੇਰ ਉਤਪਾਦਨ ਸ਼ੁਰੂ ਕਰਕੇ ਮਾਰਕੀਟ ਵਿਚ ਵੇਚਦੀ ਹੈ ਅਤੇ ਮੁਨਾਫ਼ਾ ਕਮਾਉਂਦੀ ਹੈ। ਜਦੋਂ ਕਿਸੇ ਕੰਪਨੀ ਦਾ ਨਾਮ ਚੱਲ ਨਿਕਲ਼ਦਾ ਹੈ, ਭਾਵ ਮਾਰਕੀਟ ਵਿਚ ਉਸਦੀ ਬਣਾਈ ਚੀਜ਼ ਦੀ ਮੰਗ ਹੋਣ ਲੱਗਦੀ ਹੈ ਤਾਂ ਖ਼ਰੀਦਦਾਰਾਂ ਦੇ ਜ਼ਿਹਨ ਵਿਚ ਵੀ ਕੰਪਨੀ ਦੇ ਨਾਮ ਨਾਲੋਂ ਉਸਦਾ ਲੋਗੋ ਜ਼ਿਆਦਾ ਬੈਠ ਜਾਂਦਾ ਹੈ। ਤੁਹਾਨੂੰ ਯਾਦ ਹੋਵੇਗਾ ਕਿ ਪੁਰਾਣੇ ਪੱਥਰ ਦੇ ਤਵਿਆਂ (ਰਿਕਾਰਡਾਂ) ਉੱਪਰ ਇਕ ਕੁੱਤੇ ਦੇ ਮੂੰਹ ਨਾਲ਼ ਵਾਜਾ ਲੱਗਿਆ ਹੁੰਦਾ ਸੀ ਭਾਵ ਕੁੱਤਾ ਉਹ ਵਾਜਾ ਵਜਾ ਰਿਹਾ ਹੁੰਦਾ ਸੀ। ਇਹੀ ਸੀ ਰਿਕਾਰਡਿੰਗ ਵਾਲ਼ੀ ਕੰਪਨੀ 'ਹਿਜ਼ ਮਾਸਟਰਜ਼ ਵਾਇਸ' ਦਾ ਨਿਸ਼ਾਨ-ਚਿੰਨ੍ਹ ਜਾਂ ਲੋਗੋ। ਅਜੋਕੇ ਸਮੇਂ ਵਿਚ ਫ਼ਿਲਮਾਂ ਵਿਚ ਦੋ ਛੋਟੇ-ਛੋਟੇ ਬੱਚੇ, ਦੋ ਵੱਡੇ-ਵੱਡੇ ਵਾਜੇ ਵਜਾਉਂਦੇ ਦਿਖਾਈ ਦਿੰਦੇ ਹਨ, ਬਸ ਇਹੀ ਹੈ ਫ਼ਿਲਮਾਂ ਬਨਾਉਣ ਵਾਲ਼ੀ ਕੰਪਨੀ 'ਜੈਮਿਨੀ' ਦਾ ਨਿਸ਼ਾਨ-ਚਿੰਨ੍ਹ ਜਾਂ ਲੋਗੋ। ਏਸੇ ਤਰ੍ਹਾਂ ਤੁਸੀਂ ਹਰ ਰੋਜ਼ ਹਜ਼ਾਰਾਂ ਚੀਜ਼ਾਂ ਦੇ ਪਛਾਣ-ਚਿੰਨ੍ਹ ਜਾਂ ਲੋਗੋ ਵੇਖਦੇ ਹੋ ਅਤੇ ਝੱਟ ਹੀ ਆਪਣੀ ਚਹੇਤੀ ਚੀਜ਼ ਦੀ ਪਛਾਣ ਕਰਕੇ ਖ਼ਰੀਦ ਲੈਂਦੇ ਹੋ। ਮੇਰਾ ਇਹ ਸਾਰੀ ਭੂਮਿਕਾ ਬੰਨ੍ਹਣ ਤੋਂ ਇਹੀ ਆਸ਼ਾ ਸੀ ਕਿ ਤੁਸੀਂ ਅੱਗੇ ਦੱਸੇ ਜਾ ਰਹੇ ਗ਼ਜ਼ਲ ਦੇ ਵਿਚ ਵਰਤੇ ਜਾਣ ਵਾਲੇ ਪਛਾਣ-ਚਿੰਨ੍ਹਾਂ ਨੂੰ ਆਪਣੇ ਸੁਚੇਤ ਮਨ ਵਿਚ ਬਿਠਾ ਲਵੋ ਅਤੇ ਝਟ ਹੀ ਚਿੰਨ੍ਹ ਵੇਖ ਕੇ ਸਮਝ ਜਾਓ ਕਿ ਕਿਸ ਚੀਜ਼ ਬਾਰੇ ਗੱਲ ਕੀਤੀ ਜਾ ਰਹੀ ਹੈ ਅਤੇ ਤੁਹਾਡਾ ਧਿਆਨ ਏਧਰ-ਓਧਰ ਨਾ ਭਟਕੇ। ਲਓ ਹਾਜ਼ਿਰ ਹਨ ਤੁਹਾਡੀ ਮਹਿਬੂਬ ਗ਼ਜ਼ਲ ਦੇ ਵਿਚ ਵਰਤੇ ਜਾਣ ਵਾਲੇ ਸਾਰੇ ਨਿਸ਼ਾਨ-ਚਿੰਨ੍ਹ:-

1. ਅੰਗਰੇਜ਼ੀ ਦਾ ਅੱਖਰ ਆਈ (I) ਇਕ ਅੱਖਰ ਜਾਂ ਮਾਤਰਾ ਲਈ ਵਰਤਿਆ ਜਾਏਗਾ। ਇਕ ਅੱਖਰ ਨੂੰ ਲਘੂ ਕਿਹਾ ਜਾਵੇਗਾ।

2. ਅੰਗਰੇਜ਼ੀ ਦਾ ਅੱਖਰ (S) ਦੋ ਇਕੱਠੇ ਅੱਖਰਾਂ ਜਾਂ ਇਕ ਅੱਖਰ ਅਤੇ ਇਕ ਦੀਰਘ ਮਾਤਰਾ ਲਈ ਵਰਤਿਆ ਜਾਵੇਗਾ। ਜਿਨ੍ਹਾਂ ਨੂੰ ਗੁਰੂ ਕਿਹਾ ਜਾਏਗਾ।



ਗੁਰੂ ਵਿਚ ਪਹਿਲੇ ਅੱਖਰ ਨੂੰ ਭਾਰਾ ਭਾਵ ਮੁਤਹਰਕ ਕਿਹਾ ਜਾਂਦਾ ਹੈ ਅਤੇ ਦੂਜੇ ਅੱਖਰ ਜਾਂ ਮਾਤਰਾ ਨੂੰ ਸਾਕਿਨ ਭਾਵ ਹੌਲ਼ਾ ਅੱਖਰ ਕਿਹਾ ਜਾਂਦਾ ਹੈ।

3. ਹਰ ਸ਼ਬਦ ਦਾ ਪਹਿਲਾ ਅੱਖਰ ਚਾਹੇ ਉਹ ਮੁਕਤਾ ਹੋਵੇ (ਬਿਨਾਂ ਕਿਸੇ ਲਗ ਤੋਂ) ਜਾਂ ਕਿਸੇ ਦੀਰਘ ਜਾਂ ਛੋਟੀ ਲਗ ਵਾਲ਼ਾ ਹਰ ਹਾਲਤ ਵਿਚ ਮੁਤਹਰਕ ਹੀ ਹੁੰਦਾ ਹੈ ਜਿਸ ਲਈ ਕਿਸੇ ਵੱਖਰੇ ਨਿਸ਼ਾਨ-ਚਿੰਨ੍ਹ ਦੀ ਲੋੜ ਨਹੀਂ ਹੈ। ਉਪਰੋਕਤ ਨਿਸ਼ਾਨੀਆਂ ਹੀ ਮੁਤਹਰਕ ਦੀ ਪਛਾਣ ਲਈ ਕਾਫ਼ੀ ਹਨ।

4. ਪਛਾਣ-ਚਿੰਨ੍ਹ ਦੀ ਲੋੜ ਹੈ ਤਾਂ ਸਿਰਫ਼ ਤੇ ਸਿਰਫ਼ ਸਾਕਿਨ ਜਾਂ ਹੌਲ਼ੇ ਅੱਖਰ ਨੂੰ ਹੈ ਉਹ ਵੀ ਓਦੋਂ ਜਦੋਂ ਕਿਸੇ ਸ਼ਬਦ ਵਿਚ ਲਗਾਤਾਰ ਤਿੰਨ, ਚਾਰ ਜਾਂ ਇਸ ਤੋਂ ਵਧ ਮੁਤਹਰਕ ਅੱਖਰ ਇਕੱਠੇ ਹੋ ਜਾਣ (ਜੋ ਪੰਜਾਬੀ ਵਿਚ ਸੰਭਵ ਹੀ ਨਹੀਂ ਹੈ ਕਿਉਂਕਿ ਪੰਜਾਬੀ ਵਿਚ ਹਰ ਹਾਲਤ ਵਿਚ ਮੁਤਹਰਕ ਤੋਂ ਬਾਅਦ ਸਾਕਿਨ ਅਤੇ ਸਾਕਿਨ ਤੋਂ ਬਾਅਦ ਫੇਰ ਮੁਤਹਰਕ ਹੀ ਆਉਂਦਾ ਹੈ ਸਿਰਫ਼ ਦੂਜੀਆਂ ਭਾਸ਼ਾਵਾਂ ਭਾਵ ਅਰਬੀ/ਫ਼ਾਰਸੀ ਦੇ ਸ਼ਬਦਾਂ ਵਿਚ ਜੋ ਸਾਰੇ ਮੁਤਹਰਕ ਹੀ ਹੋਣ ਪਰ ਪੰਜਾਬੀ ਸੁਭਾਅ ਅਨੁਸਾਰ ਮੁਤਹਰਕ-ਸਾਕਿਨ ਦਾ ਵਖਰੇਵਾਂ ਕਰਨ ਲਈ ਹੀ ਇਕ ਪਛਾਣ-ਚਿੰਨ੍ਹ ਦੀ ਲੋੜ ਪੈਂਦੀ ਹੈ ਜੋ ਕਿ ਸਾਕਿਨ ਦੀ ਠੀਕ-ਠੀਕ ਦਸ਼ਾ ਦਰਸਾਵੇ ਅਤੇ ਸ਼ਾਇਰ ਨੂੰ ਦੁਬਿਧਾ ਵਿਚੋਂ ਕੱਢੇ) ਹੁਣ ਆਪਾਂ ਅਸਲੀ ਗੱਲ ਭਾਵ ਸਾਕਿਨ ਅੱਖਰ ਲਈ ਨਿਸ਼ਾਨ-ਚਿੰਨ੍ਹ ਨਿਰਧਾਰਤ ਕਰਨ ਵੱਲ ਆਉਂਦੇ ਹਾਂ। ਇਸ ਲਈ ਆਪਾਂ ਹਿੰਦੀ ਭਾਸ਼ਾ ਦਾ ਇਕ ਚਿੰਨ੍ਹ ਇਸਤੇਮਾਲ ਕਰਾਂਗੇ ਜੋ ਹਿੰਦੀ ਵਿਚ ਕਿਸੇ ਸ਼ਬਦ ਦੇ ਪੈਰਾਂ ਵਿਚ ਪੈਂਦਾ ਹੈ ਅਤੇ ਕਿਸੇ ਸ਼ਬਦ ਦੇ ਉਚਾਰਣ ਨੂੰ ਨਿਰਧਾਰਤ ਕਰਦਾ ਹੈ। ਹਲੰਤ ਦਾ ਨਿਸ਼ਾਨ ਖੱਬੇ ਉਪਰੋਂ ਸੱਜੇ ਥੱਲੇ ਵੱਲ ਨੂੰ ਟੇਢਾ ਜਾਂਦਾ ਹੈ ਅਤੇ ਗਾਜਰ ਵਾਂਗ ਉਪਰੋਂ ਗੋਲ਼ ਅਤੇ ਮੋਟਾ ਪਰ ਥੱਲੇ ਨੂੰ ਪਤਲਾ ਹੁੰਦਾ ਜਾਂਦਾ ਹੈ (ਬਿਲਕੁਲ ਗਾਜਰ ਵਾਂਗ) ਜਿਵੇਂ (ਸ੍) ਵਿਖਾਇਆ ਗਿਆ ਹੈ। ਇਹ ਚਿੰਨ੍ਹ ਵੀ ਹਿੰਦੀ ਵਾਂਗ ਪੰਜਾਬੀ ਵਿਚ ਵੀ ਕਿਸੇ ਅੱਖਰ ਦੇ ਪੈਰਾਂ ਵਿਚ ਪਾ ਕੇ ਆਪਾਂ ਸਾਕਿਨ ਦੀ ਦਸ਼ਾ ਕਿਸੇ ਸ਼ਬਦ ਵਿਚ ਕਿਹੜੀ ਹੈ, ਨਿਰਧਾਰਤ ਕਰਾਂਗੇ। ਮਿਸਾਲ ਲਈ ਆਪਾਂ ਗ਼ਜ਼ਲ ਸ਼ਬਦ ਦੇ ਤਿੰਨੇ ਅੱਖਰ ਜੋ ਅਰਬੀ ਭਾਸ਼ਾ ਅਨੁਸਾਰ ਪੁਤਹਰਕ ਹਨ ਪਰ ਪੰਜਾਬੀ ਸੁਭਾਅ ਦੇ ਉਚਾਰਣ ਦੀ ਪਛਾਣ ਲਈ ਆਪਾਂ ਵੇਖਾਂਗੇ ਕਿ ਗ਼ਜ਼ਲ ਸ਼ਬਦ ਦੇ ਕਿਹੜੇ ਅੱਖਰ ਨੂੰ ਸਾਕਿਨ ਸਮਝਿਆ ਜਾ ਸਕਦਾ ਹੈ। ਅਰਬੀ ਵਾਲਿਆਂ ਨੇ ਪਹਿਲੇ ਦੋਵੇਂ ਅੱਖਰ ਗ਼ ਅਤੇ ਜ਼ ਨੂੰ ਮੁਤਹਰਕ ਮੰਨ ਕੇ ਤੀਸਰੇ ਲ ਨੂੰ ਸਾਕਿਨ ਮੰਨ ਲਿਆ ਹੈ। ਸੋ ਆਪਾਂ ਗ਼ਜ਼ਲ ਸ਼ਬਦ ਨੂੰ ਚਿੰਨ੍ਹ ਲਾ ਕੇ ਸਾਕਿਨ ਦੀ ਦਸ਼ਾ ਇਉਂ ਦਰਸਾਵਾਂਗੇ- ਗ਼ਜ਼ਲ (ਮਿਸਾਲ ਲਈ ਜੇ ਆਪਾਂ ਵਿਚਾਲਵੇ ਅੱਖਰ ਜ਼ ਨੂੰ ਸਾਕਿਨ ਸਮਝਣਾ ਹੋਵੇ ਤਾਂ ਇਉਂ ਲਿਖਾਂਗੇ- ਗ਼ਜ਼੍ਲ। ਸੋ ਸਾਰੀ ਸਥਿਤੀ ਸਪਸ਼ਟ ਹੋ ਗਈ

ਕਿ ਸਾਕਿਨ ਅੱਖਰ ਦੀ ਸ਼ਬਦ ਵਿਚ ਪਛਾਣ ਲਈ ਹਲੰਤ ਚਿੰਨ੍ਹ ਨੂੰ ਕਿਵੇਂ ਵਰਤਣਾ ਹੈ। ਏਥੇ ਇਕ ਗੱਲ ਹੋਰ ਸਪਸ਼ਟ ਕਰ ਦੇਵਾਂ ਕਿ ਪੰਜਾਬੀ ਦੇ ਹਰ ਸ਼ਬਦ ਦਾ ਜਿਵੇਂ ਪਹਿਲਾ ਅੱਖਰ ਮੁਤਹਰਕ ਹੁੰਦਾ ਹੈ ਓਸੇ ਤਰ੍ਹਾਂ ਹਰ ਸ਼ਬਦ ਦਾ ਆਖ਼ਰੀ ਅੱਖਰ ਹਰ ਹਾਲਤ ਵਿਚ ਸਾਕਿਨ ਹੀ ਹੁੰਦਾ ਹੈ ਜੋ ਬਹਿਰ ਦੀ ਚਾਲ ਅਨੁਸਾਰ ਅਗਲੇ ਰੁਕਨ ਦੇ ਸ਼ੁਰੂ ਵਿਚ ਆ ਕੇ ਆਪਣੇ-ਆਪ ਮੁਤਹਰਕ ਮੰਨ ਲਿਆ ਜਾਂਦਾ ਹੈ। ਇਹ ਅਰੂਜ਼ੀ ਉਸਤਾਦ ਸਾਹਿਬਾਨ ਦੀ ਦਿੱਤੀ ਹੋਈ ਖੁੱਲ੍ਹ ਹੈ ਜੋ ਸ਼ਾਇਰ ਦੇ ਕਾਫ਼ੀ ਕੰਮ ਆਉਂਦੀ ਹੈ। ਸੋ ਇਹ ਸਾਫ਼ ਹੋਇਆ ਕਿ ਸਾਰੇ ਮੁਤਹਰਕ ਅਤੇ ਮੁਕਤੇ ਅੱਖਰਾਂ (ਬਿਨਾਂ ਲਗਾਂ ਤੋਂ) ਵਿਚ ਹੀ ਸਾਕਿਨ ਦੀ ਦਸ਼ਾ ਜਾਨਣ ਲਈ ਜਾਂ ਨਿਸ਼ਾਨ-ਦੇਹੀ ਕਰਨ ਲਈ ਹੀ ਇਸ ਹਲੰਤ ਨਾਮ ਦੇ ਚਿੰਨ੍ਹ ਦੀ ਲੋੜ ਪਵੇਗੀ। ਜਿਸ ਅੱਖਰ ਨੂੰ ਕੋਈ ਛੋਟੀ ਜਾਂ ਵੱਡੀ ਲਗ ਲੱਗੀ ਹੋਵੇਗੀ ਉਹ ਕੁਦਰਤੀ ਹੀ ਮੁਤਹਰਕ ਅਤੇ ਸਾਕਿਨ ਦਾ ਵਖਰੇਵਾਂ ਕਰ ਦੇਵੇਗੀ, ਉਨ੍ਹਾਂ ਸ਼ਬਦਾਂ ਵਿਚ ਇਸ ਹਲੰਤ ਨਾਮ ਦੇ ਚਿੰਨ੍ਹ ਦੀ ਲੋੜ ਨਹੀਂ ਪਵੇਗੀ। ਪੰਜਾਬੀ ਵਿਚ ਮਤਹਰਕ ਅਤੇ ਸਾਕਿਨ ਦਾ ਵਖਰੇਵਾਂ ਕਰਨ ਵਾਲ਼ਾ ਕੋਈ ਚਿੰਨ੍ਹ ਨਹੀਂ ਹੈ ਇਸ ਲਈ ਮਜਬੂਰੀ ਵੱਸ ਹਿੰਦੀ ਦਾ ਹਲੰਤ ਚਿੰਨ੍ਹ ਉਧਾਰਾ ਲੈ ਲਿਆ ਹੈ। ਭਵਿੱਖ ਵਿਚ ਆਪਣੇ ਗੱਲ ਨੂੰ ਸਪਸ਼ਟ ਕਰਨ ਲਈ ਉਪਰੋਕਤ ਚਿੰਨ੍ਹ ਹੀ ਵਰਤੇ ਜਾਣਗੇ।

## ਕਾਂਡ-4 - ਅ
## ਸ਼ਬਦਾਂ ਦੇ ਟੁਕੜੇ ਕਰਨਾ:

ਕਿਸੇ ਸ਼ਬਦ ਦੀ ਸਹੀ-ਸਹੀ ਬੰਦਿਸ਼ ਹੀ ਗ਼ਜ਼ਲਗੋ ਦਾ ਮੁਖ ਉਦੇਸ਼ ਹੁੰਦਾ ਹੈ। ਇਸ ਨਾਲ਼ ਕੋਈ ਗ਼ਜ਼ਲਗੋ ਸਿਰਫ਼ ਕਿਸੇ ਸ਼ਬਦ ਦੀ ਸਹੀ ਬੰਦਿਸ਼ ਹੀ ਨਹੀਂ ਕਰਦਾ ਬਲਕਿ ਕਿਸੇ ਸ਼ਬਦ ਦੀ ਸਨਦ ਵੀ ਲਿਖ ਰਿਹਾ ਹੁੰਦਾ ਹੈ ਤਾਂ ਕਿ ਉਸ ਦੇ ਸ਼ਿਅਰ ਨੂੰ ਲੋੜ ਸਮੇਂ ਮਿਸਾਲ ਲਈ ਵਰਤਿਆ ਜਾ ਸਕੇ। ਸਨਦ ਭਾਵ ਸਰਟੀਫ਼ਿਕੇਟ ਭਾਵ ਪਰਮਾਣ ਪੱਤਰ ਹੀ ਕਿਸੇ ਦੀ ਲਿਆਕਤ ਨੂੰ ਸਿੱਧ ਕਰਦਾ ਹੈ। ਜ਼ਰੂਰੀ ਨਹੀਂ ਕਿ ਸਨਦ ਲਿਖਤੀ ਰੂਪ ਵਿਚ ਹੀ ਹੋਵੇ। ਕਿਸੇ ਦੇ ਬੋਲੇ ਹੋਏ ਦੋ ਬੋਲ ਜੋ ਤੁਹਾਡੀ ਭਾਵਨਾ ਦੀ ਸਹੀ ਤਰਜ਼ਮਾਨੀ ਕਰਦੇ ਹੋਣ ਵੀ ਸਨਦ ਜਾਂ ਪਰਮਾਣ ਪੱਤਰ ਦਾ ਹੀ ਰੂਪ ਹੁੰਦੇ ਹਨ। ਇਹ ਬੋਲੇ ਹੋਏ ਦੋ ਬੋਲ ਸੀਨਾ-ਬ-ਸੀਨਾ ਅਗਲੀਆਂ ਪੀੜ੍ਹੀਆਂ ਤੀਕ ਪੁਜਦੇ ਹਨ ਅਤੇ ਪਰਮਾਣ-ਪੱਤਰ ਦਾ ਰੂਪ ਹੋ ਨਿਬੜਦੇ ਹਨ। ਅਖਾਉਂਤਾਂ ਜਾਂ ਮੁਹਾਵਰੇ ਇਸੇ ਸਨਦ ਦਾ ਰੂਪ ਹੁੰਦੇ ਹਨ।



ਕਿਸੇ ਸ਼ਬਦ ਦੀ ਸਹੀ ਬੰਦਿਸ਼ ਲਈ ਉਸਨੂੰ ਕਈ ਵਾਰ ਬੋਲੋ, ਬੋਲਦੇ ਸਮੇਂ ਵੇਖੋ ਕਿ ਤੁਹਾਡੀ ਜ਼ੁਬਾਨ ਕਿੱਥ-ਕਿੱਥੇ ਰੁਕਦੀ ਹੈ ਜਾਂ ਜ਼ੋਰ ਮਹਿਸੂਸ ਕਰਦੀ ਹੈ, ਬਸ ਜਿੱਥੇ ਤੁਹਾਡੀ ਜ਼ੁਬਾਨ ਰੁਕੇ ਜਾਂ ਜ਼ੋਰ ਮਹਿਸੂਸ ਕਰੇ ਉਹੀ ਪੁਆਇੰਟ ਉਸ ਸ਼ਬਦ ਵਿਚ ਕੇਂਦਰੀ ਜਾਂ ਖ਼ਾਸ ਹੈ। ਪਿੱਛੇ ਤੁਸੀਂ ਪੜ੍ਹ ਚੁੱਕੇ ਹੋ ਕਿ ਕਿਸੇ ਵੀ ਭਾਸ਼ਾ ਦਾ ਕੋਈ ਵੀ ਸ਼ਬਦ ਦੋ ਅੱਖਰਾਂ ਜਾਂ ਇਕ ਅੱਖਰ ਅਤੇ ਇਕ ਮਾਤਰਾ ਤੋਂ ਬਿਨਾਂ ਨਹੀਂ ਬਣਦਾ। ਘਟ ਤੋਂ ਘਟ ਦੋ ਅੱਖਰ ਅਤੇ ਵਧ ਤੋਂ ਵਧ ਤਿੰਨ ਅੱਖਰ ਜਾਂ ਮਾਤਰਾ ਕਿਸੇ ਸ਼ਬਦ-ਟੁਕੜੀ ਵਿਚ ਹੋ ਸਕਦੇ ਹਨ। ਦੋ ਤੋਂ ਘਟ ਜਾਂ ਤਿੰਨ ਤੋਂ ਜ਼ਿਆਦਾ ਕਿਸੇ ਸ਼ਬਦ-ਟੁਕੜੀ ਵਿਚ ਨਹੀਂ ਹੋਣਗੇ। ਇਸ ਲਈ ਕਿਸੇ ਸ਼ਬਦ ਨੂੰ ਉਚਾਰ ਕੇ ਉਪਰੋਕਤ ਹਿਸਾਬ ਨਾਲ਼ ਉਸ ਦੇ ਟੁਕੜੇ ਕਰੋ ਅਤੇ ਹਰ ਟੁਕੜਾ ਖੁੱਲ੍ਹਾ-ਖੁੱਲ੍ਹਾ ਲਿਖੋ। ਦੋ ਅੱਖਰਾਂ ਜਾਂ ਮਾਤਰਾ ਵਾਲੇ ਸ਼ਬਦ ਦੇ ਥੱਲੇ ਅੰਗਰੇਜ਼ੀ ਦਾ ਅੱਖਰ ਐੱਸ (S) ਲਿਖ ਲਵੋ। ਐੱਸ ਦੋ ਅੱਖਰੀ ਟੁਕੜੀ ਲਈ ਨਿਸ਼ਾਨ-ਚਿੰਨ੍ਹ ਦਾ ਕੰਮ ਦੇਵੇਗੀ। ਤਿੰਨ ਅੱਖਰੀ ਟੁਕੜੀ ਲਈ ਐੱਸ ਅਤੇ ਆਈ (S I) ਜਾਂ ਆਈ ਅਤੇ ਐੱਸ (I S) ਲਿਖ ਲਵੋ। ਆਈ (I) ਇਕ ਅੱਖਰ ਜਾਂ ਇਕ ਮਾਤਰਾ ਲਈ ਨਿਸ਼ਾਨ-ਚਿੰਨ੍ਹ ਮੰਨ ਲਵੋ। ਤਿੰਨ ਅੱਖਰੀ ਟੁਕੜੀ ਵਿਚ ਜੇ ਇਕੱਲਾ ਅੱਖਰ ਪਹਿਲਾਂ ਆਉਂਦਾ ਹੈ ਤਾਂ ਪਹਿਲਾਂ ਆਈ (I) ਲਿਖੋ, ਉਸ ਤੋਂ ਪਿੱਛੋਂ ਐੱਸ (S) ਲਿਖੋ ਜੇ ਦੋ ਅੱਖਰੀ ਹਿੱਸਾ ਪਹਿਲਾਂ ਆਉਂਦਾ ਹੈ ਤਾਂ ਪਹਿਲਾਂ ਐੱਸ (S) ਲਿਖੋ ਫੇਰ ਆਈ (I) ਲਿਖੋ। ਇੰਝ ਕਰਨ ਨਾਲ਼ ਤੁਹਾਨੂੰ ਹਰ ਸ਼ਬਦ ਦੇ ਤੋਲ, ਵਜ਼ਨ ਜਾਂ ਵੱਖਰੇ ਹਿੱਸੇ ਦਾ ਪਤਾ ਲੱਗ ਜਾਵੇਗਾ ਅਤੇ ਤੁਸੀਂ ਅਸਾਨੀ ਨਾਲ਼ ਕਿਸੇ ਵੀ ਸ਼ਬਦ ਨੂੰ ਗ਼ਜ਼ਲ ਦੀ ਕਿਸੇ ਵੀ ਚਾਲ ਜਾਂ ਬਹਿਰ ਵਿਚ ਬਾਖ਼ੂਬੀ ਬੰਨ੍ਹ ਸਕੋਗੇ। ਇਸ ਸਾਰੀ ਕਿਰਿਆ ਨੂੰ ਤੁਸੀਂ ਆਪਣੀ ਪਹਿਲੀ-ਦੂਜੀ ਜਮਾਤ ਵਿਚ ਭੁਲਾਵੇਂ ਅੱਖਰਾਂ ਦੇ ਪੜ੍ਹੇ ਹੋਏ ਸਬਕ ਨਾਲ਼ ਵੀ ਮੇਚ ਸਕਦੇ ਹੋ। ਜਿਸ ਤਰ੍ਹਾਂ ਤੁਹਾਡੇ ਪਰਾਇਮਰੀ ਕਲਾਸਾਂ ਵਾਲੇ ਮਾਸਟਰ ਜੀ ਭੁਲਾਵੇਂ ਅੱਖਰਾਂ ਦਾ ਤਰੀਕਾ ਵਰਤ ਕੇ ਤੁਹਾਨੂੰ ਸਹੀ ਪੈਂਤੀ ਅੱਖਰੀ (ਹੁਣ ਤਾਂ ਸੈਂਤੀ ਅੱਖਰ ਹੋ ਚੁੱਕੇ ਹਨ ਸ਼ਾਇਦ ਅੱਗੋਂ ਹੋਰ ਵੀ ਵਧ ਜਾਣ) ਨਾਲ਼ ਤੁਹਾਡੀ ਪਛਾਣ ਪਰਪੱਕ ਕਰਵਾਉਂਦੇ ਸਨ, ਠੀਕ ਉਸੇ ਤਰ੍ਹਾਂ ਨਾਲ਼ ਤੁਸੀਂ ਕਿਸੇ ਸ਼ਬਦ ਦੀਆਂ ਟੁਕੜੀਆਂ ਕਰਕੇ ਆਪਣੀ ਯਾਦਦਾਸ਼ਤ ਵਿਚ ਪੱਕਾ ਕਰ ਸਕਦੇ ਹੋ ਅਤੇ ਭੁਲੇਖਾ ਖਾਣ ਤੋਂ ਬਚ ਸਕਦੇ ਹੋ। ਜਦੋਂ ਤੁਸੀਂ ਕਿਸੇ ਸ਼ਬਦ ਦੇ ਟੁਕੜੇ ਕਰਕੇ ਉਸਦੇ ਹਰ ਹਿੱਸੇ ਤੋਂ ਵਾਕਿਫ਼ ਹੋ ਗਏ ਤਾਂ ਸਮਝੋ ਤੁਸੀਂ ਸਫ਼ਲ ਗ਼ਜ਼ਲਗੋ ਬਣਨ ਦੇ ਰਸਤੇ ਉਪਰ ਤੁਰ ਪਏ ਹੋ ਅਤੇ ਮੰਜ਼ਿਲ ਤੁਹਾਡੇ ਕਰੀਬ ਹੈ। ਇਹੋ ਹੀ ਹੈ ਕਿਸੇ ਸ਼ਬਦ ਦੀ ਸਹੀ ਬੰਦਿਸ਼, ਕੀਮਤ, ਤੋਲ ਜਾਂ ਵਜ਼ਨ ਦਾ ਤਰੀਕਾ। ਮਿਸਾਲ ਵਜੋਂ ਆਪਾਂ ਕੁਝ ਸ਼ਬਦਾਂ ਦੀਆਂ ਟੁਕੜੀਆਂ ਕਰਕੇ ਵੇਖਾਂਗੇ।

1. ਕੁਰਬਾਨੀ: ਕੁਰ+ਬਾ+ਨੀ
S+ S+ S
2. ਉਪਕਾਰ : ਉਪ+ਕਾ+ਰ
S+ S+ I
3. ਵਿਚਾਰੀ : ਵਿ+ਚਾ+ਰੀ
I+ S+ S
4. ਪਰੇਮ : ਪ-ਰੇ-ਮ
I+ S+ I
5. ਦਰਦ : ਦਰ+ਦ
S+ I

ਤੁਸੀਂ ਵੇਖਿਆ ਹੈ ਕਿ ਇਕ ਨੰਬਰ ਸ਼ਬਦ-ਟੁਕੜੀ ਵਿਚ ਤਿੰਨੇ ਟੁਕੜੀਆਂ ਦੋ-ਦੋ ਅੱਖਰਾਂ ਜਾਂ ਮਾਤਰਾਵਾਂ ਦੀਆਂ ਹਨ ਯਾਨੀ ਹਰ ਟੁਕੜੀ ਅੰਗਰੇਜ਼ੀ ਦੇ ਐੱਸ (S) ਦੇ ਬਰਾਬਰ ਤੋਲ ਵਾਲ਼ੀ ਹੈ, ਚਾਹੇ ਕਿਸੇ ਟੁਕੜੀ ਵਿਚ ਦੋਵੇਂ ਅੱਖਰ ਹੀ ਹਨ ਜਾਂ ਇਕ ਅੱਖਰ ਅਤੇ ਇਕ ਮਾਤਰਾ ਹੈ ਪਰ ਤੋਲ ਤਿੰਨਾਂ ਟੁਕੜੀਆਂ ਦਾ ਬਰਾਬਰ ਹੀ ਹੈ। ਇਨ੍ਹਾਂ ਸ਼ਬਦ-ਟੁਕੜੀਆਂ ਨੂੰ ਜਿਸ ਤਰ੍ਹਾਂ ਮਰਜ਼ੀ ਅੱਗੇ-ਪਿੱਛੇ ਕਰ ਲਈਏ ਤੋਲ ਜਾਂ ਵਜ਼ਨ ਉਹੀ ਰਹੇਗਾ। ਦੋ ਨੰਬਰ ਸ਼ਬਦ ਟੁਕੜੀ ਵਿਚ ਦੋ ਅੱਖਰੀ ਟੁਕੜੀ ਪਹਿਲਾਂ ਆਈ ਹੈ ਅਤੇ ਤਿੰਨ ਅੱਖਰੀ ਟੁਕੜੀ ਬਾਅਦ ਵਿਚ। ਇਸ ਦੇ ਉਲਟ ਤਿੰਨ ਨੰਬਰ ਸ਼ਬਦ ਟੁਕੜੀ ਵਿਚ ਤਿੰਨ ਅੱਖਰੀ ਟੁਕੜੀ ਪਹਿਲਾਂ ਆਈ ਹੈ ਅਤੇ ਦੋ ਅੱਖਰੀ ਟੁਕੜੀ ਬਾਅਦ ਵਿਚ। ਏਸੇ ਤਰ੍ਹਾਂ ਚਾਰ ਨੰਬਰੀ ਟੁਕੜੀ ਵਿਚ ਦੋ ਅੱਖਰੀ ਟੁਕੜੀ ਵਿਚਾਲ਼ੇ ਹੈ ਅਤੇ ਅੱਗੇ-ਪਿੱਛੇ ਇਕ-ਇਕ ਅੱਖਰ ਹੈ। ਪਹਿਲਾ ਇਕੱਲਾ ਅੱਖਰ ਵਿਚਾਲੜੀ ਦੋ ਅੱਖਰੀ ਟੁਕੜੀ ਨਾਲ਼ ਰਲ਼ ਕੇ ਤਿੰਨ ਅੱਖਰੀ ਟੁਕੜੀ ਬਣਾ ਰਿਹਾ ਹੈ ਅਤੇ ਅਖ਼ੀਰ ਵਾਲ਼ਾ ਇਕੱਲਾ ਅੱਖਰ ਸਾਕਿਨ ਦੇ ਰੂਪ ਵਿਚ ਰਹਿ ਜਾਂਦਾ ਹੈ। ਪੰਜ ਨੰਬਰੀ ਸ਼ਬਦ ਟੁਕੜੀ ਵਿਚ ਵੀ ਪਹਿਲਾਂ ਦੋ ਅੱਖਰੀ ਟੁਕੜੀ ਆਈ ਹੈ, ਫੇਰ ਇਕੱਲਾ ਸਾਕਿਨ ਅੱਖਰ ਅਖ਼ੀਰ ਉਤੇ ਆਇਆ ਹੈ। ਪੰਜ ਨੰਬਰ ਟੁਕੜੀ ਵਿਚ ਇਕੱਲਾ ਪਹਿਲਾ ਅੱਖਰ ਹੀ ਮੁਤਹਰਕ ਰਹਿ ਗਿਆ ਹੈ ਬਾਕੀ ਦੋਵੇਂ ਸਾਕਿਨ ਬਣ ਗਏ ਹਨ। ਵਿਚਾਲੜੇ ਅੱਖਰ ਨੇ ਸਾਕਿਨ ਬਣ ਕੇ ਟੁਕੜੀ ਦਾ ਵਜ਼ਨ ਨਿਰਧਾਰਤ ਕਰ ਦਿੱਤਾ ਹੈ ਜੋ ਵਿਚਕਾਰਲਾ ਅੱਖਰ ਵੀ ਮੁਤਹਰਕ ਹੀ ਹੁੰਦਾ ਤਾਂ ਇਸ ਟੁਕੜੀ ਦਾ ਵਜ਼ਨ ਐੱਸ+ਆਈ ਤੋਂ ਉਲਟ ਆਈ+ਐੱਸ ਹੋ ਜਾਣਾ ਸੀ। ਦੂਸਰੀ ਗੱਲ ਇਹ ਹੈ ਕਿ ਪੰਜ ਨੰਬਰ ਸ਼ਬਦ-ਟੁਕੜੀ ਦੇ ਤਿੰਨੇ ਅੱਖਰ ਮੁਕਤੇ ਹਨ (ਬਿਨਾਂ ਲਗਾਂ ਤੋਂ) ਏਸੇ ਲਈ ਟੁਕੜੀ ਦੇ ਵਿਚਕਾਰਲੇ ਅੱਖਰ ਨੇ ਟੁਕੜੀ ਦਾ ਵਜ਼ਨ ਨਿਰਧਾਰਤ ਕਰਨ



ਵਿਚ ਅਹਿਮ ਭੂਮਿਕਾ ਨਿਭਾਈ ਹੈ। ਜੇ ਇਸ ਸ਼ਬਦ-ਟੁਕੜੀ ਵਿਚ ਵੀ ਉਪਰਲੀਆਂ ਸ਼ਬਦ-ਟੁਕੜੀਆਂ ਵਾਂਗ ਕੋਈ ਦੀਰਘ ਜਾਂ ਲਘੂ ਲਗ ਹੁੰਦੀ ਤਾਂ ਉਸ ਲਗ ਨੇ ਟੁਕੜੀ ਦਾ ਤੋਲ ਦੱਸਣ ਵਿਚ ਮਦਦ ਕਰਨੀ ਸੀ। ਸੋ ਸਾਫ਼ ਹੋਇਆ ਕਿ ਕਿਸੇ ਸ਼ਬਦ ਦੀਆਂ ਲਗਾਂ-ਮਾਤਰਾ ਵੀ ਸ਼ਬਦ ਦਾ ਤੋਲ ਨਿਰਧਾਰਿਤ ਕਰਨ ਵਿਚ ਮਦਦ ਕਰਦੀਆਂ ਹਨ ਅਤੇ ਸ਼ਬਦ-ਟੁਕੜੀਆਂ ਹੀ ਬਹਿਰ ਜਾਂ ਚਾਲ਼ ਵਿਚ ਸ਼ਬਦ ਦੀ ਸਹੀ ਬੰਦਿਸ਼ ਦੀ ਭੂਮਿਕਾ ਨਿਭਾਉਂਦੀਆਂ ਹਨ। ਜਿੱਥੇ ਵੀ ਕਿਸੇ ਸ਼ਬਦ ਦੇ ਤੋਲ ਦਾ ਭੁਲੇਖਾ ਪਵੇ ਝਟ ਸ਼ਬਦ ਨੂੰ ਦੋ-ਚਾਰ ਵਾਰ ਉਚਾਰ ਕੇ ਸ਼ੱਕ ਕੱਢ ਲਵੋ। ਭੁਲੇਖਾ ਜਦ ਵੀ ਪਾਉਣਾ ਹੈ ਤਿੰਨ ਅੱਖਰੇ ਮੁਕਤੇ ਸ਼ਬਦਾਂ ਨੇ ਹੀ ਪਾਉਣਾ ਹੈ, ਲਗਾਂ ਵਾਲ਼ਾ ਸ਼ਬਦ ਤਾਂ ਤੋਲ ਪੱਖੋਂ ਬਿਲਕੁਲ ਸਾਫ਼ ਅਤੇ ਸਪਸ਼ਟ ਹੁੰਦਾ ਹੈ। ਏਸੇ ਲਈ ਪੰਜ ਨੰਬਰ ਟੁਕੜੀ ਦੇ ਰਾਰੇ ਨੂੰ ਸਾਕਿਨ ਦਰਸਾਉਣ ਲਈ ਉਸ ਦੇ ਪੈਰ ਵਿਚ ਹਲੰਤ ਦਾ ਚਿੰਨ੍ਹ ਪਾ ਦਿੱਤਾ ਹੈ।

## ਕਾਂਡ-4 - ਏ
## ਸ਼ਬਦਾਂ ਦੀ ਸਹੀ ਬੰਦਿਸ਼:

ਸਿਖਿਆਰਥੀਓ! ਪੰਜਾਬੀ ਸ਼ਬਦਾਵਲੀ ਵਿਚ ਅਸੀਂ ਦੋ ਤਰ੍ਹਾਂ ਦੇ ਸ਼ਬਦ ਵਰਤੋਂ ਵਿਚ ਲਿਆਉਂਦੇ ਹਾਂ। ਇਕ ਤਾਂ ਉਹ ਸ਼ਬਦ ਹਨ ਜੋ ਨਿਰੋਲ ਸਾਡੀ ਪੰਜਾਬੀ ਭਾਸ਼ਾ ਦੀ ਉਪਜ ਹਨ ਭਾਵ ਪੰਜਾਬ ਦੀ ਧਰਤੀ, ਆਬੋਹਵਾ ਅਤੇ ਹਾਲਾਤ ਅਨੁਸਾਰ ਜਿਹੜੇ ਸ਼ਬਦਾਂ ਨੇ ਜਨਮ ਲਿਆ ਹੈ ਉਨ੍ਹਾਂ ਨੂੰ ਅਸੀਂ ਨਿਰੋਲ ਅਤੇ ਠੇਠ ਪੰਜਾਬੀ ਦੇ ਸ਼ਬਦ ਆਖਦੇ ਹਾਂ। ਇਸਨੂੰ ਅਸੀਂ ਮੋਟੀ-ਠੁੱਲ੍ਹੀ ਪੰਜਾਬੀ ਵੀ ਆਖ ਸਕਦੇ ਹਾਂ ਕਿਉਂਕਿ ਇਨ੍ਹਾਂ ਸ਼ਬਦਾਂ ਵਿਚ ਸਾਡੇ ਬਜ਼ੁਰਗਾਂ ਦੇ ਕਿੱਤੇ ਵਿਚ ਕੰਮ ਆਉਂਦੇ ਕਿਰਸਾਨੀ ਸ਼ਬਦ ਅਤੇ ਆਮ ਬੋਲ-ਚਾਲ ਦੀ ਭਾਸ਼ਾ ਵਾਲੇ ਸ਼ਬਦ ਹਨ। ਇਨ੍ਹਾਂ ਸ਼ਬਦਾਂ ਵਿਚ ਸਾਹਿਤਕਤਾ ਘਟ ਪਰ ਆਪਣੇ ਮਨੋਰਥ ਨੂੰ ਸਮਝਣ, ਸਮਝਾਉਣ ਦੀ ਸਮਰੱਥਾ ਜ਼ਿਆਦਾ ਹੈ। ਪੰਜਾਬ ਦਾ ਮਾਹੌਲ ਕਿਉਂਕਿ ਜੰਗਾਂ-ਯੁਧਾਂ ਦਾ ਹੀ ਰਿਹਾ ਹੈ ਇਸ ਲਈ ਸਾਹਿਤਕ ਮਾਹੌਲ ਨਾ ਦੇ ਬਰਾਬਰ ਹੀ ਰਿਹਾ ਹੈ। ਸ਼ਾਂਤੀ ਸਮੇਂ ਜਿਹੜੇ ਕੁਝ ਵੇਦ-ਗਰੰਥ ਰਚੇ ਵੀ ਗਏ ਹਨ ਉਹ ਓਪਰੀ ਬੋਲੀ ਸੰਸਕਰਿਤ ਵਿਚ ਹੀ ਲਿਖੇ ਗਏ ਹਨ। ਏਥੋਂ ਤਕ ਕਿ ਪਵਿੱਤਰ ਗੁਰੂ ਗਰੰਥ ਸਾਹਿਬ ਵਿਚ ਵੀ ਨਿਰੋਲ ਪੰਜਾਬੀ ਦੇ ਸ਼ਬਦ ਘਟ ਅਤੇ ਦੂਜੀਆਂ ਬੋਲੀਆਂ ਦੇ ਸ਼ਬਦ ਜ਼ਿਆਦਾ ਹਨ, ਪੰਜਾਬੀ

ਜ਼ੁਬਾਨ ਹਾਲਾਤ ਦੀ ਸ਼ਿਕਾਰ ਹੀ ਜ਼ਿਆਦਾ ਰਹੀ ਹੈ।

ਦੂਸਰੇ ਅਸੀਂ ਉਹ ਸ਼ਬਦ ਪੰਜਾਬੀ ਵਾਂਗ ਹੀ ਵਰਤਦੇ ਹਾਂ ਜਿਹੜੇ ਸਮੇਂ-ਸਮੇਂ ਦੂਜੀਆਂ ਭਾਸ਼ਾਵਾਂ ਵਿਚੋਂ ਪੰਜਾਬ ਵਿਚ ਹਿਜਰਤ ਕਰਕੇ ਭਾਵ ਸਮੇਂ ਦੇ ਹੁਕਮਰਾਨਾਂ ਨਾਲ਼ ਆਉਂਦੇ ਰਹੇ ਹਨ, ਜਿਹੜੇ ਸਾਡੇ ਵਿਚ ਇਉਂ ਰਚ ਗਏ ਹਨ ਜਿਵੇਂ ਖਿਚੜੀ ਵਿਚ ਘਿਓ। ਦਰਅਸਲ ਏਹੀ ਸ਼ਬਦ ਹਨ ਜੋ ਸ਼ਾਇਰ ਨੂੰ ਬਹਿਰ ਜਾਂ ਚਾਲ ਵਿਚ ਨਜ਼ਮ ਕਰਦੇ ਵੇਲੇ ਸਮੱਸਿਆ ਖੜ੍ਹੀ ਕਰਦੇ ਹਨ, ਕਿਉਂਕਿ ਇਹ ਵਿਦੇਸ਼ੀ ਅਤੇ ਓਪਰੇ ਸੁਭਾਅ ਦੇ ਹੋਣ ਕਰਕੇ ਸਾਡੀ ਜ਼ੁਬਾਨ ਦੇ ਉਚਾਰਨ ਦੇ ਅਨੁਕੂਲ ਨਹੀਂ ਹਨ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਸਾਡੀ ਜ਼ੁਬਾਨ ਇਨ੍ਹਾਂ ਵਿਦੇਸ਼ੀ ਸ਼ਬਦਾਂ ਦੇ ਅਨੁਕੂਲ ਨਹੀਂ ਹੋਈ। ਇਨ੍ਹਾਂ ਸ਼ਬਦਾਂ ਨੂੰ ਅਸੀਂ ਦੋ ਤਰ੍ਹਾਂ ਬੋਲਦੇ ਹਾਂ ਇਕ ਤਾਂ ਉਹ ਜਿਹੜੇ ਜਿਸ ਭਾਸ਼ਾ ਵਿਚ ਜਿਵੇਂ ਬੋਲੇ ਜਾਂਦੇ ਹਨ ਅਸੀਂ ਵੀ ਉਸੇ ਉਚਾਰਣ ਅਨੁਸਾਰ ਹੀ ਬੋਲਦੇ ਹਾਂ ਉਨ੍ਹਾਂ ਸ਼ਬਦਾਂ ਨੂੰ ਅਸੀਂ **ਤਤਸਮ** ਭਾਵ ਇੰਨ-ਬਿੰਨ ਕਹਿ ਸਕਦੇ ਹਾਂ ਕਿਉਂਕਿ ਅਸੀਂ ਇਨ੍ਹਾਂ ਸ਼ਬਦਾਂ ਦੇ ਉਚਾਰਣ ਵਿਚ ਕੋਈ ਤਬਦੀਲੀ ਨਹੀਂ ਕੀਤੀ। ਇਯ ਤਰ੍ਹਾ ਦੇ ਉਹ ਸ਼ਬਦ ਹਨ ਜਿਹੜੇ ਸਰਕਾਰੀ ਕੰਮ-ਕਾਰ ਸਮੇਂ ਸਾਡੇ ਪੰਜਾਬੀ ਅਹਿਲਕਾਰ ਜਾਂ ਕਾਰਿੰਦੇ ਵਿਦੇਸ਼ੀ ਹੁਕਮਰਾਨਾਂ ਦੀ ਦੇਖ-ਰੇਖ ਵਿਚ ਵਰਤਦੇ ਸਨ। ਇਨ੍ਹਾਂ ਅਹਿਲਕਾਰਾਂ ਨੂੰ ਅਸੀਂ ਓਸ ਵੇਲੇ ਦੇ ਪੜ੍ਹੇ-ਲਿਖੇ ਵੀ ਕਹਿ ਸਕਦੇ ਹਾਂ। ਦੂਸਰੇ ਉਹ ਸ਼ਬਦ ਹਨ ਜਿਨ੍ਹਾਂ ਦਾ ਉਚਾਰਣ ਸਾਡੀ ਜ਼ੁਬਾਨ ਉਪਰ ਚੜ੍ਹ ਨਹੀਂ ਸਕਿਆ ਭਾਵ ਸਾਨੂੰ ਉਚਾਰਣ ਵਿਚ ਔਖੇ ਲਗਦੇ ਸਨ ਉਨ੍ਹਾਂ ਨੂੰ ਸਾਡੇ ਬਜ਼ੁਰਗਾਂ ਨੇ ਆਪਣੇ ਸੁਭਾਅ ਅਨੁਸਾਰ ਢਾਲ਼ ਕੇ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਉਹ ਸ਼ਬਦ ਹੁਣ ਤੀਕ ਵੀ ਆਪਣੇ ਬਦਲੇ ਹੋਏ ਉਚਾਰਣ ਅਨੁਸਾਰ ਹੀ ਵਰਤੋਂ ਵਿਚ ਆ ਰਹੇ ਹਨ ਭਾਵੇਂ ਕਿ ਸਾਡੀ ਹੁਣ ਦੀ ਪੀੜ੍ਹੀ ਪੜ੍ਹ-ਲਿਖ ਕੇ ਗਿਆਨਵਾਨ ਹੋ ਗਈ ਹੈ। ਇਸ ਤਰ੍ਹਾਂ ਦੇ ਸ਼ਬਦਾਂ ਨੂੰ ਜਿਨ੍ਹਾਂ ਦਾ ਅਸੀਂ ਆਪਣੇ ਸੁਭਾਅ ਅਨੁਸਾਰ ਉਚਾਰਣ ਬਦਲ ਲਿਆ ਹੈ ਅਸੀਂ **ਤਦਭਵ** ਕਹਿੰਦੇ ਹਾਂ। ਦਰਅਸਲ ਇਹ **ਤਤਸਮ** ਅਤੇ **ਤਤਭਵ** ਉਚਾਰਨ ਵਾਲੇ ਸ਼ਬਦ ਹੀ ਗ਼ਜ਼ਲ ਸਿਨਫ਼ ਵਿਚ ਚਰਚਾ ਅਤੇ ਬਹਿਸ ਦਾ ਵਿਸ਼ਾ ਰਹੇ ਹਨ, ਕਿਉਂਕਿ ਸਾਡੇ ਅਜੋਕੇ ਵਿਦਵਾਨ ਇਕ ਮੱਤ ਜਾਂ ਇਕ-ਰਾਇ ਨਹੀਂ ਹੋ ਸਕੇ। ਸਾਰੇ ਆਪੋ-ਆਪਣੀ ਡਫ਼ਲੀ ਵਜਾ ਰਹੇ ਹਨ ਜਿਸ ਨਾਲ਼ ਇਨ੍ਹਾਂ ਸ਼ਬਦਾਂ ਦੇ ਉਚਾਰਣ ਦੀ ਸਮੱਸਿਆ ਘਟਣ ਦੀ ਬਜਾਏ ਵਧ ਹੀ ਰਹੀ ਹੈ। ਸੋ ਇਹ ਤੈਅ ਹੋਇਆ ਕਿ ਅੱਜ ਅਸੀਂ ਤਿੰਨ ਤਰ੍ਹਾਂ ਦੇ ਸ਼ਬਦ ਪੰਜਾਬੀ ਬੋਲੀ ਵਿਚ ਵਰਤ ਰਹੇ ਹਾਂ। ਪਹਿਲੇ ਉਹ ਜੋ ਨਿਰੋਲ ਪੰਜਾਬੀ ਅਤੇ ਪੰਜਾਬ ਦੀ ਉਪਜ ਹਨ। ਦੂਸਰੇ ਉਹ ਜੋ ਬਾਹਰੋਂ ਆਏ ਹਨ ਪਰ ਅਸੀਂ ਸਾਡੀ ਬੋਲੀ ਵਿਚ ਸ਼ਬਦਾਂ ਦੀ ਘਾਟ ਨੂੰ ਦੂਰ ਕਰਨ ਲਈ ਇੰਨ-ਬਿੰਨ ਜਾਂ **ਤਤਸਮ** ਰੂਪ ਵਿਚ ਅਪਣਾ



ਲਏ ਹਨ। ਤੀਸਰੇ ਉਹ ਸ਼ਬਦ ਜੋ ਹਨ ਤਾਂ ਵਿਦੇਸ਼ੀ ਹੀ ਪਰ ਸਾਡੀ ਉਚਾਰਣ ਦੀ ਸਮੱਸਿਆ ਕਰਕੇ ਅਸੀਂ ਬਦਲਵੇਂ ਉਚਾਰਣ ਨਾਲ਼ ਭਾਵ **ਤਦਭਵ** ਰੂਪ ਵਿਚ ਅਪਣਾਏ ਹੋਏ ਹਨ। ਇਸ ਵਿਚ ਸਾਡੀ ਜ਼ੁਬਾਨ (ਜੀਭ) ਦੀ ਬਣਤਰ ਦਾ ਵੀ ਰੋਲ ਹੋ ਸਕਦਾ ਹੈ ਕਿਉਂਕਿ ਕਿਹਾ ਜਾਂਦਾ ਹੈ ਕਿ ਹਰ ਬਾਰਾਂ ਕੋਹਾਂ 'ਤੇ ਬੋਲੀ ਬਦਲ ਜਾਂਦੀ ਹੈ ਤਾਂ ਹਰ ਬਾਰਾਂ ਕੋਹਾਂ ਤੋਂ ਬਾਅਦ ਇਨਸਾਨ ਦੀ ਸਰੀਰਕ ਬਣਤਰ ਵੀ ਜ਼ਰੂਰ ਬਦਲਦੀ ਹੋਵੇਗੀ ਕਿਉਂਕਿ ਇਨਸਾਨ ਦੀ ਜੀਭ ਦੀ ਬਣਤਰ ਨੇ ਹੀ ਸ਼ਬਦਾਂ ਦਾ ਉਚਾਰਣ ਕਰਨਾ ਹੁੰਦਾ ਹੈ। ਸੋ ਉਚਾਰਣ ਜਾਂ ਲਫ਼ਜ਼ ਅਦਾਅ ਕਰਨ ਦੀ ਇਹ ਸਮੱਸਿਆ ਅਭਿਆਸ ਨਾਲ਼ ਤਾਂ ਭਾਵੇਂ ਘਟ ਜਾਂਦੀ ਹੋਵੇ ਭਾਵ ਇਸ ਉਤੇ ਕਾਬੂ ਪਾਇਆ ਜਾ ਸਕਦਾ ਹੋਵੇ ਪਰ ਆਦਤ ਜਾਂ ਸੁਭਾਅ ਨੂੰ ਬਦਲਣਾ ਕਾਫ਼ੀ ਮੁਸ਼ਕਿਲ ਕੰਮ ਹੈ। ਮੈਨੂੰ ਯਾਦ ਹੈ ਕਿ ਮੇਰੇ ਪਰਾਇਮਰੀ ਕਲਾਸਾਂ ਦੇ ਉਸਤਾਦ ਸਾਹਿਬਾਨ ਉਚਾਰਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਕ-ਇਕ ਸ਼ਬਦ ਨੂੰ ਸੌ-ਸੌ ਵਾਰ ਬੁਲਵਾਉਂਦੇ ਹੁੰਦੇ ਸਨ ਅਤੇ ਜਦ ਤੀਕ ਵਿਦਿਆਰਥੀ ਦਾ ਉਚਾਰਣ ਕਿਸੇ ਸ਼ਬਦ ਦਾ ਠੀਕ ਨਹੀਂ ਹੋ ਜਾਂਦਾ ਸੀ ਉਦੋਂ ਤੀਕ ਅੱਗੇ ਨਹੀਂ ਵਧਦੇ ਹੁੰਦੇ ਸਨ। ਸੋ ਅਭਿਆਸ ਨਾਲ਼ ਕਾਫ਼ੀ ਕੁਝ ਠੀਕ ਕੀਤਾ ਜਾ ਸਕਦਾ ਹੈ ਪਰ ਅਸੀਂ ਅਭਿਆਸ ਕਰਨ ਦੀ ਬਜਾਏ ਸੌਖਾ ਰਸਤਾ (ਜਿਵੇਂ ਹੈ, ਠੀਕ ਹੈ) ਅਪਣਾਉਣ ਨੂੰ ਤਰਜੀਹ ਦਿੰਦੇ ਹਾਂ, ਜਿਸ ਤੋਂ ਬਚਣ ਦੀ ਅਤੇ ਅਭਿਆਸ ਦੀ ਲੋੜ ਹੈ।

1. ਤਿੰਨ ਅੱਖਰੇ ਮੁਕਤੇ ਸ਼ਬਦਾਂ (ਬਿਨਾਂ ਲਗਾਂ ਤੋਂ) ਦੀ ਸਮੱਸਿਆ ਤੋਂ ਬਚਣ ਦਾ ਸੌਖਾ ਰਾਹ ਇਹ ਵੀ ਹੋ ਸਕਦਾ ਹੈ ਕਿ ਸਾਡੇ ਕੋਲ ਕਿਸੇ ਸ਼ਬਦ ਦੇ ਅਰਥਾਂ ਵਾਲੇ, ਵੱਖ-ਵੱਖ ਤੋਲਾਂ ਜਾਂ ਵਜ਼ਨਾਂ ਵਾਲ਼ੇ ਕਾਫ਼ੀ ਸਾਰੇ ਹੋਰ ਸ਼ਬਦ ਹੋਣ ਜਿਨ੍ਹਾਂ ਵਿਚੋਂ ਲੋੜ ਅਨੁਸਾਰ ਅਸੀਂ ਸ਼ਬਦ ਵਰਤੋਂ ਵਿਚ ਲਿਆ ਸਕੀਏ। ਸਾਡੇ ਕੋਲ਼ ਦੂਜੀਆਂ ਭਾਸ਼ਾਵਾਂ ਦੇ ਸਮਅਰਥੀ ਸ਼ਬਦ ਬਥੇਰੇ ਹਨ ਉਹ ਵਰਤੇ ਜਾਣ।

2. ਨਵੇਂ-ਨਵੇਂ ਸ਼ਬਦ ਘੜੇ ਜਾਣ। ਇਸ ਕੰਮ ਵਿਚ ਸਾਡੇ ਭਾਸ਼ਾ-ਵਿਗਿਆਨੀ ਉੱਦਮ ਅਤੇ ਪਹਿਲ ਕਰਨ। ਯੂਨੀਵਰਸਿਟੀਆਂ ਦੀਆਂ ਪੰਜਾਬੀ ਚੇਅਰਾਂ ਦੇ ਜ਼ਿੰਮੇ ਇਹ ਕੰਮ ਲਾਇਆ ਜਾਵੇ।

3. ਜਦੋਂ ਤੀਕ ਇਹ ਮਸਲਾ ਹੱਲ ਨਹੀਂ ਹੁੰਦਾ ਉਦੋਂ ਤੀਕ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਉਸੇ ਭਾਸ਼ਾ ਦੀ ਤਕਨੀਕ/ਉਚਾਰਣ ਅਨੁਸਾਰ ਵਰਤੋਂ ਅਤੇ ਪੰਜਾਬੀ ਸੁਭਾਅ ਅਨੁਸਾਰ ਬਦਲੇ ਗਏ ਉਚਾਰਣ ਵਾਲ਼ੇ ਸ਼ਬਦਾਂ ਨੂੰ ਵਰਤਣ ਤੋਂ ਗੁਰੇਜ਼ ਕੀਤਾ ਜਾਵੇ।

4. ਮੇਰਾ ਜ਼ੋਰਦਾਰ ਮੱਤ ਹੈ ਕਿ ਇਕ ਮਿਸਰੇ ਵਿਚ ਇਕ ਸ਼ਬਦ ਦੀ ਇਕ ਹੀ ਤਰ੍ਹਾਂ ਦੀ ਉਚਾਰਣ-ਵਿਧੀ ਵਰਤੋਂ ਚਾਹੇ ਇਹ ਕਿਸੇ ਵੀ ਭਾਸ਼ਾ ਦੀ ਤਕਨੀਕ

ਵਾਲ਼ੀ ਕਿਉਂ ਨਾ ਹੋਵੇ। ਇਕ ਮਿਸਰੇ ਵਿਚ ਹੀ ਕਿਉਂ ਸਗੋਂ ਇਕ ਪੂਰੇ ਸ਼ਿਅਰ ਵਿਚ, ਇਕ ਪੂਰੇ ਸ਼ਿਅਰ ਵਿਚ ਹੀ ਕਿਉਂ ਇਕ ਪੂਰੀ ਗ਼ਜ਼ਲ ਵਿਚ ਅਪਣਾਉ, ਇਕ ਪੂਰੀ ਗ਼ਜ਼ਲ ਵਿਚ ਹੀ ਕਿਉਂ ਇਕ ਪੂਰੇ ਗ਼ਜ਼ਲ-ਸੰਗਰਹਿ, ਦੀਵਾਨ ਜਾਂ ਕਿਤਾਬ ਵਿਚ ਅਪਣਾਉ।

ਜਦੋਂ ਤੁਸੀਂ ਇਕੋ ਸਮੇਂ ਦੋ ਤਰ੍ਹਾਂ ਦੀ ਸ਼ਬਦ-ਟੋਨ ਅਪਣਾਉਗੇ ਤਾਂ ਫੇਰ ਉਂਗਲ਼ਾਂ ਤਾਂ ਉਠਣਗੀਆਂ ਹੀ। ਕੱਲ੍ਹ ਵਾਲ਼ੇ ਅੱਜ ਵਾਲ਼ਿਆਂ ਨੂੰ ਗ਼ਲਤ ਕਹਿ ਰਹੇ ਹਨ ਤੇ ਅੱਜ ਵਾਲ਼ਿਆਂ ਨੂੰ ਭਲਕ ਵਾਲੇ ਗ਼ਲਤ ਕਹਿਣਗੇ। ਇਸ ਤੋਂ ਬਚਣ ਦਾ ਇੱਕੋ ਹੀ ਢੰਗ ਹੈ ਕਿ ਕਿਸੇ ਇਕ ਦੇ ਹੋ ਜਾਉ ਤੇ ਆਪਣੇ ਸ਼ਬਦ-ਭੰਡਾਰ ਵਿਚ ਵਾਧਾ ਕਰੋ, ਫੇਰ ਕੋਈ ਨੁਕਸ ਕੱਢਣ ਲਈ ਤੁਹਾਡੇ ਵਲ ਆਪਣੀ ਉਂਗਲ਼ ਨਹੀਂ ਕਰੇਗਾ। ਤੁਹਾਡੀ ਸਹੂਲਤ ਲਈ ਅੱਗੇ ਜਾ ਕੇ ਇਕ ਪੂਰਾ ਕਾਂਡ ਤਿੰਨ ਅੱਖਰੇ ਜਾਂ ਤਿੰਨ ਮੁਕਤੇ ਅੱਖਰਾਂ ਵਾਲੇ ਸ਼ਬਦਾਂ ਦਾ ਦੇ ਦਿੱਤਾ ਹੈ ਤਾਂ ਕਿ ਔਖ ਸਮੇਂ ਤੁਸੀਂ ਉਸ ਤੋਂ ਅਗਵਾਈ ਲੈ ਸਕੋ।

*ਪਿੱਛੇ ਲੱਗੋ ਇਕ ਦੇ, ਤੇ ਇਕ ਦੇ ਬਣ ਕੇ ਰਹੋ,*
*ਕੂੰਜ, ਘੁੱਗੀ, ਰਾਣੀ ਮੱਖੀ, ਇਕ ਹੋਵੇ ਡਾਰ ਵਿਚ*

*(ਬਾਦਲ)*

## ਕਾਂਡ-4 - ਸ
## ਸ਼ਬਦ ਚੋਣ:

ਇਸੇ ਕਾਂਡ ਦੇ ਪਿਛਲੇ ਹਿੱਸੇ 'ਏ' ਵਿਚ ਮੈਂ ਸ਼ਬਦਾਂ ਦੀ ਬਹੁਲਤਾ ਦੀ ਗੱਲ ਕੀਤੀ ਸੀ ਕਿ ਸਾਡੇ ਕੋਲ਼ ਜਿੰਨਾ ਜ਼ਿਆਦਾ ਸ਼ਬਦ-ਭੰਡਾਰ ਹੋਵੇਗਾ ਓਨੀ ਹੀ ਸੌਖ਼ ਨਾਲ਼ ਅਸੀਂ ਆਪਣੀ ਗੱਲ ਪਾਠਕ ਜਾਂ ਸਰੋਤੇ ਤੀਕ ਪਹੁੰਚਾਉਣ ਵਿਚ ਸਮਰੱਥ ਹੋਵਾਂਗੇ। ਇਸੇ ਗੱਲ ਨੂੰ ਆਪਾਂ ਥੋੜ੍ਹਾ ਹੋਰ ਅੱਗੇ ਵਧਾਵਾਂਗੇ। ਕਈ ਵਾਰ ਸਾਡੇ ਕੋਲ਼ ਕਿਸੇ ਸ਼ਬਦ ਦੇ ਸਮਅਰਥੀ ਸ਼ਬਦ ਤਾਂ ਬਥੇਰੇ ਹੁੰਦੇ ਹਨ ਪਰ ਫੇਰ ਵੀ ਅਸੀਂ ਗ਼ਲਤ ਸ਼ਬਦ ਦੀ ਚੋਣ ਕਰ ਲੈਂਦੇ ਹਾਂ ਜਿਸ ਨਾਲ਼ ਸ਼ਾਇਰ ਦਾ ਅਤੇ ਉਸਦੇ ਕਹੇ ਸ਼ਿਅਰ ਦਾ ਪਰਭਾਵ ਵਿਗੜ ਜਾਂਦਾ ਹੈ। ਸਮਅਰਥੀ ਸ਼ਬਦਾਂ ਦਾ ਵੀ ਇਕੋ ਅਰਥ ਹੁੰਦੇ ਹੋਏ ਵੀ ਸੁਭਾਅ ਵੱਖਰਾ-ਵੱਖਰਾ ਹੁੰਦਾ ਹੈ। ਇਸ ਗੱਲ ਨੂੰ ਇਉਂ ਸਪਸ਼ਟ



ਕਰਦੇ ਹਾਂ ਕਿ ਸਾਡੇ ਕੋਲ ਖ਼ੂਨ, ਲਹੂ ਅਤੇ ਰੱਤ ਤਿੰਨ ਸ਼ਬਦ ਇਕੋ ਹੀ ਅਰਥ ਪ੍ਰਗਟਾਉਣ ਵਾਲ਼ੇ ਹਨ ਪਰ ਸੁਭਾਅ ਅਤੇ ਵਰਤੋਂ ਦੇ ਲਿਹਾਜ਼ ਨਾਲ਼ ਤਿੰਨੇ ਸ਼ਬਦ ਵੱਖ-ਵੱਖ ਹਨ। ਖ਼ੂਨ ਕਹਿਣ ਜਾਂ ਬੋਲਣ-ਸੁਣਨ ਨਾਲ਼ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਸੱਚਮੁਚ ਹੀ ਕਿਸੇ ਦਾ ਖ਼ੂਨ ਕਰ ਦਿੱਤਾ ਹੋਵੇ ਕਿਉਂਕਿ ਇਹ ਅਦਾਲਤੀ ਸ਼ਬਦ ਹੈ ਅਤੇ ਕਚਿਹਰੀਆਂ ਵਿਚ ਨਿੱਤ ਵਰਤੋਂ ਵਿਚ ਆਉਂਦਾ ਹੈ, ਇਸ ਲਈ ਖ਼ੂਨ ਕਹਿੰਦੇ ਜਾਂ ਸੁਣਦੇ ਸਮੇਂ ਸਾਡਾ ਧਿਆਨ ਉਪਰੋਕਤ ਕਿਰਿਆ ਵਲ ਚਲਾ ਜਾਂਦਾ ਹੈ ਪਰ ਲਹੂ ਕਹਿੰਦੇ ਸਮੇਂ ਇਸ ਤਰ੍ਹਾਂ ਦਾ ਅਹਿਸਾਸ ਨਹੀਂ ਹੁੰਦਾ ਸਗੋਂ ਇਨਸਾਨ ਜਾਂ ਕਿਸੇ ਵੀ ਜੀਵ ਦੀਆਂ ਨਾੜੀਆਂ ਵਿਚ ਜੀਵਨ ਬਖ਼ਸ਼ਣ ਵਾਲੇ ਤਰਲ-ਪਦਾਰਥ ਦਾ ਅਹਿਸਾਸ ਹੁੰਦਾ ਹੈ। ਇਹ ਦੋਵੇਂ ਸ਼ਬਦ ਜਿਵੇਂ ਗ਼ਜ਼ਲ ਦੀ ਭਾਸ਼ਾ ਵਿਚ ਵਿਰੋਧੀ ਵਜ਼ਨ ਵਾਲ਼ੇ ਹਨ ਬਿਲਕੁਲ ਓਸੇ ਤਰ੍ਹਾਂ ਹੀ ਵਿਰੋਧੀ ਸੁਭਾਅ ਵਾਲ਼ੇ ਹਨ, ਬੇਸ਼ਕ ਆਮ ਬੋਲ-ਚਾਲ ਵਿਚ ਸਮਅਰਥੀ ਹਨ। ਡਿਕਸ਼ਨਰੀ ਵਿਚ ਸਮਅਰਥੀ ਹੁੰਦੇ ਹੋਏ ਵੀ ਇਹ ਦੋ ਸ਼ਬਦ ਵੱਖ-ਵੱਖ ਅਹਿਸਾਸ ਮਨ ਵਿਚ ਜਗਾਉਂਦੇ ਹਨ, ਸੋ ਗ਼ਜ਼ਲਗੋ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਸ਼ਬਦ ਨੂੰ ਵਰਤਣ ਤੋਂ ਪਹਿਲਾਂ ਉਸਦੀ ਸਮਾਜਿਕ ਪੁਜੀਸ਼ਨ ਦਾ ਖ਼ਿਆਲ ਜ਼ਰੂਰ ਰੱਖੇ, ਤਾਂਕਿ ਵਾਕ ਦੇ ਅਰਥਾਂ ਦਾ ਅਨਰਥ ਨਾ ਹੋ ਜਾਵੇ। ਮਿਸਾਲ ਲਈ ਜੇ ਅਸੀਂ ਕਿਸੇ ਦੇ ਕਤਲ ਦੀ ਗੱਲ ਕਰਦੇ ਹਾਂ ਤਾਂ ਖ਼ੂਨ ਹੋਇਆ ਜਾਂ ਖ਼ੂਨ ਕੀਤਾ ਕਹਿੰਦੇ ਹਾਂ, ਲਹੂ ਕੀਤਾ ਨਹੀਂ। ਜਦੋਂ ਕਿਸੇ ਨਾਲ਼ ਹਮਦਰਦੀ ਜ਼ਾਹਿਰ ਕਰਦੇ ਹਾਂ ਤਾਂ ਲਹੂ ਡੁੱਲਿਆ ਜਾਂ ਲਹੂ ਡੋਲ੍ਹਿਆ ਕਹਿੰਦੇ ਹਾਂ। ਬਸ ਏਹੀ ਫ਼ਰਕ ਹੈ ਕਿਸੇ ਸ਼ਬਦ ਨਾਲ਼ ਜੁੜੀਆਂ ਮਾਨਸਿਕ ਭਾਵਨਾਵਾਂ ਦਾ, ਜਿਨ੍ਹਾਂ ਦਾ ਇਕ ਸਫ਼ਲ ਗ਼ਜ਼ਲਗੋ ਨੇ ਖ਼ਾਸ ਧਿਆਨ ਰਖਣਾ ਹੁੰਦਾ ਹੈ। ਰੱਤ ਵੀ ਲਹੂ ਦਾ ਸਮਅਰਥੀ ਸ਼ਬਦ ਹੈ ਅਤੇ ਵਜ਼ਨ ਪੱਖੋਂ ਲਹੂ ਦਾ ਵਜ਼ਨ ਵਿਰੋਧੀ ਹੈ ਪਰ ਭਾਵਨਾਵਾਂ ਲਹੂ ਵਾਲੀਆਂ ਹੀ ਰਖਦਾ ਹੈ। ਪੇਂਡੂ ਸੰਸਾਰ ਵਿਚ ਇਕ ਹੋਰ ਸ਼ਬਦ ਵੀ ਲਹੂ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ, ਉਹ ਹੈ ਮੈਲ਼ਾ। ਲਹੂ ਵਗਦੇ ਨੂੰ ਮੈਲ਼ਾ ਵਗਣਾ ਅਨਪੜ੍ਹ ਲੋਕ ਕਿਹਾ ਕਰਦੇ ਸਨ। ਮੇਰੇ ਸਵਰਗੀ ਨਾਨਾ ਜੀ ਲਹੂ ਵਗਣ ਦੀ ਥਾਂ ਮੈਲ਼ਾ ਵਗਣਾ ਕਿਹਾ ਕਰਦੇ ਸਨ। ਮੈਲ਼ੇ ਸ਼ਬਦ ਦੇ ਇਕ ਹੋਰ ਵੀ ਅਰਥ ਹਨ, ਉਹ ਅਰਥ ਹਨ ਮਨੁੱਖੀ ਗੰਦਗੀ। ਜਦੋਂ ਕਿਸੇ ਦੇ ਲੱਗੇ ਪੈਰ ਨੂੰ ਤੁਰਦਿਆਂ ਮਨੁੱਖੀ ਗੰਦ ਲੱਗ ਜਾਂਦਾ ਸੀ ਤਾਂ ਬੜੀ ਹਿਕਾਰਤ (ਨਫ਼ਰਤ) ਨਾਲ਼ ਪੈਰ ਨੂੰ ਮੈਲ਼ਾ ਲੱਗ ਗਿਆ ਕਿਹਾ ਜਾਂਦਾ ਸੀ। ਇਸ ਤਰ੍ਹਾਂ ਮੈਲ਼ਾ ਸ਼ਬਦ ਦੋ-ਅਰਥਾ ਹੋ ਗਿਆ ਹੈ। ਵਾਕ ਬਣਤਰ ਦੱਸ ਦਿੰਦੀ ਹੈ ਕਿਹੜੇ ਅਰਥਾਂ ਵਿਚ ਸ਼ਬਦ ਨੂੰ ਵਰਤਿਆ ਜਾ ਰਿਹਾ ਹੈ ਪਰ ਖ਼ੂਨ, ਰੱਤ ਅਤੇ ਲਹੂ ਸਮਅਰਥੀ ਹੁੰਦੇ ਹੋਏ ਵੀ ਭਾਵਨਾਵਾਂ ਦਾ ਵਖਰੇਵਾਂ ਰਖਦੇ ਹਨ। ਸੋ ਕਿਸੇ ਸ਼ਿਅਰ ਲਈ ਸ਼ਬਦ ਚੋਣ ਸਮੇਂ

ਜਿੱਥੇ ਅਸੀਂ ਸ਼ਬਦ ਦੇ ਤੋਲ ਜਾਂ ਵਜ਼ਨ ਦਾ ਖ਼ਿਆਲ ਰੱਖਣਾ ਹੈ ਓਥੇ ਸ਼ਬਦਾਂ ਨਾਲ਼ ਜੁੜੀਆਂ ਮਾਨਸਿਕ ਭਾਵਨਾਵਾਂ ਦਾ ਵੀ ਪੂਰਾ ਖ਼ਿਆਲ ਰੱਖਣਾ ਹੈ ਤਾਂ ਕਿ ਸ਼ਿਅਰ ਦਾ ਪੂਰਾ ਪਰਭਾਵ ਪਾਠਕ ਜਾਂ ਸਰੋਤੇ ਉਪਰ ਪਵੇ, ਨਿਰਾ ਬਹਿਰ, ਵਜ਼ਨ ਜਾਂ ਤੋਲ ਦੇ ਮਗਰ ਹੀ ਨਹੀਂ ਪਏ ਰਹਿਣਾ।

ਧਰਮ ਦਾ ਮਸਲਾ ਲੇਖਕਾਂ ਲਈ ਬਹੁਤ ਪੇਚੀਦਾ ਹੁੰਦਾ ਹੈ। ਹਰ ਧਰਮ ਦੇ ਕੁਝ ਸ਼ਬਦ ਰਾਖਵੇਂ, ਮਖ਼ਸੂਸ ਜਾਂ ਖ਼ਾਸ ਹੁੰਦੇ ਹਨ। ਜਦੋਂ ਕਿਤੇ ਤੁਸੀਂ ਕੋਈ ਸ਼ਿਅਰ ਧਰਮ ਜਾਂ ਉਸ ਧਰਮ ਦੇ ਗੁਰੂਆਂ ਜਾਂ ਪੈਰੋਕਾਰਾਂ ਬਾਰੇ ਕਹਿਣਾ ਚਾਹੋ ਤਾਂ ਬਹੁਤ ਸੋਚ-ਸਮਝ ਕੇ ਸ਼ਬਦਾਂ ਨੂੰ ਵਰਤੋਂ ਵਿਚ ਲਿਆਉਣਾ ਪਵੇਗਾ। ਮਿਸਾਲ ਵਜੋਂ ਸਿਮਰਨਾ, ਮਾਲ਼ਾ ਜਾਂ ਤਸਬੀ ਇਕੋ ਅਰਥ ਵਾਲੇ ਸ਼ਬਦ ਹਨ ਪਰ ਧਰਮਾਂ ਕਰਕੇ ਇਨ੍ਹਾਂ ਦੀ ਵਰਤੋਂ ਵੀ ਵੱਖਰਤਾ ਦਰਸਾਉਂਦੀ ਹੈ। ਤਸਬੀ ਇਸਲਾਮ ਧਰਮ ਦਾ ਪਵਿੱਤਰ ਸ਼ਬਦ ਹੈ ਅਤੇ ਸਿਮਰਨਾ ਸਿੱਖ ਧਰਮ ਦਾ ਪਰ ਮਾਲ਼ਾ ਸ਼ਬਦ ਹਿੰਦੂ ਅਤੇ ਸਿੱਖ ਧਰਮ ਵਿਚ ਇਕੋ ਅਰਥ ਅਤੇ ਸਤਿਕਾਰ ਨਾਲ਼ ਵਰਤਿਆ ਜਾਂਦਾ ਹੈ। ਤੁਸੀਂ ਕਿਸੇ ਸਿੱਖ ਜਾਂ ਹਿੰਦੂ ਦੇ ਹੱਥ ਵਿਚ ਤਸਬੀ ਨਹੀਂ ਫੜਾ ਸਕਦੇ ਅਤੇ ਕਿਸੇ ਮੌਲਵੀ ਜਾਂ ਕਾਜ਼ੀ ਦੇ ਹੱਥ ਸਿਮਰਨਾ ਜਾਂ ਮਾਲ਼ਾ ਨਹੀਂ ਪਕੜਾ ਸਕਦੇ, ਏਥੇ ਤੁਹਾਡੀ ਸ਼ਬਦ-ਚੋਣ ਹੀ ਤੁਹਾਡੀ ਸੂਝ ਦੀ ਸਹੀ ਜਾਣਕਾਰੀ ਦੇਵੇਗੀ।

## ਕਾਂਡ-4 - ਹ
## ਅੱਖਰਾਂ ਅਤੇ ਮਾਤਰਾਵਾਂ ਦੀ ਸਹੀ ਵਰਤੋਂ:

ਗ਼ਜ਼ਲ ਵਿਚ ਜਿੱਥੇ ਸ਼ਬਦ ਦੀ ਸਹੀ ਚੋਣ ਦਾ ਮਹੱਤਵ ਹੈ ਓਥੇ ਸਹੀ ਅੱਖਰ ਅਤੇ ਮਾਤਰਾ ਦੀ ਵਰਤੋਂ ਦੀ ਵੀ ਇਕ ਆਪਣੀ ਵਿਸ਼ੇਸ਼ਤਾ ਹੈ। ਗ਼ਜ਼ਲ ਕਿਉਂਕਿ ਜਿਵੇਂ ਬੋਲੋ, ਤਿਵੇਂ ਲਿਖੋ ਦੇ ਅਸੂਲ ਨਾਲ਼ ਕਾਗਜ਼ ਉਪਰ ਲਿਖੀ ਜਾਂਦੀ ਹੈ ਇਸ ਲਈ ਅੱਖਰਾਂ ਦੇ ਸਹੀ ਉਚਾਰਣ ਦੀ ਵੀ ਬਹੁਤ ਮਹੱਤਤਾ ਅਤੇ ਲੋੜ ਹੁੰਦੀ ਹੈ। ਕਈ ਵਾਰ ਸਾਡੀ ਆਵਾਜ਼ ਦੀ ਟੋਨ ਦੀ ਮੰਗ ਤਾਂ ਕਿਸੇ ਹੋਰ ਅੱਖਰ ਦੀ ਹੁੰਦੀ ਹੈ ਪਰ ਅਸੀਂ ਅਣਗਹਿਲੀ ਕਰਕੇ ਕੋਈ ਦੂਸਰਾ ਅੱਖਰ ਮਿਲਦੀ-ਜੁਲਦੀ ਟੋਨ ਵਾਲ਼ਾ ਇਸਤੇਮਾਲ ਕਰ ਲੈਂਦੇ ਹਾਂ ਜੋ ਕਿ ਸਹੀ ਨਹੀਂ ਹੁੰਦਾ। ਅੱਜ ਸਾਡੇ ਕੋਲ ਤਕਰੀਬਨ ਹਰ ਟੋਨ ਜਾਂ ਆਵਾਜ਼ ਲਈ ਲੋੜੀਂਦਾ ਅੱਖਰ ਮੌਜੂਦ ਹੈ ਸੋ ਸਾਨੂੰ ਬਹੁਤ ਚੁਕੰਨੇ ਹੋ ਕੇ ਸ਼ਬਦ ਵਿਚ ਅੱਖਰ ਦੀ ਟੋਨ ਘੋਖ ਕੇ ਸ਼ਬਦ ਦੀ ਵਰਤੋਂ ਕਰਨੀ ਹੋਵੇਗੀ।



ਕਈ ਵਾਰ ਨੇੜੇ ਦੀ ਟੋਨ ਵਾਲ਼ੇ ਦੋ ਅੱਖਰ ਆ ਕੇ ਬੇਸੁਆਦੀ ਪੈਦਾ ਕਰ ਦਿੰਦੇ ਹਨ, ਜਿਨ੍ਹਾਂ ਤੋਂ ਬਚਣ ਦੀ ਲੋੜ ਹੈ। ਸਾਡੇ ਕੋਲ ਇਸ ਤਰ੍ਹਾਂ ਦੇ ਕਈ ਅੱਖਰ ਹਨ- ਜੋ ਕਾਫ਼ੀ ਭਿੰਨਤਾ ਰਖਦੇ ਹਨ ਪਰ ਅਸੀਂ ਅਵੇਸਲੇ ਹੋ ਕੇ ਇਨ੍ਹਾਂ ਦੀ ਵਰਤੋਂ ਕਰ ਲੈਂਦੇ ਹਾਂ। ਜਿਵੇਂ ਨੰਨਾ ਤੇ ਨਾਣਾ, ਲੱਲਾ ਤੇ ਲ਼ਾਲ਼ਾ, ਕੱਕਾ ਤੇ ਕ਼ੱਫ਼ਾ ਆਦਿ। ਕਈ ਭਾਸ਼ਾਵਾਂ ਵਿਚ ਇਸ ਤਰ੍ਹਾਂ ਦਾ ਫ਼ਰਕ ਨਹੀਂ ਹੈ ਅਤੇ ਕਈਆਂ ਵਿਚ ਬਹੁਤ ਫ਼ਰਕ ਹੈ। ਕਈ ਭਾਸ਼ਾਵਾਂ ਵਿਚ ਫ਼ਰਕ ਦਰਸਾਉਂਦੇ ਅੱਖਰ ਨਹੀਂ ਹਨ, ਮਜਬੂਰੀ ਵੱਸ ਉਹ ਇਕੋ ਅੱਖਰ ਨੂੰ ਹੀ ਕਈ ਟੋਨਾਂ ਜਾਂ ਆਵਾਜ਼ਾਂ ਲਈ ਵਰਤਦੇ ਹਨ ਪਰ ਪੰਜਾਬੀ ਭਾਸ਼ਾ ਇਸ ਪੱਖ ਤੋਂ ਕਾਫ਼ੀ ਖ਼ੁਸ਼ਕਿਸਮਤ ਹੈ ਕਿ ਸਾਡੀ ਲੋੜੀਂਦੀ ਟੋਨ ਲਈ ਕੋਈ ਨਾ ਕੋਈ ਅੱਖਰ ਮੌਜੂਦ ਹੈ। ਹੁਣ ਸਾਡੀ ਵਰਣਮਾਲਾ ਦੇ ਪੈਂਤੀ ਨਹੀਂ ਸਗੋਂ ਸੈਂਤੀ ਅੱਖਰ ਹਨ। ਪੈਰੀਂ ਬਿੰਦੀ ਵਾਲੇ ਪਹਿਲੇ ਪੰਜ ਅੱਖਰਾਂ ਵਿਚ ਹੁਣ ਦੋ ਅੱਖਰ ਹੋਰ ਲ਼ ਅਤੇ ਕ਼ ਵੀ ਸ਼ਾਮਿਲ ਹੋ ਗਏ ਹਨ। ਸੋ ਜੇ ਹੁਣ ਤੁਸੀਂ ਗਲ਼ ਸ਼ਬਦ ਲਿਖਣਾ ਹੈ ਤਾਂ ਲੱਲੇ ਦੇ ਪੈਰ ਵਿਚ ਬਿੰਦੀ ਪਾ ਕੇ ਲਿਖੋ ਤੁਹਾਨੂੰ ਗੱਲ ਅਤੇ ਗਲ਼ ਦੇ ਫ਼ਰਕ ਦਾ ਸਪਸ਼ਟ ਪਤਾ ਲੱਗ ਜਾਵੇਗਾ। ਇਸ ਨਾਲ਼ ਜਿਥੇ ਸ਼ਬਦ ਦਾ ਉਚਾਰਣ ਸਹੀ ਹੋ ਜਾਵੇਗਾ ਓਥੇ ਅਰਥ ਵੀ ਬਦਲ ਜਾਣਗੇ। ਏਸੇ ਤਰ੍ਹਾਂ ਹੀ ਨੰਨੇ ਅਤੇ ਨਾਣੇ ਦਾ ਫ਼ਰਕ ਵੀ ਮਹੱਤਵਪੂਰਨ ਹੈ। ਲੱਲੇ ਤੇ ਲ਼ਾਲ਼ੇ ਦਾ ਅਤੇ ਨੰਨੇ ਤੇ ਨਾਣੇ ਦਾ ਫ਼ਰਕ ਤਾਂ ਛੇਤੀ ਪਤਾ ਚੱਲ ਜਾਂਦਾ ਹੈ ਪਰ ਕੱਕੇ ਅਤੇ ਕੱਕੇ ਦਾ ਫ਼ਰਕ ਪਤਾ ਕਰਨ ਲਈ ਸਬੰਧਿਤ ਸ਼ਬਦ ਨੂੰ ਅੰਗਰੇਜ਼ੀ ਵਿਚ ਲਿਖ ਲਵੋ ਜੇ ਅੰਗਰੇਜ਼ੀ ਵਿਚ ਕੇ ਦੀ ਥਾਂ ਕਿਊ ਪੈਂਦਾ ਹੈ ਤਾਂ ਸਾਫ਼ ਜ਼ਾਹਿਰ ਹੈ ਕਿ ਪੰਜਾਬੀ ਵਿਚ ਉਸ ਸ਼ਬਦ ਨੂੰ ਲਿਖਣ ਲਈ ਤੁਹਾਨੂੰ ਕੱਕੇ ਦੀ ਨਹੀਂ ਸਗੋਂ ਕ਼ੱਫ਼ੇ ਦੀ ਲੋੜ ਹੈ ਭਾਵ ਕੱਕੇ ਪੈਰ ਬਿੰਦੀ ਵਾਲ਼ੇ ਕ਼ੱਫ਼ੇ ਦੀ ਲੋੜ ਹੈ। ਇਸ ਨਾਲ਼ ਤੁਹਾਡਾ ਉਚਾਰਣ ਅਤੇ ਸ਼ਬਦ-ਜੋੜ ਦੋਵੇਂ ਸਹੀ ਹੋ ਜਾਣਗੇ।

## ਕਾਂਡ-4 - ਖ
## ਪੈਰਾਂ ਵਿਚ ਪੈਣ ਵਾਲੇ ਅੱਧੇ ਅੱਖਰ ਅਤੇ ਗਿਣਤੀ:

ਪਤਾ ਨਹੀਂ ਕਦੋਂ ਹਿੰਦੀ ਭਾਸ਼ਾ ਦੀ ਦੇਖਾ-ਦੇਖੀ ਪੰਜਾਬੀ ਵਿਚ ਵੀ ਅੱਧੇ ਅੱਖਰ ਪਾਉਣ ਦਾ ਰਿਵਾਜ ਸ਼ੁਰੂ ਹੋ ਗਿਆ। ਸੰਸਕਰਿਤ ਅਤੇ ਹਿੰਦੀ ਵਿਚ ਤਾਂ ਇਹ ਕਿਸੇ ਲੋੜ ਲਈ ਕੀਤਾ ਗਿਆ ਹੋਵੇਗਾ ਪਰ ਪੰਜਾਬੀ ਵਿਚ ਤਾਂ ਬਿਨਾਂ ਲੋੜੋਂ

ਹੀ ਇਹ ਰਿਵਾਜ ਚਾਲੂ ਕਰ ਦਿੱਤਾ ਗਿਆ। ਮੈਨੂੰ ਤਾਂ ਇਹੀ ਲਗਦਾ ਹੈ ਕਿ ਪੁਰਾਣੇ ਸਮੇਂ ਵਿਚ ਲਿਖਦੇ-ਲਿਖਦੇ ਕਿਸੇ ਲਾਈਨ ਦੇ ਅੰਤ ਉੱਤੇ ਕਿਸੇ ਸ਼ਬਦ ਲਈ ਲੋੜੀਂਦੀ ਜਗ੍ਹਾ ਦੀ ਘਾਟ ਨੂੰ ਪੂਰਾ ਕਰਨ ਲਈ ਕਿਸੇ ਕਿਤਾਬਤ ਕਰਨ ਵਾਲੇ ਨੇ ਇਹ ਕਾਢ ਕੱਢੀ ਹੋਵੇਗੀ। ਖ਼ੈਰ ਕਾਰਨ ਕੋਈ ਵੀ ਹੋਵੇ ਪੰਜਾਬੀ ਵਿਚ ਅੱਧੇ ਅੱਖਰ ਦੀ ਕੋਈ ਲੋੜ ਨਹੀਂ ਹੈ ਅਤੇ ਨਾ ਹੀ ਕੋਈ ਮਹੱਤਤਾ। ਸਿਤਮ-ਜ਼ਰੀਫ਼ੀ ਇਹ ਹੈ ਕਿ ਜਿਸ ਅੱਖਰ ਦਾ ਉਚਾਰਣ ਪੂਰਾ ਹੈ ਅਤੇ ਉਸ ਅੱਖਰ ਨੂੰ ਕੋਈ ਦੀਰਘ ਲਗ ਵੀ ਲੱਗੀ ਹੋਈ ਹੈ ਉਨ੍ਹਾਂ ਸ਼ਬਦਾਂ ਨੂੰ ਵੀ ਸਦੀਆਂ ਤੋਂ ਪਈ ਹੋਈ ਗ਼ਲਤ ਪਿਰਤ ਅਨੁਸਾਰ ਲਿਖਿਆ ਜਾ ਰਿਹਾ ਹੈ। ਕੁਝ ਮਿਸਾਲਾਂ ਹਨ ਜਿਵੇਂ: ਪ੍ਰੇਮ, ਜਗ੍ਹਾ, ਅਕ੍ਰਿਤਘਣ, ਸ੍ਵਰਗ, ਪ੍ਰਸੰਨ, ਪ੍ਰਸ਼ਨ, ਪ੍ਰੇਸ਼ਾਨ ਆਦਿ। ਉਪਰੋਕਤ ਸਾਰੇ ਹੀ ਸ਼ਬਦ ਸੰਸਕਰਿਤ ਅਤੇ ਹਿੰਦੀ ਭਾਸ਼ਾ ਵਿਚ ਤਾਂ ਪੈਰੀਂ ਅੱਧੇ ਅੱਖਰ ਪਾ ਕੇ ਲਿਖੇ ਜਾਂਦੇ ਹਨ ਪਰ ਪੰਜਾਬੀ ਵਿਚ ਇਹ ਪਿਰਤ ਬੇਲੋੜੀ ਹੈ ਕਿਉਂਕਿ ਇਨ੍ਹਾਂ ਸਾਰੇ ਹੀ ਉਪਰੋਕਤ ਸ਼ਬਦਾਂ ਵਿਚ ਪੈਰੀਂ ਪਾਏ ਅੱਧੇ ਅੱਖਰਾਂ ਦਾ ਉਚਾਰਣ ਪੂਰਾ ਹੈ। ਦੂਸਰੇ ਜਿਸ ਅੱਖਰ ਨਾਲ਼ ਕੋਈ ਦੀਰਘ ਜਾਂ ਲਘੂ ਲਗ ਲੱਗੀ ਹੋਈ ਹੈ ਉਹ ਕਿਸੇ ਵੀ ਸੂਰਤ ਵਿਚ ਅੱਧਾ ਪੈ ਹੀ ਨਹੀਂ ਸਕਦਾ। **ਅੱਧੇ ਅੱਖਰ ਦੀ ਆਪਣੀ ਕੋਈ ਮਹੱਤਤਾ ਜਾਂ ਕੀਮਤ ਨਹੀਂ ਹੁੰਦੀ ਤਾਂ ਫਿਰ ਉਹ ਕਿਸੇ ਦੀਰਘ ਜਾਂ ਲਘੂ ਲਗ ਦਾ ਭਾਰ ਕਿਵੇਂ ਸਹਿ ਸਕਦਾ ਹੈ?** ਇਸ ਅਪਿਰਤ ਨੂੰ ਜਿੰਨੀ ਛੇਤੀ ਹੋ ਸਕੇ ਸੁਧਾਰਨਾ ਚਾਹੀਦਾ ਹੈ। ਹੁਣ ਅਸਲੀ ਗੱਲ ਪੈਰੀਂ ਪਿਆ ਅੱਧਾ ਅੱਖਰ ਤਕਤੀਹ ਜਾਂ ਪੜਤਾਲ ਵੇਲ਼ੇ ਗਿਣਤੀ ਵਿਚ ਨਹੀਂ ਲਿਆ ਜਾਂਦਾ। ਕਿਸੇ ਸ਼ਬਦ ਦੇ ਅਸਲੀ ਅਤੇ ਸਹੀ ਵਜ਼ਨ ਜਾਂ ਤੋਲ ਨੂੰ ਆਪਣੀ ਲੋੜ ਅਨੁਸਾਰ ਕਰਨ ਲਈ ਹੀ ਅਜੇਹੀ ਘੜਿੱਤ ਵਰਤੀ ਜਾਣੀ ਸ਼ੁਰੂ ਹੋਈ ਹੈ ਜੋ ਨਖੇਧੀ ਕਰਨਯੋਗ ਹੈ। ਸੋ ਅੱਖਰ ਪੂਰਾ ਲਿਖੋ ਅਤੇ ਪੂਰਾ ਹੀ ਗਿਣਤੀ ਵਿਚ ਲਵੋ।

## ਕਾਂਡ-4 - ਗ
## ਇਲਤ ਅੱਖਰ ਭਾਵ ਪੰਜਾਬੀ ਦੇ ਵਾਵਲ:

ਜਿਵੇਂ ਅੰਗਰੇਜ਼ੀ ਵਿਚ ਪੰਜ ਵਾਵਲ ਅੱਖਰ ਏ, ਆਈ, ਈ, ਓ, ਯੂ (A.I.E.O.U) ਹਨ ਅਤੇ ਉਰਦੂ ਵਿਚ ਅਲਿਫ਼, ਵਾਉ ਅਤੇ ਯੇ ਹਨ, ਓਵੇਂ ਹੀ ਪੰਜਾਬੀ ਵਿਚ ਊੜਾ ਆੜਾ ਅਤੇ ਈੜੀ ਤਿੰਨ ਵਾਵਲ ਹਨ, ਜਿਨ੍ਹਾਂ ਨੂੰ ਸਾਡੇ ਪੰਜਾਬੀ ਦੇ ਉਸਤਾਦਾਂ ਨੇ ਇਲਤ ਅੱਖਰ ਕਹਿ ਕੇ ਨਿਵਾਜ਼ਿਆ ਹੈ। ਇਲਤ ਅੱਖਰ



ਇਸ ਲਈ ਕਿ ਇਹ ਇਲਤਾਂ ਭਾਵ ਸ਼ਰਾਰਤਾਂ ਕਰਦੇ ਹਨ। ਹੋਰ ਸਾਫ਼ ਕਰਦਾ ਹਾਂ ਕਿ ਇਹ ਤਿੰਨੇ ਅੱਖਰ ਅਨਜਾਣ ਸ਼ਾਇਰ ਨੂੰ ਭੁਲੇਖੇ ਵਿਚ ਪਾ ਕੇ ਰਾਹੋਂ ਕੁਰਾਹ ਕਰ ਦਿੰਦੇ ਹਨ ਅਤੇ ਸ਼ਾਇਰ ਦੀ ਕਮਅਕਲੀ ਉਤੇ ਹਸਦੇ ਅਤੇ ਵਿਅੰਗ ਕਰਦੇ ਹਨ ਪਰ ਸਿਆਣਾ ਗ਼ਜ਼ਲਗੋ ਇਨ੍ਹਾਂ ਦੇ ਝਾਂਸੇ ਵਿਚ ਨਹੀਂ ਆਉਂਦਾ। ਪੰਜਾਬੀ ਵਿਚ ਇਲਤ ਅੱਖਰ ਜਾਂ ਵਾਵਲ ਤਿੰਨ ਹੀ ਹਨ ਪਰ ਇਕ ਅੱਖਰ ਹੋਰ ਵੀ ਪੰਜਾਬੀ ਵਰਣਮਾਲਾ ਵਿਚ ਹੈ ਜੋ ਇਨ੍ਹਾਂ ਇਲਤ ਅੱਖਰਾਂ ਵਾਂਗ ਹੀ ਸ਼ਾਇਰ ਨੂੰ ਭੁਲੇਖਾ ਪਾ ਕੇ ਰਾਹੋਂ ਭਟਕਾਉਂਦਾ ਹੈ। ਇਹ ਅੱਖਰ ਹੈ ਹਾਹਾ (ਹ) ਇਹ ਪੈਰੀਂ ਅੱਧਾ ਪਾਇਆ ਵੀ ਬੇਲੋੜਾ ਹੈ ਅਤੇ ਬਰਾਬਰ ਪੂਰਾ ਲਿਖਿਆ ਵੀ ਬਹੁਤ ਵਾਰ ਬੇਲੋੜਾ ਹੋ ਕੇ ਭੁਲੇਖਾ ਸਿਰਜਦਾ ਹੈ। ਸੋ ਸ਼ਾਇਰ ਨੂੰ ਇਨ੍ਹਾਂ ਚਾਰਾਂ ਅੱਖਰਾਂ ਤੋਂ ਹੀ ਸੁਚੇਤ ਰਹਿਣ ਦੀ ਜ਼ਰੂਰਤ ਹੈ। ਊੜਾ, ਆੜਾ, ਈੜੀ ਅਤੇ ਹਾਹਾ ਜਦੋਂ ਕਿਸੇ ਸ਼ਬਦ ਦੇ ਵਿਚਕਾਰ ਆਉਂਦੇ ਹਨ ਉਦੋਂ ਭੁਲੇਖੇ ਦੇ ਵਾਇਸ ਬਣਦੇ ਹਨ। ਆਪਣੀ ਗੱਲ ਸਪਸ਼ਟ ਕਰਨ ਲਈ ਹੇਠਾ ਚਾਰ ਸ਼ਬਦ ਲਿਖ ਰਿਹਾ ਹਾਂ ਜਿਨ੍ਹਾਂ ਵਿਚ ਇਹ ਅੱਖਰ ਆਉਂਦੇ ਹਨ। ਤੁਸੀਂ ਵੇਖੋਗੇ ਕਿ ਕਿਵੇਂ ਇਹ ਅੱਖਰ ਸ਼ਬਦ ਵਿਚ ਇਲਤ ਕਰਦੇ ਹਨ ਭਾਵ ਭੁਲੇਖਾ ਪਾਉਂਦੇ ਹਨ:-

1. ਪਰਚਾਉਂਦਾ
2. ਬਾਅਦ
3. ਪਰਤਾਇਆ
4. ਸ਼ਾਹਰਾਹ

ਇਨ੍ਹਾਂ ਸਾਰੇ ਸ਼ਬਦਾਂ ਵਿਚ ਹੀ ਇਹ ਚਾਰੇ ਅੱਖਰ ਲਿਖਤੀ ਰੂਪ ਵਿਚ ਪੂਰੇ ਆਉਂਦੇ ਹਨ ਪਰ ਇਨ੍ਹਾਂ ਦੀ ਸ਼ਰਾਰਤ ਦਾ ਪਤਾ ਇਨ੍ਹਾਂ ਸ਼ਬਦਾਂ ਦੀ ਵਜ਼ਨ ਜਾਂ ਤੋਲ ਵੇਖਣ ਲਈ ਪੜਤਾਲ਼ ਕਰਦਿਆਂ ਲਗਦਾ ਹੈ। ਉੱਪਰ ਪਰਚਾਉਂਦਾ ਸ਼ਬਦ ਆਪਾਂ ਲਿਆ ਹੈ। ਹੁਣ ਆਪਾਂ ਪਰਚਾਉਂਦਾ ਸਬਦ ਦੇ ਟੁਕੜੇ ਕਰੀਏ ਤਾਂ ਹੇਠ ਲਿਖੇ ਬਣਨਗੇ:-

ਪਰ+ਚਾ+ਉਂ+ਦਾ

S+S+I+S

ਜਦ ਕਿ ਅਸੀਂ ਜਿਵੇਂ ਇਸ ਸ਼ਬਦ ਦੇ ਸ਼ਬਦ-ਜੋੜ ਹਨ ਓਵੇਂ ਇਸ ਸ਼ਬਦ ਨੂੰ ਬੋਲਦੇ ਨਹੀਂ। ਬੋਲਣ ਸਮੇਂ ਅਸੀਂ ਪਰਚੌਂਦਾ ਬੋਲਦੇ ਹਾਂ ਅਤੇ ਊੜੇ ਨੂੰ ਹਜ਼ਮ ਕਰ ਜਾਂਦੇ ਹਾਂ। ਕਾਰਨ ਇਹ ਹੈ ਕਿ ਊੜਾ ਆਪਣੇ ਤੋਂ ਪਹਿਲੀ ਦੀਰਘ ਲਗ ਨੰਨੇ ਅਤੇ ਪੈਰਾਂ ਵਿਚ ਪਏ ਔਂਕੜ ਨਾਲ਼ ਮਿਲ ਕੇ ਕਨੌੜੇ (ੌ) ਦਾ ਰੂਪ ਧਾਰ ਲੈਂਦਾ ਹੈ ਅਤੇ ਆਪ ਵਿਚੋਂ ਅਲੋਪ ਹੋ ਜਾਂਦਾ ਹੈ। ਇਸ ਤਰ੍ਹਾਂ ਬਣਿਆ ਹੋਇਆ ਕਨੌੜਾ

(ੌ) ਚੱਚੇ ਉਪਰ ਚਲਾ ਜਾਂਦਾ ਹੈ ਅਤੇ ਸ਼ਬਦ ਦਾ ਰੂਪ ਵੀ ਬਦਲ ਦਿੰਦਾ ਹੈ ਅਤੇ ਉਚਾਰਣ ਵੀ। ਉੱਪਰ ਅਸੀਂ ਪਰਚਾਉਂਦੇ ਸ਼ਬਦ ਦੇ ਟੁਕੜੇ ਕਰਕੇ ਉਸ ਦੀਆਂ ਸੱਤ ਮਾਤਰਾ ਬਣਾਈਆਂ ਸਨ ਜਦਕਿ ਹੁਣ ਊੜੇ+ਔਕੜ+ਕੰਨੇ ਦੇ ਕਨੌੜਾ (ੌ) ਬਣ ਜਾਣ ਨਾਲ਼ ਊੜੇ ਦੀ ਆਪਣੀ ਮਾਤਰਾ ਖ਼ਤਮ ਹੋ ਗਈ। ਹੁਣ ਇਸ ਪਰਚਾਉਂਦੇ ਸ਼ਬਦ ਦਾ ਤੋਲ ਇਸ ਤਰ੍ਹਾਂ ਹੋ ਗਿਆ ਹੈ:-

ਪਰ+ਚੌਂ+ਦਾ

S+S+S

ਇਹ ਪਰਚਾਉਂਦੇ ਸ਼ਬਦ ਦਾ ਸਹੀ ਤੋਲ ਹੈ। ਏਸੇ ਤਰ੍ਹਾਂ ਹੀ ਬਾਅਦ ਸ਼ਬਦ ਦਾ ਆੜਾ ਆਪਣੇ ਤੋਂ ਪਹਿਲੇ ਕੰਨੇ ਨਾਲ਼ ਮਿਲ਼ ਕੇ ਇਕੋ ਮਾਤਰਾ ਹੀ ਹੋ ਜਾਵੇਗਾ। ਸੋ ਬਾਅਦ ਦਾ ਵਜ਼ਨ ਹੁਣ ਬਰਵਜ਼ਨ ਬਾਦ= S I ਗਿਣਿਆ ਜਾਵੇਗਾ। ਤੀਸਰੇ ਸ਼ਬਦ ਪਰਤਾਇਆ ਦੀ ਸਿਹਾਰੀ ਅਤੇ ਈੜੀ ਦੋਵੇਂ ਮਿਲ਼ ਕੇ ਆਪਣੇ ਤੋਂ ਬਾਅਦ ਵਾਲ਼ੇ ਆੜੇ ਵਿਚ ਮਿਲ਼ ਜਾਣਗੇ ਅਤੇ ਆਪਣੀ ਹੋਂਦ ਗੁਆ ਕੇ ਪਰਤਾਇਆ ਬਰਵਜ਼ਨ 'ਪਰਤਾਯਾ' ਬਣ ਜਾਵੇਗਾ। ਸੋ ਪਰਤਾਇਆ ਹੁਣ ਪਰਤਾਯਾ= S-S-S ਹੋ ਜਾਵੇਗਾ। ਹੁਣ ਆਪਣੇ ਕੋਲ਼ ਰਿਹਾ ਆਖ਼ਰੀ ਜਾਂ ਚੌਥਾ ਸ਼ਬਦ ਸ਼ਾਹਰਾਹ। ਸ਼ਾਹਰਾਹ ਦੇ ਦੋਵੇਂ ਹੀ ਹਾਹੇ ਵਜ਼ਨੋਂ ਖ਼ਾਰਜ ਹੋ ਜਾਣਗੇ, ਬਾਕੀ ਬਚੇਗਾ ਸ਼ਾ+ਰਾ= S-S ਜੋ ਕਿ ਇਸ ਸ਼ਬਦ ਦਾ ਸਹੀ ਤੋਲ ਜਾਂ ਵਜ਼ਨ ਹੈ। ਜਿੱਥੇ ਪਹਿਲੇ ਤਿੰਨ ਅੱਖਰ ਊੜਾ, ਆੜਾ ਅਤੇ ਈੜੀ ਆਪਣੇ ਤੋਂ ਪਹਿਲੇ ਜਾਂ ਬਾਅਦ ਵਾਲੇ ਅੱਖਰ ਨਾਲ਼ ਮਿਲ਼ ਕੇ ਭਾਵ ਵਾਸਲ ਹੋ ਕੇ ਆਪਣੀ ਹੋਂਦ ਗੁਆਉਂਦੇ ਰਹੇ ਹਨ ਅਤੇ ਵਜ਼ਨੋਂ ਖ਼ਾਰਜ ਹੁੰਦੇ ਰਹੇ ਹਨ ਓਥੇ ਦੋਵੇਂ ਹੀ ਹਾਹੇ ਉਚਾਰਣ ਵਿਚ ਨਾ ਆਉਣ ਕਰਕੇ ਵਜ਼ਨ ਵਿਚ ਨਹੀਂ ਆਏ ਕਿਉਂਕਿ ਇਹ ਹਾਹੇ ਇਲਤ ਅੱਖਰ ਭਾਵ ਵਾਵਲ ਨਹੀਂ ਹਨ ਇਸ ਲਈ ਇਨ੍ਹਾਂ ਦਾ ਆਪਣੇ ਤੋਂ ਪਹਿਲੇ ਜਾਂ ਬਾਅਦ ਵਾਲ਼ੇ ਕਿਸੇ ਅੱਖਰ ਨਾਲ਼ ਮਿਲਣਾ ਜਾਂ ਵਾਸਲ ਹੋਣਾ ਸੰਭਵ ਨਹੀਂ ਸੀ। ਉਚਾਰਣ ਵਿਚ ਨਾ ਹੋਣ ਕਰਕੇ ਹੀ ਇਹ ਦੋਵੇਂ ਹਾਹੇ ਵਜ਼ਨ ਵਿਚ ਨਹੀਂ ਗਿਣੇ ਗਏ। ਜਿਵੇਂ ਕੰਨੇ ਤੋਂ ਬਾਅਦ ਆਪਾਂ ਆੜਾ ਮੁਕਤੇ ਰੂਪ ਵਿਚ ਪਾ ਕੇ ਕੰਨੇ ਦੀ ਆਵਾਜ਼ ਲਮਕਾਉਂਦੇ ਭਾਵ ਲੰਬੀ ਕਰਦੇ ਹਾਂ (ਜਿਵੇਂ ਉਪਰ ਬਾਅਦ ਸ਼ਬਦ ਵਿਚ ਹੈ) ਉਸੇ ਤਰ੍ਹਾਂ ਹਾਹਾ ਵੀ ਸ਼ਬਦ ਦੇ ਵਿਚਕਾਰ ਆ ਕੇ ਆਪਣੇ ਤੋਂ ਪਹਿਲੇ ਨੰਨੇ ਦੀ ਆਵਾਜ਼ ਉਪਰ ਜ਼ੋਰ ਪਾਉਂਦਾ ਹੈ ਅਤੇ ਆੜੇ ਦੇ ਮੁਕਤੇ ਰੂਪ ਵਾਂਗ ਹੀ ਕੰਮ ਕਰਦਾ ਹੈ। ਇਹ ਚਾਰੇ ਹੀ ਅੱਖਰ ਜੇ ਕਿਸੇ ਸ਼ਬਦ ਦੇ ਮੁੱਢ ਵਿਚ ਭਾਵ ਸ਼ੁਰੂ ਵਿਚ ਆਉਂਦੇ ਹਨ ਤਾਂ ਹਰ ਹਾਲਤ ਵਿਚ ਇਕ ਪੂਰੇ ਲਘੂ ਅੱਖਰ ਦੇ ਬਰਾਬਰ ਗਿਣੇ ਜਾਂਦੇ ਹਨ ਜਿਵੇਂ:-

1. ਉਪਕਾਰ



2. ਆਸਮਾਨ

3. ਇਸਤਰੀ

4. ਹਰਾਨੀ, ਆਦਿ ਹੋਰ ਬਹੁਤ ਸਾਰੇ ਸ਼ਬਦ ਹਨ ਜੋ ਇਨ੍ਹਾਂ ਅੱਖਰਾਂ ਨਾਲ਼ ਸ਼ੁਰੂ ਹੁੰਦੇ ਹਨ ਅਤੇ ਇਕ ਪੂਰੇ ਅੱਖਰ ਦੇ ਤੌਰ 'ਤੇ ਗਿਣੇ ਜਾਂਦੇ ਹਨ।

ਆਖ਼ਰੀ ਅਤੇ ਖ਼ਾਸ ਗੱਲ ਊੜਾ ਅਤੇ ਈੜੀ ਕਦੇ ਵੀ ਕਿਸੇ ਵੀ ਸ਼ਬਦ ਦੇ ਅੰਤ ਉਤੇ ਬਿਨਾਂ ਕਿਸੇ ਲਗ ਤੋਂ ਮੁਕਤੇ ਦੇ ਰੂਪ ਵਿਚ ਨਹੀਂ ਆਉਂਦੇ। ਅੰਤ ਉਤੇ ਸਿਰਫ਼ ਆੜਾ ਅਤੇ ਹਾਹਾ ਹੀ ਮੁਕਤੇ ਦੇ ਰੂਪ ਵਿਚ ਆਉਂਦੇ ਹਨ ਪਰ ਉਦੋਂ ਇਨ੍ਹਾਂ ਦੋਹਾਂ ਨੂੰ ਵਜ਼ਨ ਵਿਚ ਨਹੀਂ ਲਿਆ ਜਾਂਦਾ, ਬੜੇ ਸਤਿਕਾਰ ਨਾਲ਼ ਵਜ਼ਨੋਂ ਖ਼ਾਰਜ ਕਰ ਦਿੱਤਾ ਜਾਂਦਾ ਹੈ ਭਾਵ ਵਜ਼ਨੋਂ ਨਿਕਾਲ਼ਾ ਦੇ ਦਿੱਤਾ ਜਾਂਦਾ ਹੈ। ਪੈਰਾਂ ਵਿਚ ਪਿਆ ਅੱਧਾ ਹਾਹਾ ਆਪਣੇ ਤੋਂ ਪਹਿਲੇ ਅੱਖਰ ਦਾ ਜ਼ੋਰ ਹੀ ਵਧਾਉਂਦਾ ਹੈ ਜਿਵੇਂ:- ਪੜ੍ਹ, ਖੜ੍ਹ, ਖੋਲ੍ਹ ਆਦਿ ਵਿਚ, ਪਰ ਗਿਣਤੀ ਵਿਚ ਨਹੀਂ ਆਉਂਦਾ, ਸੋ ਪੈਰ ਵਿਚ ਹਾਹਾ ਲਿਖਣਾ ਜਾਇਜ਼ ਅਤੇ ਸਹੀ ਹੈ। ਸਿਖਿਆਰਥੀਓ! ਇਹ ਸਾਰਾ ਕਾਂਡ ਤੁਹਾਡੇ ਲਈ ਬਹੁਤ ਮਹੱਤਵਪੂਰਨ ਹੈ। ਇਹ ਪੂਰੀ ਤਰ੍ਹਾਂ ਯਾਦ ਕਰ ਲਵੋ। ਇਲਤ ਅੱਖਰਾਂ ਦਾ ਦੂਜੇ ਅੱਖਰਾਂ ਨਾਲ਼ ਮਿਲ਼ਣਾ ਅਤੇ ਕਿਸੇ ਅੱਖਰ ਦਾ ਵਜ਼ਨੋਂ ਖ਼ਾਰਜ ਹੋਣਾ ਦੋਵੇਂ ਹੀ ਨੁਕਤੇ ਇਸ ਕਾਂਡ ਵਿਚ ਖੋਲ੍ਹ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

## ਕਾਂਡ-4 - ਘ
## ਅੱਖਰ ਜਾਂ ਮਾਤਰਾ ਗਿਰਾਉਣੀ ਜਾਂ ਦਬਣੀ:

ਗ਼ਜ਼ਲ ਵਿਚ ਬਹਿਰ ਅਤੇ ਤੋਲ ਜਾਂ ਵਜ਼ਨ ਨੂੰ ਠੀਕ ਰੱਖਣ ਲਈ ਸਾਡੇ ਉਸਤਾਦਾਂ ਨੇ ਕਾਫ਼ੀ ਸਾਰੀਆਂ ਛੋਟਾਂ ਸ਼ਾਇਰਾਂ ਨੂੰ ਦਿੱਤੀਆਂ ਹੋਈਆਂ ਹਨ, ਪਰ ਇਹ ਛੋਟਾਂ ਵੀ ਕਿਸੇ ਨਾ ਕਿਸੇ ਨਿਯਮ ਅਧੀਨ ਹੀ ਹਨ। ਬੇਨਿਯਮਾਂ ਤਾਂ ਗ਼ਜ਼ਲ ਵਿਚ ਕੁਝ ਵੀ ਪਰਵਾਨ ਨਹੀਂ ਹੈ। ਏਸੇ ਕਾਂਡ ਵਿਚ ਗੱਗੇ ਅਧੀਨ ਆਪਾਂ ਇਲਤ ਅੱਖਰਾਂ ਦਾ ਵਰਣਨ ਪੜ੍ਹ ਚੁੱਕੇ ਹਾਂ। ਗ਼ਜ਼ਲ ਵਿਚ ਵਜ਼ਨ ਨੂੰ ਸਹੀ ਰੱਖਣ ਲਈ ਤਿੰਨ ਤਰੀਕਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

1. ਇਲਤ ਅੱਖਰਾਂ ਦਾ ਆਪਣੇ ਤੋਂ ਅਗਲੇ ਜਾਂ ਪਿਛਲੇ ਅੱਖਰਾਂ ਨਾਲ਼ ਮਿਲਾਪ।

2. ਲੋੜ ਪੈਣ ਉਤੇ ਕਿਸੇ ਦੀਰਘ ਲਗ ਨੂੰ ਗਿਣਤੀ ਵਿਚੋਂ ਖ਼ਾਰਜ ਕਰਨਾ।

3. ਹਰਫ਼ਾਂ ਦਾ ਦਬਣਾ।

ਇਹ ਤਿੰਨੇ ਅਸੂਲ ਹੀ ਆਪਸ ਵਿਚ ਰਲ਼-ਗਡ ਹਨ ਭਾਵ ਵੇਖਣ ਨੂੰ ਇੱਕੋ ਹੀ ਕੰਮ ਕਰਦੇ ਲਗਦੇ ਹਨ ਪਰ ਇਹ ਸਾਰੇ ਹੀ ਵੱਖ-ਵੱਖ ਅਸੂਲਾਂ ਅਧੀਨ ਕੰਮ ਕਰਦੇ ਹਨ। ਇਲਤ ਅੱਖਰਾਂ ਦਾ ਵਰਣਨ ਉਪਰ ਆ ਚੁੱਕਾ ਹੈ। ਹੁਣ ਦੋ ਨੰਬਰ ਅਧੀਨ ਦੀਰਘ ਲਗਾਂ ਨੂੰ ਗਿਰਾਉਣ ਦੀ ਗੱਲ ਵਿਚਾਰੀ ਜਾਵੇਗੀ। ਪੰਜਾਬੀ ਵਿਚ ਦੀਰਘ ਲਗਾਂ ਕੰਨਾ, ਬਿਹਾਰੀ, ਲਾਂ-ਦੁਲਾਂ, ਹੋੜਾ, ਕਨੌੜਾ, ਅੱਧਕ, ਟਿੱਪੀ, ਦੁਲੈਂਕੜੇ ਮੰਨੇ ਜਾਂਦੇ ਹਨ ਜੋ ਇਕ ਸਾਕਿਨ ਅੱਖਰ ਦੇ ਬਰਾਬਰ ਵੀ ਮੰਨੇ ਜਾਂਦੇ ਹਨ। ਲਘੂ ਲਗਾਂ ਭਾਵ ਛੋਟੀਆਂ ਲਗਾਂ ਸਿਹਾਰੀ ਅਤੇ ਔਂਕੜ ਹੀ ਹਨ ਜੋ ਗਿਣਤੀ ਵਿਚ ਨਹੀਂ ਲਏ ਜਾਂਦੇ ਭਾਵ ਇਨ੍ਹਾਂ ਦਾ ਕੋਈ ਵਜ਼ਨ ਨਹੀਂ ਗਿਣਿਆ ਜਾਂਦਾ, ਪਰ ਜਿਸ ਅੱਖਰ ਨਾਲ਼ ਇਹ ਲੱਗੇ ਹੋਏ ਹੁੰਦੇ ਹਨ ਉਸ ਅੱਖਰ ਨੂੰ ਮੁਤਹਰਕ  ਦਾ ਦਰਜਾ ਜ਼ਰੂਰ ਦਿੰਦੇ ਹਨ। ਏਸੇ ਤਰ੍ਹਾਂ ਸਾਰੀਆਂ ਦੀਰਘ ਲਗਾਂ ਵੀ ਆਪਣੇ ਨਾਲ਼ ਜੁੜੇ ਅੱਖਰਾਂ ਨੂੰ ਮੁਤਹਰਕ ਦੀ ਦਰਜਾਬੰਦੀ ਵਿਚ ਲੈ ਆਉਂਦੀਆਂ ਹਨ ਅਤੇ ਆਪ ਇਕ ਸਾਕਿਨ ਜਾਂ ਲਘੂ ਅੱਖਰ ਦੇ ਬਰਾਬਰ ਹੋ ਜਾਂਦੀਆਂ ਹਨ। ਦਰਅਸਲ ਜਦੋਂ ਅਸੀਂ ਹਰਫ਼ ਗਿਰਨ ਦੀ ਗੱਲ ਕਰਦੇ ਹਾਂ ਤਾਂ ਉਦੋਂ ਇਹ ਦੀਰਘ ਲਗਾਂ ਹੀ ਹੁੰਦੀਆਂ ਹਨ ਜੋ ਗਿਰਾਈਆਂ ਜਾਂਦੀਆਂ ਹਨ ਅਤੇ ਗਿਣਤੀ ਵਿਚੋਂ ਖ਼ਾਰਜ ਕੀਤੀਆਂ ਜਾਂਦੀਆਂ ਹਨ। ਪੂਰਾ ਅੱਖਰ ਕੋਈ ਵੀ (ਊੜੇ, ਆੜੇ, ਈੜੀ ਅਤੇ ਹਾਹੇ ਤੋਂ ਬਿਨਾਂ) ਵਜ਼ਨੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ ਜੋ ਛੋਟ ਦੇ ਨਾਮ ਉਤੇ ਇਉਂ ਕਰਦੇ ਹਨ ਉਹ ਸਰਾਸਰ ਗ਼ਲਤ ਕਰਦੇ ਹਨ।

ਤਕਤੀਹ ਵੇਲ਼ੇ ਸਾਡੇ ਪੂਰਬਲੇ ਉਸਤਾਦ ਸਾਹਿਬਾਨ ਅੱਖਰ ਨਾਲੋਂ ਲਗ ਨੂੰ ਵੱਖ ਕਰਕੇ ਲਿਖ ਦਿੰਦੇ ਸਨ ਅਤੇ ਇਕੱਲੇ ਅੱਖਰ ਨੂੰ ਹੀ ਗਿਣਤੀ ਵਿਚ ਲੈਂਦੇ ਸਨ। ਇਸ ਤਰ੍ਹਾਂ ਕਰਨ ਨਾਲ਼ ਸ਼ਬਦ ਦਾ ਰੂਪ ਹੀ ਬਦਲ ਜਾਂਦਾ ਹੈ ਅਤੇ ਸਿੱਖਣ ਵਾਲੇ ਦੇ ਪੱਲੇ ਵੀ ਕੁਝ ਨਹੀਂ ਪੈਂਦਾ ਜਦਕਿ ਸਿਧਾਂਤ ਇਹ ਹੈ ਕਿ ਇਕ ਅੱਖਰ ਅਤੇ ਇਕ ਲਗ ਵਾਲ਼ੇ ਸ਼ਬਦ ਹੀ ਇਸ ਅਸੂਲ ਦੇ ਖੇਤਰ ਅਧੀਨ ਆਉਂਦੇ ਹਨ। ਇਸ ਤਰ੍ਹਾਂ ਦੇ ਹੇਠ ਲਿਖੇ ਸ਼ਬਦ ਹਨ ਜੋ ਲੋੜ ਪੈਣ ਉਤੇ ਦੋ ਮਾਤਰੇ ਅਤੇ ਇਕ ਮਾਤਰੇ ਵੀ ਬੰਨ੍ਹੇ ਭਾਵ ਨਜ਼ਮ ਕੀਤੇ ਜਾ ਸਕਦੇ ਹਨ। ਦੀਰਘ ਲਗਾਂ ਵਾਲ਼ੇ ਇਹ ਸ਼ਬਦ ਹਨ ਜਿਵੇਂ:- ਮੈਂ, ਤੂੰ, ਹੀ, ਸੀ, ਹੈ, ਨੂੰ, ਨੀ, ਇਹ, ਉਹ, ਤੇ, ਤੋਂ, ਸੌਂ, ਦਾ, ਦੇ, ਦੀ ਆਦਿ ਹੋਰ ਬਥੇਰੇ ਸ਼ਬਦ ਹਨ ਜਿਨ੍ਹਾਂ ਨਾਲ਼ ਕੋਈ ਦੀਰਘ ਲਗ ਲੱਗੀ ਹੋਵੇ ਇਸੇ ਸ਼ਰੇਣੀ ਅਧੀਨ ਆਉਂਦੇ ਹਨ ਪਰ ਇਨ੍ਹਾਂ ਨਾਲ਼ ਵੀ ਸਾਡੇ ਉਸਤਾਦਾਂ



ਨੇ ਇਕ ਸਿਧਾਂਤ ਜੋੜਿਆ ਹੋਇਆ ਹੈ ਕਿ ਉਪਰੋਕਤ ਸ਼ਬਦ ਜਾਂ ਇਸ ਵੰਨਗੀ ਅਧੀਨ ਆਉਂਦੇ ਹੋਏ ਸ਼ਬਦ ਓਦੋਂ ਹੀ ਇਕ ਮਾਤਰਾ ਦੇ ਤੌਰ 'ਤੇ ਗਿਣੇ ਜਾਣਗੇ ਜਦੋਂ ਇਹ ਸ਼ਬਦ ਕਿਸੇ ਸ਼ਿਅਰ ਜਾਂ ਮਿਸਰੇ ਦੇ ਸ਼ੁਰੂ ਵਿਚ ਜਾਂ ਵਿਚਾਲ਼ੇ ਆਉਣਗੇ, ਓਦੋਂ ਹੀ ਇਨ੍ਹਾਂ ਦੀ ਦੀਰਘ ਲਗ ਗਿਰਾ ਕੇ ਭਾਵ ਵਜ਼ਨੋਂ ਖ਼ਾਰਜ ਕਰਕੇ ਬਾਕੀ ਬਚਦੇ ਮੂਲ ਅੱਖਰ ਨੂੰ ਇਕ ਮਾਤਰਾ ਲਈ ਵਿਚਾਰਿਆ ਜਾਵੇਗਾ। ਜਦੋਂ ਇਹੀ ਸ਼ਬਦ ਕਿਸੇ ਸ਼ਿਅਰ ਜਾਂ ਮਿਸਰੇ ਦੇ ਅੰਤ ਉਤੇ ਆਉਂਦੇ ਹੋਣ ਤਾਂ ਹਰ ਹਾਲਤ ਵਿਚ ਦੋ ਮਾਤਰੇ ਹੀ ਗਿਣੇ ਜਾਣਗੇ। ਓਦੋਂ ਇਨ੍ਹਾਂ ਦੀ ਦੀਰਘ ਲਗ ਨਹੀਂ ਗਿਰਾਈ ਜਾ ਸਕਦੀ। ਇਸੇ ਅਸੂਲ ਨੂੰ ਸਾਫ਼ ਕਰਨ ਲਈ ਦੋ ਸ਼ਿਅਰ ਜਾਂ ਤੁਕਾਂ ਵੇਖੋ ਜਿਨ੍ਹਾਂ ਵਿਚ ਇਸ ਤਰ੍ਹਾਂ ਦੇ ਸ਼ਬਦ ਇਕ ਮਿਸਰੇ ਵਿਚ ਸ਼ੁਰੂ ਵਿਚ ਜਾਂ ਵਿਚਾਲ਼ੇ ਹਨ ਪਰ ਦੂਸਰੇ ਮਿਸਰੇ ਦੇ ਅੰਤ ਉਤੇ ਹਨ। ਇਹ ਸ਼ਿਅਰ ਬਹਿਰ ਹਜ਼ਜ਼ ਮੁਸੱਦਸ ਸਾਲਿਮ ਵਿਚ ਹਨ। ਮੁਸੱਦਸ ਇਸ ਲਈ ਕਿ ਹਰ ਮਿਸਰੇ ਵਿਚ ਤਿੰਨ ਰੁਕਨ ਹਨ ਅਤੇ ਸਾਲਮ ਇਸ ਲਈ ਕਿ ਇਨ੍ਹਾਂ ਰੁਕਨਾਂ ਉਤੇ ਕੋਈ ਵੀ ਜ਼ਿਹਾਫ਼ ਦਾ ਅਸੂਲ ਨਹੀਂ ਵਰਤਿਆ ਗਿਆ।

*ਮੈਂ ਜੀਵਨ ਦਾਅ 'ਤੇ ਲਾਇਆ ਸੀ, ਪਤਾ ਹੈ ਕਿਉਂ?*
*ਉਨ੍ਹੂੰ ਮੌਤੋਂ ਬਚਾਇਆ ਸੀ, ਪਤਾ ਹੈ ਕਿਉਂ?*
*ਹਵਾਲਾ ਆਪਣਾ ਦੇਣਾ ਸੀ, ਐਪਰ ਮੈਂ,*
*ਤੁਹਾਨੂੰ ਧਿਰ ਬਣਾਇਆ ਸੀ, ਪਤਾ ਹੈ ਕਿਉਂ?*

ਉਪਰੋਕਤ ਦੋਵੇਂ ਸ਼ਿਅਰ ਮੇਰੇ ਗ਼ਜ਼ਲ ਸੰਗਰਹਿ 'ਗੰਦਲ਼ਾਂ' ਵਿਚ ਛਪੀ ਗ਼ਜ਼ਲ ਦੇ ਪੰਨਾ-63 ਵਿਚੋਂ ਹਨ। ਗ਼ਜ਼ਲ ਦੇ ਮਤਲੇ ਵਾਲੇ ਦੋਹਾਂ ਮਿਸਰਿਆਂ ਵਿਚ ਇਕ ਅੱਖਰ ਅਤੇ ਇਕ ਦੀਰਘ ਲਗ ਵਾਲ਼ੇ ਛੇ ਸ਼ਬਦ ਆਏ ਹਨ ਅਤੇ ਮਤਲੇ ਤੋਂ ਅਗਲੇ ਸ਼ਿਅਰ ਵਿਚ ਚਾਰ ਸ਼ਬਦ ਇਸ ਤਰ੍ਹਾਂ ਦੇ ਆਏ ਹਨ। ਦੋਹਾਂ ਵਿਚ ਹੀ ਇੱਕੋ ਸ਼ਬਦ ਦੋ ਤਰ੍ਹਾਂ ਦੀ ਬੰਦਿਸ਼ ਵਿਚ ਹੈ। ਉਸਤਾਦਾਂ ਅਨੁਸਾਰ ਇੱਕੋ ਸ਼ਬਦ ਦੀ ਇੱਕੋ ਮਿਸਰੇ ਵਿਚ ਦੋ ਤਰ੍ਹਾਂ ਦੀ ਬੰਦਿਸ਼ ਦੋਸ਼ਪੂਰਨ ਹੁੰਦੀ ਹੈ। ਇਹ ਮੈਂ ਵੀ ਮੰਨਦਾ ਹੀ ਪਰ ਉਦੋਂ ਮੈਨੂੰ ਇਨ੍ਹਾਂ ਨੁਕਤਿਆਂ ਦਾ ਜ਼ਿਆਦਾ ਗਿਆਨ ਨਹੀਂ ਸੀ। ਇਹ ਸੰਗਰਹਿ ਛਪੇ ਨੂੰ ਅੱਜ ਵੀਹ ਕੁ ਸਾਲ ਹੋ ਚੁੱਕੇ ਹਨ। ਆਪਣੀ ਗ਼ਲਤੀ ਆਪ ਹੀ ਕੱਢਣੀ ਅਤੇ ਮੰਨਣੀ ਵੀ ਬਹਾਦੁਰੀ ਦਾ ਕੰਮ ਹੈ ਜੋ ਅੱਜ ਮੈਂ ਤਸਲੀਮ ਕਰਦਾ ਹਾਂ ਤਦੇ ਮੈਂ ਸ਼ੁਰੂ ਵਿਚ ਹੀ ਕਿਹਾ ਸੀ ਕਿ ਆਪਣੀਆਂ ਖ਼ੂਬੀਆਂ ਵੀ ਦੱਸਾਂਗਾ ਅਤੇ ਕਮੀਆਂ ਵੀ। ਖ਼ੈਰ ਆਪਾਂ ਮਾਤਰਾ ਗਿਰਾਉਣ ਦੀ ਗੱਲ ਕਰ ਰਹੇ ਸੀ। ਮਤਲੇ ਦੇ ਪਹਿਲੇ ਮਿਸਰੇ ਵਿਚ ਮੈਂ ਸ਼ਬਦ ਦੁਲਾਈਆਂ ਗਿਰਾ ਕੇ ਸ਼ੁਰੂ ਵਿਚ ਇਕ ਮਾਤਰਾ ਬੰਨ੍ਹਿਆ

ਹੈ। 'ਤੇ ਸ਼ਬਦ ਜੋ ਉੱਤੇ ਦੇ ਅਰਥਾਂ ਵਿਚ ਹੈ ਮਿਸਰੇ ਦੇ ਵਿਚਕਾਰ ਆ ਕੇ ਵੀ ਇਕ ਮਾਤਰਾ ਬੰਨ੍ਹਿਆ ਹੋਇਆ ਹੈ। ਸੀ ਅਤੇ ਹੈ ਦੋਵੇਂ ਸ਼ਬਦ ਦੋ-ਦੋ ਮਾਤਰੇ ਬੱਝੇ ਹੋਏ ਹਨ। ਮਤਲੇ ਦੇ ਦੂਜੇ ਮਿਸਰੇ ਵਿਚ ਸੀ ਅਤੇ ਹੈ ਸ਼ਬਦ ਫੇਰ ਦੋ-ਦੋ ਮਾਤਰੇ ਹੀ ਬੰਨ੍ਹੇ ਹੋਏ ਹਨ। ਸ਼ਿਅਰ ਦੇ ਪਹਿਲੇ ਮਿਸਰੇ ਵਿਚ ਸੀ ਸ਼ਬਦ ਇਕ ਮਾਤਰਾ ਅਤੇ ਮੈਂ ਸ਼ਬਦ ਮਿਸਰੇ ਦੇ ਅੰਤ ਉਤੇ ਦੋ ਮਾਤਰਾ ਬੱਝਾ ਹੈ ਜਦਕਿ ਇਹੀ ਮੈਂ ਸ਼ਬਦ ਮਤਲੇ ਦੇ ਸ਼ੁਰੂ ਵਿਚ ਇਕ ਮਾਤਰਾ ਹੀ ਹੈ। ਸ਼ਿਅਰ ਦੇ ਦੂਜੇ ਮਿਸਰੇ ਵਿਚ ਫੇਰ ਸੀ ਅਤੇ ਹੈ ਸ਼ਬਦ ਦੋਵੇਂ ਹੀ ਦੋ ਮਾਤਰੇ ਬੱਝੇ ਹਨ। ਇਨ੍ਹਾਂ ਦੀ ਤਕਤੀਹ ਜਾਂ ਪੜਤਾਲ ਵੇਖੋ:-

*ਮੈਂ ਜੀਵਨ ਦਾਅ 'ਤੇ ਲਾਇਆ ਸੀ, ਪਤਾ ਹੈ ਕਿਉਂ?*
*I S S  S  I S S  S  I S S S*
*ਉਨ੍ਹੂੰ ਮੌਤੋਂ ਬਚਾਇਆ ਸੀ, ਪਤਾ ਹੈ ਕਿਉਂ?*
*I S S S  I S S S  I S S S*
*ਹਵਾਲਾ ਆਪਣਾ ਦੇਣਾ ਸੀ, ਐਪਰ ਮੈਂ,*
*I S S  S  I S S S  I S S S*
*ਤੁਹਾਨੂੰ ਧਿਰ ਬਣਾਇਆ ਸੀ, ਪਤਾ ਹੈ ਕਿਉਂ?*
*I S S  S  I S S S  I S S S*

ਮਤਲੇ ਦੇ ਪਹਿਲੇ ਮਿਸਰੇ ਵਿਚ ਦਾਅ ਸ਼ਬਦ ਦਾ ਆੜਾ ਵੀ ਗਿਣਤੀ ਵਿਚ ਨਹੀਂ ਆਇਆ ਕਿਉਂਕਿ ਉਹ ਆਪਣੇ ਤੋਂ ਪਹਿਲੇ ਕੰਨੇ ਨਾਲ਼ ਮਿਲ਼ ਕੇ ਭਾਵ ਵਾਸਲ ਹੋ ਕੇ ਆਪਣੀ ਹੋਂਦ ਗੁਆ ਬੈਠਾ ਹੈ। ਲਾਇਆ ਸ਼ਬਦ ਦੀ ਸਿਹਾਰੀ ਅਤੇ ਈੜੀ ਅਤੇ ਬਚਾਇਆ ਸ਼ਬਦ ਦੀ ਸਿਹਾਰੀ ਅਤੇ ਈੜੀ ਵੀ ਇਸੇ ਵਾਸਲ ਹੋਣ ਦੇ ਸਿਧਾਂਤ ਅਧੀਨ ਆਪਣੀ ਵੱਖਰੀ ਹੋਂਦ ਗੁਆ ਗਈਆਂ। ਸੋ ਗੱਲ ਸਾਫ਼ ਹੈ ਕਿ ਸ਼ਿਅਰ ਦੀ ਲੋੜ ਅਨੁਸਾਰ ਬਹਿਰ ਜਾਂ ਵਜ਼ਨ ਠੀਕ ਰੱਖਣ ਲਈ ਇਕ ਅੱਖਰ ਅਤੇ ਇਕ ਦੀਰਘ ਲਗ ਵਾਲੇ ਸ਼ਬਦਾਂ ਨੂੰ ਇਕ ਜਾਂ ਦੋ ਮਾਤਰੇ ਬੰਨ੍ਹਿਆ ਜਾ ਸਕਦਾ ਹੈ ਪਰ ਯਾਦ ਰੱਖੋ ਇਸ ਤਰ੍ਹਾਂ ਦੇ ਦੋ ਮਾਤਰੇ ਸ਼ਬਦ ਮਿਸਰੇ ਦੇ ਸ਼ੁਰੂ ਜਾਂ ਵਿਚਾਲ਼ੇ ਹੀ ਇਕ ਮਾਤੇਰ ਹੋ ਸਕਦੇ ਹਨ, ਮਿਸਰੇ ਦੇ ਅਖ਼ੀਰ ਉਤੇ ਹਰ ਹਾਲਤ ਵਿਚ ਇਹ ਸ਼ਬਦ ਦੋ ਮਾਤਰੇ ਹੀ ਹੋਣਗੇ। ਇਕੋ ਸ਼ਬਦ ਦੇ ਇਕੋ ਮਿਸਰੇ ਵਿਚ ਦੋ ਵਜ਼ਨਾਂ ਉਤੇ ਬੰਨ੍ਹਣ ਬਾਰੇ ਗ਼ਜ਼ਲ ਦੇ ਗੁਣ ਅਤੇ ਦੋਸ਼ਾਂ ਵਾਲ਼ੇ ਕਾਂਡ ਵਿਚ ਖੁੱਲ੍ਹ ਕੇ ਗੱਲ ਕਰਾਂਗੇ। ਰਹੀ ਗੱਲ ਹਰਫ਼ ਦੇ ਦਬਣ ਦੀ ਗੱਲ। ਕਈ ਸ਼ਬਦਾਂ ਵਿਚ ਸ਼ਬਦ ਦੇ ਵਿਚਾਲ਼ੇ ਜਦੋਂ ਦੀਰਘ ਲਗ ਬਿਹਾਰੀ ਆਉਂਦੀ ਹੈ ਤਾਂ ਉਹ ਕੋਈ ਜ਼ੋਰ ਆਪਣੇ ਤੋਂ ਪਹਿਲੇ ਅੱਖਰ



ਉਪਰ ਨਹੀਂ ਪਾਉਂਦੀ। ਇਸ ਹਾਲਤ ਵਿਚ ਉਸ ਬਿਹਾਰੀ ਨੂੰ ਸਿਹਾਰੀ ਵਿਚ ਬਦਲ ਕੇ ਤਕਤੀਹ ਕੀਤੀ ਜਾਂਦੀ ਹੈ। ਸਿਹਾਰੀ ਵਿਚ ਬਦਲਣ ਨਾਲ਼ ਬਿਹਾਰੀ ਦੀ ਮਾਤਰਾ ਘਟ ਜਾਂਦੀ ਹੈ ਅਤੇ ਸ਼ਬਦ ਦਾ ਵਜ਼ਨ ਬਦਲ ਜਾਂਦਾ ਹੈ ਜਿਵੇਂ ਅੱਖੀਆਂ ਸ਼ਬਦ ਵਿਚ ਖੱਖੇ ਨੂੰ ਲੱਗੀ ਬਿਹਾਰੀ, ਸਿਹਾਰੀ ਵਿਚ ਬਦਲ ਕੇ ਇਕ ਮਾਤਰਾ ਘਟਾ ਗਈ ਹੈ। ਤਕਦੀਹ ਵੇਖੋ:-

ਅੱਖੀਆਂ

S-S-S

ਪਰ ਬਿਹਾਰੀ ਦੇ ਸਿਹਾਰੀ ਵਿਚ ਬਦਲਣ ਕਾਰਨ ਇਹ ਤਕਤੀਹ ਇਉਂ ਹੋ ਜਾਵੇਗੀ:-

ਅੱਖਿਆਂ

S-I-S

ਪਹਿਲਾਂ ਅੱਖੀਆਂ ਦਾ ਵਜ਼ਨ ਮਫ਼ਊਲਨ ਦੇ ਬਰਾਬਰ ਸੀ ਪਰ ਬਿਹਾਰੀ ਦੇ ਸਿਹਾਰੀ ਵਿਚ ਬਦਲਣ ਨਾਲ਼ ਖੱਖਾ ਇਕੱਲਾ ਰਹਿ ਗਿਆ ਅਤੇ ਉਸਦੀ ਮਾਤਰਾ ਵੀ ਇਕ ਯਾਨੀ ਆਈ (I) ਦੇ ਬਰਾਬਰ ਹੋ ਗਈ ਅਤੇ ਹੁਣ ਵਜ਼ਨ ਫ਼ਾਇਲੁਨ ਦੇ ਬਰਾਬਰ ਹੋ ਗਿਆ ਹੈ। ਇਸ ਤਰ੍ਹਾਂ ਦੇ ਅਨੇਕਾਂ ਹੀ ਸ਼ਬਦ ਹਨ ਜਿਨ੍ਹਾਂ ਵਿਚ ਬਿਹਾਰੀ ਜ਼ੋਰ ਨਹੀਂ ਪਾਉਂਦੀ ਅਤੇ ਸਿਹਾਰੀ ਵਿਚ ਬਦਲ ਕੇ ਸ਼ਬਦ ਦਾ ਵਜ਼ਨ ਘਟਾ ਦਿੰਦੀ ਹੈ। ਇਸੇ ਨੂੰ ਹਰਫ਼ ਦਾ ਦਬਵਾ ਕਹਿੰਦੇ ਹਨ। ਇਸ ਵਿਚ ਅਸੂਲ ਇਹ ਹੈ ਕਿ ਜੋ ਹਰਫ਼ ਦਬਿਆ ਹੈ ਉਹ ਉਚਾਰਣ ਵਿਚ ਨਾ ਆਵੇ ਭਾਵ ਸ਼ਬਦ ਇੰਨੀ ਜਲਦੀ ਅਤੇ ਸਫ਼ਾਈ ਨਾਲ਼ ਉਚਾਰਿਆ ਜਾਵੇ ਕਿ ਸਰੋਤੇ ਨੂੰ ਪਤਾ ਹੀ ਨਾ ਲੱਗੇ।

# ਕਾਂਡ-5 - ੳ
# ਸ਼ਿਅਰ ਦੀ ਤਕਤੀਹ ਜਾਂ ਪੜਤਾਲ਼ ਕਰਨੀ:

ਵੈਸੇ ਤਾਂ ਮੈਂ ਪਿਛਲੇ ਕਈ ਕਾਂਡਾਂ ਵਿਚ ਹੋਰ ਗੱਲਾਂ ਤੁਹਾਡੇ ਨਾਲ਼ ਸਾਂਝੀਆਂ ਕਰਦੇ ਸਮੇਂ ਕਈ ਸ਼ਿਅਰਾਂ ਦੀ ਤਕਤੀਹ ਜਾਂ ਪੜਤਾਲ਼ ਕਰ ਆਇਆ ਹਾਂ ਪਰ ਹਥਲੇ ਕਾਂਡ ਵਿਚ ਵਿਸਥਾਰ ਨਾਲ਼ ਤੁਹਾਨੂੰ ਸਮਝਾਇਆ ਜਾਵੇਗਾ। ਸਾਡੇ ਉਸਤਾਦਾਂ ਨੇ ਜੋ ਤਰੀਕਾ ਸ਼ਿਅਰ ਦੀ ਤਕਤੀਹ ਜਾਂ ਪੜਤਾਲ਼ ਕਰਨ ਦਾ ਅਪਣਾਇਆ ਹੈ ਉਹ ਕਾਫ਼ੀ ਅਕਾਊ ਅਤੇ ਗ਼ੌਰ-ਦਿਲਚਸਪ ਹੈ। ਦਰਅਸਲ ਉਨ੍ਹਾਂ ਦਾ ਇਹ ਤਰੀਕਾ ਅਰਬੀ/ਫ਼ਾਰਸੀ ਦੀ ਤਕਨੀਕ ਉਪਰ ਅਧਾਰਿਤ ਹੈ ਜਿਸ ਨਾਲ਼ ਉਹ ਸਬੰਧਿਤ ਸ਼ਬਦ ਦੀਆਂ ਲਗਾਂ-ਮਾਤਰਾਂ ਨਾਲ਼ ਅਜੇਹਾ ਅਣਮਨੁੱਖੀ ਵਤੀਰਾ ਅਪਣਾਉਂਦੇ ਹਨ ਕਿ ਸ਼ਬਦ ਦੇ ਲਗਾਂ ਰੂਪੀ ਸਾਰੇ ਕਪੜੇ ਉਤਾਰ ਕੇ ਸ਼ਬਦ ਨੂੰ ਇਕਦਮ ਨੰਗਾ ਹੀ ਕਰ ਦਿੰਦੇ ਹਨ ਅਤੇ ਸਿਖਿਆਰਥੀ ਵਿਚਾਰਾ ਭੌਂਚੱਕਾ ਜਿਹਾ ਰਹਿ ਜਾਂਦਾ ਹੈ। ਅਸੀਂ ਗ਼ਜ਼ਲ ਪੰਜਾਬੀ ਵਿਚ ਕਹਿਣੀ/ਲਿਖਣੀ ਹੈ, ਪੰਜਾਬੀ ਸ਼ਬਦਾਂ ਨਾਲ਼ ਕਹਿਣੀ ਹੈ ਅਤੇ ਪੰਜਾਬੀ ਲੋਕਾਂ ਲਈ ਹੀ ਕਹਿਣੀ ਹੈ, ਫੇਰ ਕਿਉਂ ਨਾ ਸਿੱਧਾ-ਸਾਦਾ ਪੰਜਾਬੀ ਤਰੀਕਾ ਅਪਣਾਇਆ ਜਾਵੇ? ਤਕਤੀਹ ਕਰਨ ਵੇਲੇ ਉਹ ਹੀ ਸ਼ਬਦ ਜੋ ਸਿਰਫ਼ ਇਕ ਅੱਖਰ ਅਤੇ ਇਕ ਦੀਰਘ ਲਗ ਉਪਰ ਅਧਾਰਿਤ ਹਨ ਉਹ ਹੀ ਸ਼ਾਇਰ ਨੂੰ ਦੋਚਿੱਤੀ ਵਿਚ ਪਾਉਂਦੇ ਹਨ ਪਰ ਜਦੋਂ ਇਹ ਗੱਲ ਸਾਫ਼ ਹੈ ਕਿ ਇਸ ਤਰ੍ਹਾਂ ਦੇ ਸ਼ਬਦ ਲੋੜ ਪੈਣ ਉਪਰ ਇਕ ਜਾਂ ਦੋ ਮਾਤਰੇ ਬੰਨ੍ਹੇ ਜਾ ਸਕਦੇ ਹਨ ਫੇਰ ਕਿਉਂ ਇਨ੍ਹਾਂ ਵਿਚਾਰੇ ਸ਼ਬਦਾਂ ਨੂੰ ਨੰਗ-ਧੜੰਗ ਕਰਕੇ ਹਾਸੋ ਹੀਣੀ ਸਥਿਤੀ ਵਿਚ ਲਿਆਈਏ? ਪਿੱਛੇ ਮੈਂ ਤੁਹਾਨੂੰ ਕਿਸੇ ਕਾਂਡ ਵਿਚ ਸ਼ਬਦਾਂ ਦੇ ਟੁਕੜੇ ਕਰਨੇ ਦੱਸੇ ਸਨ ਅਤੇ ਰੁਕਨਾ ਦੇ ਵੀ ਟੁਕੜੇ ਕਰ ਕੇ ਵਿਖਾਏ ਸਨ। ਬੜੀ ਸਾਫ਼ ਗੱਲ ਹੈ ਕਿ ਤਕਤੀਹ ਕਰਦੇ ਸਮੇਂ ਇਕ ਦੇ ਥੱਲੇ ਇਕ ਅਤੇ ਦੋ ਦੇ ਥੱਲੇ ਦੋ ਹੀ ਆਉਣਾ ਚਾਹੀਦਾ ਹੈ। ਆਪਾਂ ਇਉਂ ਵੀ ਕਹਿ ਸਕਦੇ ਹਾਂ ਕਿ ਦੋ ਅੱਖਰੀ ਟੁਕੜੇ ਦੇ ਥੱਲੇ ਦੋ ਅੱਖਰੀ ਟੁਕੜੀ ਅਤੇ ਤਿੰਨ ਅੱਖਰੀ ਟੁਕੜੀ ਦੇ ਥੱਲੇ ਤਿੰਨ ਅੱਖਰੀ ਹੀ ਹਰ ਮਿਸਰੇ ਜਾਂ ਤੁਕ ਵਿਚ ਆਵੇ। ਕਈ ਵਾਰ ਸਾਨੂੰ ਤਿੰਨ ਅੱਖਰੀ ਟੁਕੜੀ ਜੜੁੱਤ ਰੂਪ ਵਿਚ ਨਹੀਂ ਮਿਲਦੀ, ਉਸ ਦਾ ਹੱਲ ਇਹ ਹੈ ਕਿ ਕਿਸੇ ਦੋ ਅੱਖਰੀ ਟੁਕੜੀ ਦੇ ਨਾਲ਼



ਇਕ ਹੋਰ ਦੋ ਅੱਖਰੀ ਟੁਕੜੀ ਲਿਖ ਲਵੋ ਅਤੇ ਦੂਜੀ ਜਾਂ ਪਹਿਲੀ ਟੁਕੜੀ ਦੀ ਮਾਤਰਾ ਗਿਰਾ ਕੇ ਉਸ ਸ਼ਬਦ ਨੂੰ ਇਕ ਮਾਤਰਾ ਗਿਣ ਲਵੋ। ਇਸ ਵਿਚ ਸ਼ਰਤ ਏਹੀ ਹੈ ਕਿ ਜਿਹੜੀ ਦੋ ਅੱਖਰੀ ਟੁਕੜੀ ਨੂੰ ਇਕ ਮਾਤਰੀ ਬਣਾਉਣਾ ਹੈ ਉਸ ਦੋ ਅੱਖਰੀ ਟੁਕੜੀ ਵਿਚ ਹਰ ਹਾਲਤ ਵਿਚ ਇਕ ਦੀਰਘ ਲਗ ਲੱਗੀ ਹੋਈ ਹੋਵੇ ਤਾਂ ਕਿ ਉਸ ਲਗ ਨੂੰ ਗਿਣਤੀ ਤੋਂ ਖ਼ਾਰਜ ਕਰਕੇ ਅਸੀਂ ਇਕ ਤਿੰਨ ਅੱਖਰੀ ਟੁਕੜੀ ਸਿਰਜ ਸਕੀਏ। ਪਿੱਛੇ ਤੁਹਾਨੂੰ ਦੱਸ ਆਏ ਹਾਂ ਕਿ ਦੋ ਅੱਖਰੀ ਟੁਕੜੀ ਦੋ ਮੁਕਤੇ ਅੱਖਰਾਂ ਉਪਰ ਅਧਾਰਿਤ ਨਾ ਹੋਵੇ ਕਿਉਂਕਿ ਮੁਕਤਾ ਅੱਖਰ ਗਿਰਾਇਆ ਨਹੀਂ ਜਾ ਸਕਦਾ। ਜਦ ਕਿ ਦੀਰਘ ਲਗ ਅਰਾਮ ਨਾਲ਼ ਗਿਰਾਈ ਜਾ ਸਕਦੀ ਹੈ। ਜੋ ਮੁਕਤੇ ਅੱਖਰ ਨੂੰ ਗਿਰਾਉਂਦੇ ਹਨ ਉਹ ਉਸਤਾਦਾਂ ਦੇ ਬਣਾਏ ਹੋਏ ਅਸੂਲ ਤੋੜਦੇ ਹਨ ਅਤੇ ਉਨ੍ਹਾਂ ਦਾ ਸ਼ਿਅਰ ਸਾਫ਼, ਫ਼ਸੀਹ ਅਤੇ ਬਿਨਾਂ ਸਕਤੇ ਤੋਂ ਨਹੀਂ ਹੋ ਸਕਦਾ। ਹੇਠਾਂ ਆਪਾਂ ਸਿਰਫ਼ ਇਕ-ਦੋ ਸ਼ਿਅਰਾਂ ਨਾਲ਼ ਹੀ ਆਪਣੀ ਗੱਲ ਸਾਫ਼ ਕਰਾਂਗੇ, ਖ਼ਿਲਾਰਾ ਨਹੀਂ ਪਾਵਾਂਗੇ। ਆਓ! ਪੰਜਾਬੀ ਤਰੀਕੇ ਨਾਲ਼ ਕਿਸੇ ਸ਼ਿਅਰ ਦੀ ਤਕਤੀਹ ਜਾਂ ਪੜਤਾਲ਼ ਕਰੀਏ ਕਿ ਇਹ ਵਜ਼ਨ ਵਿਚ ਹੈ ਜਾਂ ਨਹੀਂ।

1. ਪੇਸ਼ ਚੰਗਾ ਵਕੀਲ ਕਰੇ।
   ਕਾਟ ਤਾਂ ਹੀ ਦਲੀਲ ਕਰੇ।
2. ਉਸਦੇ ਹਾਸੇ 'ਤੇ ਸੋਗ ਕਰੋ,
   ਹੱਸ ਕੇ ਜੋ ਜ਼ਲੀਲ ਕਰੇ।

ਇਹ ਉਪਰੋਕਤ ਦੋਵੇਂ ਸ਼ਿਅਰ ਮੇਰੇ ਸੰਨ 2000 ਵਿਚ ਛਪੇ ਗ਼ਜ਼ਲ ਸੰਗਰਹਿ 'ਕਿਰਚਾਂ' ਵਿਚ ਸਫ਼ਾ-15 ਉੱਪਰ ਛਪੀ ਗ਼ਜ਼ਲ ਵਿੱਚੋਂ ਹਨ। ਇਸ ਦੀ ਬਹਿਰ ਮੁਸ਼ਾਕਿਲ ਮੁਸੱਦਸ ਅਹਤਮ, ਮਜ਼ਬੂਬ ਹੈ। ਮੁਸੱਦਸ ਇਸ ਲਈ ਹੈ ਕਿ ਇਹ ਛੇ ਰੁਕਨੀ ਹੈ। ਛੇ ਕੋਈ ਚੀਜ਼ ਨੂੰ ਅਰਬੀ ਵਿਚ ਮੁਸੱਦਸ ਕਿਹਾ ਜਾਂਦਾ ਹੈ। ਇਸ ਦੇ ਤਿੰਨੇ ਪੂਰੇ ਰੁਕਨਾ ਦੇ ਨਾਮ ਹਨ:-

| ਫ਼ਾਇਲਾਤੁਨ | ਮੁਫ਼ਾਈਲੁਨ | ਮੁਫ਼ਾਈਲੁਨ |
|---|---|---|
| S I S S | I S S S | I S S S |

ਇਸ ਸ਼ਿਅਰ ਵਿਚ ਇਸ ਦਾ ਪਹਿਲਾ ਰੁਕਨ ਫ਼ਾਇਲਾਤੁਨ ਪੂਰਾ ਹੈ ਇਸ ਉਤੇ ਕੋਈ ਜ਼ਿਹਾਫ਼ ਨਹੀਂ ਲਾਗੂ ਹੋਇਆ। ਦੂਸਰੇ ਰੁਕਨ ਮੁਫ਼ਾਈਲੁਨ ਉਪਰ ਹਤਮ ਜ਼ਿਹਾਫ਼ ਲੱਗਾ ਹੈ ਜਿਸ ਨੇ ਮੁਫ਼ਾਈਲੁਨ ਨੂੰ ਕਾਂਟ-ਛਾਂਟ ਕੇ ਫ਼ਊਲ ਰਹਿਣ ਦਿੱਤਾ ਹੈ ਅਤੇ ਤੀਸਰੇ ਰੁਕਨ ਮੁਫ਼ਾਈਲੁਨ ਉੱਪਰ ਵੀ ਜਬ ਜ਼ਿਹਾਫ਼ ਲੱਗਾ ਹੈ ਅਤੇ ਇਸ ਜ਼ਿਹਾਫ਼ ਨੇ ਇਸ ਮੁਫ਼ਾਈਲੁਨ ਰੁਕਨ ਨੂੰ ਕਾਂਟ-ਛਾਂਟ ਕੇ ਫ਼ਿਅਲ ਬਣਾ ਦਿੱਤਾ ਹੈ। ਸੋ ਇਸ ਗ਼ਜ਼ਲ ਦੇ ਕਾਂਟ-ਛਾਂਟ ਤੋਂ ਪਿਛੋਂ ਬਾਕੀ ਬਚੇ ਰੁਕਨਾਂ ਦਾ ਨਾਮ ਹੈ:-

ਫ਼ਾਇਲਾਤੁਨ ਫ਼ਊਲ ਫ਼ਿਅਲ
S I S S I S I I S

ਫ਼ਾਇਲਾਤੁਨ ਤਾਂ ਪੂਰਾ ਰੁਕਨ ਹੈ ਉਸ ਵਾਰੇ ਦੱਸਣ ਦੀ ਲੋੜ ਨਹੀਂ, ਪਰ ਦੂਸਰੇ ਦੋਵੇਂ ਕਾਂਟੇ-ਛਾਂਟੇ ਹੋਏ ਮੌਜੂਦਾ ਰੂਪ ਵਿਚ ਰੁਕਨ ਤੁਹਾਡੇ ਧਿਆਨ ਦੀ ਮੰਗ ਕਰਦੇ ਹਨ। ਫ਼ਊਲ ਵਿਚ ਪਹਿਲਾਂ ਫ਼ਊ ਦੇ ਰੂਪ ਵਿਚ ਤਿੰਨ ਅੱਖਰੀ ਟੁਕੜੀ ਵਕੀਲ ਵਤਦ ਮਜਮੂਅ ਹੈ ਜੋ I S ਦੇ ਬਰਾਬਰ ਹੈ ਇਸ ਦੇ ਪਹਿਲੇ ਦੋਵੇਂ ਅੱਖਰ ਮੁਤਹਰਕ ਹਨ ਅਤੇ ਆਖ਼ਰੀ ਅੱਖਰ ਸਾਕਿਨ ਹੈ, ਫੇਰ ਲੱਲਾ ਇਕੱਲਾ ਇਕ ਲਘੂ ਅੱਖਰ ਯਾਨੀ ਮੁਤਹਰਕ ਅੱਖਰ ਦੇ ਰੂਪ ਵਿਚ ਹਾਜ਼ਿਰ ਹੈ। ਤੀਸਰਾ ਰੁਕਨ ਫ਼ਿਅਲ ਵਿਚ ਵੀ ਪਹਿਲਾਂ ਇਕੱਲਾ ਫ਼ਿ ਮੁਤਹਰਕ ਦੇ ਰੂਪ ਵਿਚ ਹੈ ਅਤੇ ਫੇਰ ਅਲ ਦੇ ਰੂਪ ਵਿਚ ਇਕ ਸਬੱਬ ਖ਼ਫ਼ੀਫ਼ ਹੈ। ਤੁਹਾਨੂੰ ਪਤਾ ਹੀ ਹੈ ਕਿ ਇਕ ਸਬੱਬ ਖ਼ਫੀਫ਼ ਵਿਚ ਦੋ ਅੱਖਰ ਹੁੰਦੇ ਹਨ, ਪਹਿਲਾਂ ਭਾਰਾ ਯਾਨੀ ਮੁਤਹਰਕ ਦੇ ਰੂਪ ਵਿਚ ਅਤੇ ਦੂਜਾ ਸਾਕਿਨ ਦੇ ਰੂਪ ਵਿਚ ਹੁੰਦਾ ਹੈ। ਤੁਸੀਂ ਇਨ੍ਹਾਂ ਰੁਕਨਾ ਨੂੰ ਪੰਜਾਬੀ ਵਿਚ ਲਿਖੇ ਹੋਏ ਰੁਕਨਾ ਦੇ ਥੱਲੇ ਅੰਗਰੇਜ਼ੀ ਸ਼ਬਦ-ਚਿੰਨ (I+S) ਆਈ ਅਤੇ ਐੱਸ ਨਾਲ਼ ਵੀ ਮੇਚ ਕੇ ਸਮਝ ਸਕਦੇ ਹੋ। ਏਥੋਂ ਤੀਕ ਤਾਂ ਸੀ ਇਨ੍ਹਾਂ ਰੁਕਨਾ ਦੀ ਕਾਂਟ-ਛਾਂਟ ਅਤੇ ਮੌਜੂਦਾ ਰੂਪ ਵਿਚ ਆਉਣ ਦੀ ਕਹਾਣੀ। ਹੁਣ ਕਰੀਦੇ ਇਨ੍ਹਾਂ ਸ਼ਿਅਰਾਂ ਨੂੰ ਤਕਤੀਹ ਰੂਪੀ ਤਰਕੀਬ ਦੇ ਹਵਾਲੇ। ਆਪਾਂ ਇਨ੍ਹਾਂ ਸ਼ਿਅਰਾਂ ਨੂੰ ਦੁਬਾਰਾ ਲਿਖਾਂਗੇ:-

ਪੇਸ਼ ਚੰਗਾ ਵਕੀਲ ਕਰੇ।
SISS IS I S

ਪੇਸ਼ ਸ਼ਬਦ ਵਿਚ ਉੱਪਰ ਲਿਖੇ ਅਨੁਸਾਰ ਤਿੰਨ ਮਾਤਰਾ ਹਨ ਪਹਿਲਾਂ ਪੇ ਇਕ ਸਬੱਬ ਖ਼ਫ਼ੀਫ਼ ਦੇ ਬਰਾਬਰ ਹੈ ਅਤੇ ਇਸ ਵਿਚ ਪੱਪਾ ਅਤੇ ਲਾਂ ਦੋ ਮਾਤਰਾ ਹਨ। ਪੱਪਾ ਮੁਤਹਰਕ ਯਾਨੀ ਭਾਰਾ ਅੱਖਰ ਹੈ ਇਸ ਉੱਪਰ ਲੱਗੀ ਲਾਂ ਇਕ ਸਾਕਿਨ ਅੱਖਰ ਯਾਨੀ ਹੌਲ਼ੇ ਅੱਖਰ ਦੇ ਬਰਾਬਰ ਹੈ। ਇਸੇ ਤਿੰਨ ਅੱਖਰੀ ਟੁਕੜੀ ਵਿਚ ਫੇਰ ਸ਼ੱਸ਼ਾ (ਸ਼) ਅੱਖਰ ਹੈ ਜੋ ਕਿ ਇਕ ਮੁਤਹਰਕ ਅੱਖਰ ਦੇ ਬਰਾਬਰ ਹੈ। ਫੇਰ ਚੱਚੇ ਉੱਪਰ ਟਿੱਪੀ ਜੋ ਇਖ ਸਬੱਬ ਖ਼ਫ਼ੀਫ਼ ਦੇ ਬਰਾਬਰ ਹੈ ਅਤੇ ਇਹ ਸ਼ਾਂ ਦੇ ਮਿਲ ਕੇ ਤਿੰਨ ਅੱਖਰੀ ਟੁਕੜੀ ਵਤਦ ਮਜਮੂਅ ਬਣਾਉਂਦੇ ਹਨ। ਫੇਰ ਗੱਗੇ ਨਾਲ਼ ਲੱਗਾ ਕੰਨਾ ਵੀ ਇਕ ਸਬੱਬ ਖ਼ਫ਼ੀਫ਼ ਦੇ ਬਰਾਬਰ ਹਨ। ਪੇਸ਼ ਚੰਗਾ ਤੀਕ ਇਕ ਰੁਕਨ ਫ਼ਾਇਲਤੁਨ ਪੂਰਾ ਹੋ ਗਿਆ ਹੈ।

ਅਗਲੇ ਰੁਕਨ ਫ਼ਾਊਲ ਵਿਚ ਪਹਿਲਾਂ ਫ਼ਊ ਦੇ ਰੂਪ ਵਿਚ ਤਿੰਨ ਅੱਖਰੀ ਟੁਕੜੀ ਵਤਦ ਮਜਮੂਅ ਹੈ ਜੋ (I S) ਦੇ ਬਰਾਬਰ ਹੈ। ਹੋਰ ਸਾਫ਼ ਕਰੀਏ ਵਕੀਲ ਸ਼ਬਦ ਦਾ ਵਾਵਾ ਅੱਖਰ ਆਈ (I) ਦੇ ਬਰਾਬਰ ਹੈ ਕੱਕਾ ਅਤੇ ਉਸ ਨੂੰ ਲੱਗੀ



ਬਿਹਾਰੀ ਐੱਸ (S) ਦੇ ਬਰਾਬਰ ਹਨ। ਫੇਰ ਲੱਲਾ ਇਕੱਲਾ ਹੀ ਆਈ ਦੇ ਬਰਾਬਰ ਹੈ ਜੋ ਮੁਤਹਰਕ ਵੀ ਹੈ। ਇਸ ਤੋਂ ਅਗਲਾ ਰਕਨ ਫ਼ਿਅਲ ਹੈ ਫ਼ਿ ਇੱਲਾ ਫੇਰ ਆਈ ਦੇ ਬਰਾਬਰ ਹੈ ਅਤੇ ਆੜਾ ਅਤੇ ਲੱਲਾ ਇਕੱਠੇ ਹੋ ਕੇ ਐੱਸ (S) ਦੇ ਬਰਾਬਰ ਹਨ।

ਕਾਟ ਤਾਂ ਹੀ ਦਲੀਲ ਕਰੇ।
S I S S I S I I S

ਇਹ ਮਿਸਰਾ ਵੀ ਉਪਰੋਕਤ ਤਕਤੀਹ ਅਨੁਸਾਰ ਹੀ ਹੋਵੇਗਾ। ਵਿਸਥਾਰ ਦੇ ਡਰੋਂ ਖ਼ਿਲਾਰਾ ਨਹੀਂ ਪਾਇਆ। ਇਸ ਮਤਲੇ ਦੀ ਏਹੀ ਖ਼ਾਸੀਅਤ ਹੈ ਕਿ ਇਸ ਪੂਰੇ ਮਤਲੇ ਵਿਚ ਕੋਈ ਵੀ ਲਗ ਗਿਰਾਈ ਨਹੀਂ ਗਈ। ਅਗਲੇ ਸ਼ਿਅਰ ਦਾ ਪਹਿਲਾ ਮਿਸਰਾ ਇਉਂ ਹੈ:-

*ਉਸਦੇ ਹਾਸੇ 'ਤੇ ਸੋਗ ਕਰੋ।*
*S I S S I S I I S*

ਉਸਦੇ ਸ਼ਬਦ ਵਿਚ ਦੱਦੇ ਦੀ ਲਾਂ ਗਿਰਾ ਕਿ ਦੱਦੇ ਨੂੰ ਇਕ ਲਘੂ ਯਾਨੀ ਮੁਤਹਰਕ ਅੱਖਰ ਦੇ ਬਰਾਬਰ ਕਰ ਲਿਆ ਗਿਆ ਹੈ ਜਿਸ ਨਾਲ਼ ਹਾ ਹਾ ਰਲ਼ ਕੇ ਆਈ+ਐਸ (I+S) ਦੇ ਬਰਾਬਰ ਹੋ ਗਏ। ਹਾਸੇ ਦਾ ਹੁ ਬਰਾਬਰ ਸੱਬਬ ਖ਼ਫ਼ੀਫ ਹੈ ਅਤੇ ਸੇ ਫੇਰ ਇਕ ਸਬੱਬ-ਖ਼ਫ਼ੀਫ ਦੇ ਹੀ ਬਰਾਬਰ ਹੈ। ਉਸਦੇ ਹਾਸੇ ਤੀਕ ਇਕ ਫ਼ਾਇਲਾਤੁਨ ਰੁਕਨ ਪੂਰਾ ਹੋ ਗਿਆ ਹੈ। ਅੱਗੇ 'ਤੇ ਸ਼ਬਦ ਦੀ ਲਾਂ ਗਿਰਾ ਕੇ ਇਕ ਮੁਤਹਰਕ ਅੱਖਰ ਵਿਚ ਬਦਲ ਗਿਆ ਹੈ ਅਤੇ ਸੋਗ ਦਾ ਜੋ ਸ਼ਬਦ 'ਤੇ ਨਾਲ਼ ਮਿਲ਼ ਕੇ ਇਕ ਤਿੰਨ ਅੱਖਰੀ ਟੁਕੜੀ ਵਤਦ ਮਜਮੂਅ ਬਣ ਗਈ ਹੈ। ਗੱਗਾ ਫੇਰ ਇਕੱਲਾ ਮੁਤਹਰਕ ਅੱਖਰ ਦੇ ਬਰਾਬਰ ਹੈ ਯਾਨੀ ਆਈ (I) ਦੇ ਬਰਾਬਰ ਹੈ। ਅਗਲਾ ਰੁਕਨ ਫ਼ਿਅਲ ਕਰੋ ਉੱਪਰ ਅਧਾਰਿਤ ਹੈ ਜਿਸ ਵਿਚ ਪਹਿਲਾਂ ਕੱਕਾ ਇਕ ਮੁਤਹਰਕ ਦੇ ਰੂਪ ਵਿਚ ਹੈ ਅਤੇ ਫੇਰ ਰੋ ਐੱਸ (S) ਯਾਨੀ ਸਬੱਬ ਖ਼ਫ਼ੀਫ ਦੇ ਬਰਾਬਰ ਹੋ ਗਿਆ ਹੈ। ਇਸ ਸ਼ਿਅਰ ਦੇ ਦੂਸਰੇ ਮਿਸਰੇ ਵਿਚ ਕੋਈ ਲਗ ਨਹੀਂ ਗਿਰਦੀ ਜੋ ਕਿ ਬਿਲਕੁਲ ਸਾਫ਼ ਹੈ। ਇਸ ਸ਼ਿਅਰ ਦੇ ਪਹਿਲੇ ਮਿਸਰੇ ਵਿਚ ਦੇ ਅਤੇ 'ਤੇ ਸ਼ਬਦਾਂ ਦੀਆਂ ਦੋ ਮਾਤਰਾਵਾਂ ਗਿਰਦੀਆਂ ਹਨ ਜੋ ਕਿ ਅਰੂਜ਼ ਅਤੇ ਉਸਤਾਦਾਂ ਦੇ ਬਣਾਏ ਅਸੂਲਾਂ ਅਨੁਸਾਰ ਸਹੀ ਹਨ। ਮੇਰਾ ਜ਼ੋਰਦਾਰ ਮੱਤ ਹੈ ਕਿ ਇਕ ਮਿਸਰੇ ਵਿਚ ਇਕ ਜਾਂ ਵੱਧ ਤੋਂ ਵੱਧ ਦੋ ਮਾਤਰਾਵਾਂ ਗਿਰਾ ਲੈਣੀਆਂ ਚਾਹੀਦੀਆਂਹਨ। ਇਹ ਨਹੀਂ ਕਿ ਸ਼ਿਅਰ ਦੇ ਹਰ ਸ਼ਬਦ ਵਿਚੋਂ ਹੀ ਮਾਤਰਾਵਾਂ ਗਿਰਾ ਕੇ (ਕਿੱਲ੍ਹ-ਕਿੱਲ੍ਹ ਕੇ) ਕਿਸੇ ਸ਼ਿਅਰ ਨੂੰ ਬਹਿਰ ਵਿਚ ਕੀਤਾ ਜਾਵੇ ਜੋ ਕਿ ਇਖ਼ਲਾਕੀ ਤੌਰ ਉਤੇ ਵੀ ਗ਼ਲਤ ਹੈ ਅਤੇ ਅਰੂਜ਼ ਅਨੁਸਾਰ ਵੀ।

ਹੁਣ ਇਕ ਹੋਰ ਭੇਦ ਦੀ ਗੱਲ ਦੱਸਾਂ ਕਿ ਉਪਰੋਕਤ ਸ਼ਿਅਰਾਂ ਦੀ ਬਹਿਰ ਤਿੰਨ ਰੁਕਨਾ ਨਾਲ਼ ਜ਼ਿਹਾਫ਼ ਲਗਾ ਕੇ ਨਿਸਚਿਤ ਕੀਤੀ ਗਈ ਹੈ, ਜਦਕਿ ਅਗਲੇ

ਦੋਵਾਂ ਰੁਕਨਾ ਫ਼ਊਲ ਅਤੇ ਫ਼ਿਅਲ ਨੂੰ ਮਿਲ਼ਾ ਕੇ ਇਕ ਪੂਰਾ ਰੁਕਨ ਮੁਫ਼ਾਇਲੁਤੁਨ (ISIIS) ਬਣਦਾ ਹੈ। ਇਸ ਨਾਲ਼ ਮਗਰਲੇ ਦੋਵੇਂ ਰੁਕਨਾ ਨਾਲ਼ ਅਸੀਂ ਇਕ ਪੂਰਾ ਰੁਕਨ ਤਾਂ ਬਣਾ ਲਿਆ ਹੈ ਅਤੇ ਇਕ ਪੂਰਾ ਰੁਕਨ ਫ਼ਾਇਲਾਤੁਨ ਸਾਡੇ ਕੋਲ਼ ਪਹਿਲਾਂ ਹੀ ਮੌਜੂਦ ਸੀ ਪਰ ਸਮੱਸਿਆ ਇਹ ਹੈ ਕਿ ਦੋ ਰੁਕਨਾ ਦੀ ਕੋਈ ਵੀ ਬਹਿਰ ਅਰੂਜ਼ ਵਿਚ ਮੌਜੂਦ ਨਹੀਂ ਹੈ। (ਲਿਖਣ ਵਾਲੇ ਤਾਂ ਇਕੋ ਰੁਕਨ, ਉਹ ਵੀ ਫ਼ੇਲੁਨ ਲੈ ਕੇ ਲਿਖੀ ਜਾ ਰਹੇ ਹਨ) ਉਸਤਾਦਾਂ ਨੇ ਕਿਸੇ ਸ਼ਿਅਰ ਦੇ ਘਟੋ-ਘਟ ਤਿੰਨ ਰੁਕਨ ਲਿਖੇ ਹਨ ਚਾਹੇ ਤੀਜਾ ਰੁਕਨ ਅੱਧਾ ਹੀ ਹੋਵੇ ਭਾਵ ਢਾਈ ਰੁਕਨ ਹੀ ਹੋਣ ਜੋ ਕਿ ਤਿੰਨ ਹੀ ਗਿਣੇ ਜਾਂਦੇ ਹਨ ਅਤੇ ਮੁਸੱਦਸ ਦੀ ਸ਼ਰੇਣੀ ਵਿਚ ਵੀ ਆਉਂਦੇ ਹਨ। ਉਪਰੋਕਤ ਦੋ ਜ਼ਿਹਾਫ਼ੇ ਰੁਕਨਾ ਨਾਲ਼ ਇਕ ਪੂਰਾ ਰੁਕਨ ਬਣਾ ਕੇ ਇਕ ਸਮੱਸਿਆ ਹੋਰ ਲੇਖਕ ਦੇ ਅੱਗੇ ਆਉਂਦੀ ਹੈ ਕਿਉਂਕਿ ਇਨ੍ਹਾਂ ਰੁਕਨਾ ਉੱਪਰ ਅਧਾਰਿਤ ਕੋਈ ਵੀ ਬਹਿਰ ਅਰੂਜ਼ ਵਿਚ ਨਹੀਂ ਹੈ ਅਤੇ ਨਵੀਂ (ਕਿੱਲ੍ਹ-ਕਿੱਲ੍ਹ ਕੇ) ਬਣਾਈ ਬਹਿਰ ਦੇ ਨਾਮਕਰਨ ਦੀ ਸਮੱਸਿਆ ਪੈਦਾ ਹੋ ਜਾਵੇਗੀ ਕਿ ਇਹ ਬਹਿਰ ਅਰੂਜ਼ ਦੇ ਕਿਹੜੇ ਖੰਡ ਜਾਂ ਹਿੱਸੇ ਨਾਲ਼ ਸਬੰਧ ਰਖਦੀ ਹੈ। ਜੇ ਇਸ ਤਰ੍ਹਾਂ ਹੋ ਸਕਦਾ ਹੁੰਦਾ ਤਾਂ ਸਤਿਕਾਰਤ ਖ਼ਲੀਲ ਬਿਨ ਅਹਿਮਦ ਜੀ ਜ਼ਰੂਰ ਹੀ ਉਪਰੋਕਤ ਚਾਰ ਰੁਕਨੀ ਬਹਿਰ ਨੂੰ ਆਪਣੀ ਮਨਜ਼ੂਰੀ ਦੇ ਦਿੰਦੇ। ਹਾਂ ਜੇ ਦੋਵੇਂ ਰੁਕਨ ਇਕੋ ਹੀ ਜੜ੍ਹ ਵਿਚੋਂ ਹੁੰਦੇ ਤਾਂ ਅਸੀਂ ਇਸ ਬਹਿਰ ਨੂੰ ਰਮਲ ਮੁਰੱਬਾ ਸਾਲਿਮ ਜਾਂ ਬਹਿਰ ਵਾਫ਼ਿਰ ਮੁਰੱਬਾ ਸਾਲਿਮ ਦਾ ਨਾਮ ਦੇ ਲੈਂਦੇ ਪਰ ਹੋਣਾ ਇਹ ਗ਼ਲਤ ਹੀ ਸੀ। ਜੋ ਲੋਕ ਇਸ ਤਰ੍ਹਾਂ ਕਰਦੇ ਹਨ ਉਹ ਗ਼ਜ਼ਲ ਨਾਲ਼ ਖ਼ਿਲਵਾੜ ਹੀ ਨਹੀਂ ਸਗੋਂ ਬਲਾਤਕਾਰ ਕਰਦੇ ਹਨ। ਰੱਬ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ। ਆਮੀਨ...!

**ਨੋਟ:-** ਪਿੱਛੇ ਕਾਂਡ ਨੰਬਰ ਤਿੰਨ-ਘ ਵਿਚ ਮੈਂ ਕਾਫ਼ੀ ਤਫ਼ਸੀਲ ਅਤੇ ਦਲੀਲ ਨਾਲ਼ ਮੁਸੰਨਾ ਬਹਿਰ ਬਾਰੇ ਚਰਚਾ ਕਰ ਆਇਆ ਹਾਂ, ਹੋ ਸਕਦਾ ਹੈ ਸਮਾਂ ਮੁਸੰਨਾ ਰੂਪੀ ਵਜ਼ਨ ਨੂੰ ਵੀ ਮਾਨਤਾ ਦੇ ਦੇਵੇ ਅਤੇ ਇਹ ਦੂਸਰੀਆਂ ਬਹਿਰਾਂ ਵਾਂਗ ਸਤਿਕਾਰਤ ਅਤੇ ਹਰਮਨ ਪਿਆਰੀ ਹੋ ਨਿਬੜੇ।

## ਕਾਂਡ-4 - ਅ
## ਗ਼ਜ਼ਲ ਦੇ ਗੁਣ ਅਤੇ ਦੋਸ਼:

ਗ਼ਜ਼ਲ ਤਦ ਤੀਕ ਗ਼ਜ਼ਲ ਦੀ ਸਹੀ ਸ਼ਰੇਣੀ ਵਿਚ ਨਹੀਂ ਆਉਂਦੀ ਜਦ



ਤੀਕ ਗ਼ਜ਼ਲ ਦਾ ਹਰ ਸ਼ਿਅਰ ਹਰ ਪਾਸਿਉਂ ਪੂਰਨ ਅਤੇ ਖਿੱਚ-ਪਾਊ ਨਹੀਂ ਬਣਦਾ। ਬਹੁਤ ਸਾਰੇ ਗੁਣ ਅਤੇ ਔਗੁਣ ਉਸਤਾਦਾਂ ਨੇ ਗ਼ਜ਼ਲ ਲਈ ਮਿੱਥੇ ਹਨ। ਜਿਨ੍ਹਾਂ ਵਿਚੋਂ ਪਰਮੁੱਖ ਹਨ:-

(ੳ) ਗ਼ਜ਼ਲ ਦੇ ਹਰ ਸ਼ਿਅਰ ਦਾ ਕਿਸੇ ਬੰਦਿਸ਼, ਤੋਲ ਅਤੇ ਤੁਕਾਂਤ ਵਿਚ ਹੋਣਾ।

(ਅ) ਅਰਥ ਪੂਰਨ ਅਤੇ ਸਹੀ ਸ਼ਬਦ ਚੋਣ, ਸਾਦੀ ਬੋਲੀ, ਕੇਂਦਰੀ ਬੋਲੀ ਵਰਤਣਾ।

(ੲ) ਅਲੰਕਾਰਾਂ, ਮੁਹਾਵਰਿਆਂ ਅਤੇ ਕਥਨਾਂ ਦੀ ਢੁਕਵੀਂ ਵਰਤੋਂ ਕਰਨਾ।

(ਸ) ਖ਼ਿਆਲ ਦੀ ਨਵੀਨਤਾ ਵੱਲ ਖ਼ਾਸ ਤਵੱਜੋਂ ਦੇਣਾ।

(ਹ) ਦੂਸਰੇ ਉੱਪਰ ਵਿਅੰਗ ਇਸ ਤਰ੍ਹਾਂ ਕਰਨਾ ਕਿ ਸੁਣਨ ਵਾਲ਼ੇ ਨੂੰ ਬੁਰਾ ਨਾ ਲੱਗੇ।

ਇਹ ਤਾਂ ਮੈਂ ਚੌਲ਼ਾਂ ਦੀ ਦੇਗ਼ ਵਿਚੋਂ ਦਾਣਾ ਹੀ ਟੋਹਣ ਦੀ ਕੋਸ਼ਿਸ਼ ਕੀਤੀ ਹੈ। ਤਜਰਬੇ ਨਾਲ਼ ਤੁਸੀਂ ਆਪਣੇ-ਆਪ ਸਿੱਖ ਜਾਣਾ ਹੈ। ਏਸੇ ਤਰ੍ਹਾਂ ਜੇ ਗ਼ਜ਼ਲ ਦੇ ਦੋਸ਼ਾਂ ਦੀ ਗੱਲ ਕਰੀਏ ਤਾਂ ਜਿਹੜੇ ਆਪਾਂ ਚੰਗੀ ਗ਼ਜ਼ਲ ਦੇ ਗੁਣ ਮਿੱਥੇ ਹਨ ਅਗਰ ਉਨ੍ਹਾਂ ਤੋਂ ਉਲਟ ਚੱਲਿਆ ਜਾਵੇ ਤਾਂ ਇਹੀ ਗੁਣ ਗ਼ਜ਼ਲ ਦੇ ਦੋਸ਼ ਬਣ ਜਾਣਗੇ ਅਤੇ ਪਾਠਕ ਜਾਂ ਸਰੋਤੇ ਨੂੰ ਅਕਾਅ ਦੇਣਗੇ। ਇਨ੍ਹਾਂ ਦੇ ਨਾਲ਼-ਨਾਲ਼ ਦੋਸ਼ਾਂ ਤੋਂ ਬਚਣ ਦੇ ਕੁਝ ਹੋਰ ਵੀ ਨੁਕਤੇ ਹਨ ਜਿਵੇਂ:-

(ੳ) ਸ਼ਿਅਰ ਵਿਚ ਅਟਕਣ ਭਾਵ ਸਕਤਾ ਨਾ ਪੈਣ ਦੇਣਾ, ਸ਼ਿਅਰ ਪੂਰਾ ਰਵਾਨੀ ਵਿਚ ਹੋਵੇ।

(ਅ) ਸ਼ਿਅਰ ਦਾ ਕੋਈ ਲਫ਼ਜ਼ ਅੱਧ ਤੋਂ ਟੁੱਟ ਕੇ ਦੂਸਰੇ ਅੱਧ ਵਿਚ ਨਾ ਜਾਵੇ ਭਾਵ ਪੰਗਤੀ-ਭੰਗ ਦੋਸ਼ ਤੋਂ ਬਚਿਆ ਜਾਵੇ।

(ੲ) ਸਾਰੇ ਲੋੜੀਂਦੇ ਸ਼ਬਦ ਤਰਤੀਬ ਵਾਂਗ ਸਹੀ ਜਗ੍ਹਾ ਉਤੇ ਹੋਣ ਭਾਵ ਸ਼ਬਦ ਆਪਣੀ ਸਹੀ ਥਾਂ ਤੋਂ ਏਧਰ-ਓਧਰ ਨਾ ਹੋਣ।

(ਸ) ਐਸੇ ਸ਼ਬਦਾਂ ਦੀ ਵਰਤੋਂ ਨਾ ਕਰਨੀ ਜਿਸ ਨਾਲ਼ ਸੁਣਨ ਵਾਲ਼ਾ ਜਾਂ ਪੜ੍ਹਨ ਵਾਲ਼ਾ ਸ਼ਰਮਸਾਰ ਹੋ ਜਾਵੇ।

(ਹ) ਸਭ ਤੋਂ ਜ਼ਰੂਰੀ ਗੱਲ ਕਿਸੇ ਵੀ ਸ਼ਬਦ ਨੂੰ ਉਸਦੇ ਸਹੀ ਉਚਾਰਣ ਤੋਂ ਉਲਟ ਬੰਨ੍ਹਣਾ। ਸਿਰਫ਼ ਸ਼ਬਦ-ਕੋਸ਼ ਦੇ ਅਨੁਸਾਰ ਤੋਲ ਹੀ ਨਹੀਂ ਬੰਨ੍ਹਣਾ ਬਲਕਿ ਸ਼ਬਦ-ਕੋਸ਼ ਦੇ ਅਰਥਾਂ ਦੇ ਉਲਟ ਵੀ ਨਹੀਂ ਜਾਣਾ। ਮਿਸਾਲਾਂ ਦੇ-ਦੇ ਕੇ ਤਾਂ ਮੈਂ ਕਿੰਨੇ ਹੀ ਸਫ਼ੇ ਭਰ ਸਕਦਾ ਹਾਂ ਪਰ ਸਮਝਦਾਰ ਲਈ ਇਸ਼ਾਰਾ ਹੀ ਕਾਫ਼ੀ ਹੁੰਦਾ

ਹੈ। ਗੁਣਾਂ ਨੂੰ ਤਾਂ ਗੁਣ ਹੀ ਰਹਿਣ ਦਿਉ, ਕੋਸ਼ਿਸ਼ ਕਰੋ ਕਿ ਸ਼ਿਅਰ ਦੇ ਐਬਾਂ ਨੂੰ ਵੀ ਗੁਣਾਂ ਵਿਚ ਬਦਲ ਸਕੋ। ਸ਼ਬਦ ਟੁਕੜੀਆਂ ਇਸ ਤਰ੍ਹਾਂ ਦੀਆਂ ਵਰਤੋਂ ਵਿਚ ਲਿਆਉ ਜੋ ਇਕ ਹੀ ਸੁਭਾਅ ਦੀਆਂ ਹੋਣ। ਵਿਰੋਧੀ ਸੁਭਾਅ ਵਾਲ਼ੀਆਂ ਟੁਕੜੀਆਂ ਸਿਰਫ਼ ਉਦੋਂ ਹੀ ਵਰਤੋ ਜਦੋਂ ਕਿਸੇ ਨੂੰ ਉਸਦੀ ਗ਼ਲਤੀ ਦਾ ਅਹਿਸਾਸ ਕਰਵਾਉਣਾ ਹੋਵੇ। ਜ਼ਿੰਦਗੀ ਵਿਚ ਆਉਣ ਵਾਲ਼ੇ ਦੁੱਖਾਂ ਨੂੰ ਸੁੱਖਾਂ ਵਿਚ ਬਦਲਣ ਲਈ ਸ਼ਿਅਰ ਕਹੋ ਭਾਵ ਹੌਸਲਾ ਦਿੰਦੇ ਸ਼ਿਅਰ ਕਹੋ ਨਾ ਕਿ ਕਿਸੇ ਦਾ ਹੌਸਲਾ ਢਾਉਣ ਵਾਲੇ ਸ਼ਬਦ ਵਰਤੋ। ਕਾਫ਼ੀਏ ਅਤੇ ਰਦੀਫ਼ ਦੀ ਚੋਣ ਇਸ ਤਰ੍ਹਾਂ ਕਰੋ ਕਿ ਤੁਹਾਡੇ ਕਾਫ਼ੀਏ ਦੇ ਅਰਥਾਂ ਵਿਚ ਨਵੀਨਤਾ ਹੋਵੇ ਅਤੇ ਤੁਹਾਡੇ ਵਰਗੀ ਰਦੀਫ਼ ਕਿਸੇ ਨੇ ਪਹਿਲਾਂ ਨਾ ਕਹੀ ਹੋਵੇ। ਦੂਸਰੇ ਦੇ ਖ਼ਿਆਲ ਨੂੰ ਆਪਣੇ ਮੌਲਿਕ ਸ਼ਬਦਾਂ ਵਿਚ ਵਰਣਨ ਤਾਂ ਕਰੋ ਪਰ ਸਿਰਫ਼ ਸ਼ਬਦਾਂ ਦੀ ਅਦਲਾ-ਬਦਲੀ ਨਾਲ਼ ਚੋਰੀ ਜਾਂ ਸਰਕੇ ਦਾ ਦੋਸ਼ ਆਪਣੇ ਉੱਪਰ ਨਾ ਲੱਗਣ ਦਿਉ। ਜੋ ਕਹੋ, ਉਹ ਆਪਣਾ ਕਹੋ, ਆਪਣੇ ਸ਼ਬਦਾਂ ਵਿਚ ਕਹੋ ਤਦੇ ਹੀ ਤੁਸੀਂ ਇਕ ਚੰਗੇ ਅਤੇ ਸਫ਼ਲ ਗ਼ਜ਼ਲਗੋ ਅਖਵਾ ਸਕੋਗੇ। ਪਰਮਾਤਮਾ ਤੁਹਾਨੂੰ ਇਕ ਚੰਗਾ ਅਤੇ ਸਫ਼ਲ ਗ਼ਜ਼ਲਗੋ ਬਣਨ ਦਾ ਬਲ ਬਖ਼ਸ਼ੇ ਅਤੇ ਹਰ ਰੋਜ਼ ਇਕ ਨਵਾਂ ਪੌਡਾ ਚੜ੍ਹ ਕੇ ਤੁਸੀਂ ਅਸਮਾਨ ਛੂੰਹਦੀਆਂ ਬੁਲੰਦੀਆਂ ਤੀਕ ਪਹੁੰਚੋ। ਆਮੀਨ...!



## ਕਾਂਡ-6 - ੳ
## ਰੁਬਾਈ ਦੀ ਜਾਣਕਾਰੀ:

ਸਿਖਿਆਰਥੀਓ! ਮੈਂ ਇਸ ਕਿਤਾਬ ਨੂੰ ਸਿਰਫ਼ ਗ਼ਜ਼ਲ ਦੀ ਜਾਣਕਾਰੀ ਤੀਕ ਹੀ ਸੀਮਤ ਰਖਣਾ ਚਾਹੁੰਦਾ ਸੀ ਤਾਂਕਿ ਸਾਰੀ ਜਾਣਕਾਰੀ ਸਿਰਫ਼ ਤੇ ਸਿਰਫ਼ ਗ਼ਜ਼ਲ ਸਿਨਫ਼ ਤੀਕਰ ਹੀ ਸੀਮਤ ਰਹੇ ਪਰ ਰੁਬਾਈ ਕਿਉਂਕਿ ਗ਼ਜ਼ਲ ਦਾ ਹੀ ਇਕ ਹਿੱਸਾ ਹੈ ਇਸ ਲਈ ਰੁਬਾਈ ਦਾ ਸਾਰਾ ਦਾਰੋਮਦਾਰ ਯਾਨੀ ਬਹਿਰਾਂ, ਜ਼ਿਹਾਫ਼, ਰੁਕਨ ਸਾਰੇ ਗ਼ਜ਼ਲ ਵਾਲੇ ਹੀ ਹਨ, ਇਸ ਲਈ ਰੁਬਾਈ ਨੂੰ ਇਸ ਜਾਣਕਾਰੀ ਵਾਲ਼ੀ ਕਿਤਾਬ ਦਾ ਹਿੱਸਾ ਨਾ ਬਣਾਉਣਾ ਰੁਬਾਈ ਨਾਲ਼ ਨਾ ਸਿਰਫ਼ ਅਨਿਆਂ ਹੀ ਹੋਵੇਗਾ ਸਗੋਂ ਤੁਹਾਨੂੰ ਵੀ ਇਸ ਰੰਗੀਲੀ ਸਿਨਫ਼ ਤੋਂ ਵਾਂਝਿਆ ਰਹਿਣਾ ਪੈਂਦਾ। ਇਹੀ ਸੋਚ ਕੇ ਸੀਮਤ ਜਿਹੀ ਜਾਣਕਾਰੀ ਤੁਹਾਡੇ ਨਾਲ਼ ਸਾਂਝੀ ਕੀਤੀ ਜਾ ਰਹੀ ਹੈ ਤਾਂਕਿ ਤੁਸੀਂ ਵੀ ਰੁਬਾਈ ਦੇ ਵਿਸ਼ਾਲ ਖੇਤਰ ਵਿਚ ਪਰਵੇਸ਼ ਪਾ ਸਕੋ।

ਰੁਬਾਈ ਦਾ ਮੋਢੀ ਬਾਬਾ-ਏ-ਰੁਬਾਈ ਉਮਰੇ-ਖ਼ਿਆਮ ਜੀ ਨੂੰ ਹੀ ਮੰਨਿਆ ਜਾਂਦਾ ਹੈ। ਜੋ ਸ਼ੁਹਰਤ ਰੁਬਾਈ ਦੇ ਖੇਤਰ ਵਿਚ ਉਮਰੇ-ਖ਼ਿਆਮ ਜੀ ਨੇ ਪ੍ਰਾਪਤ ਕੀਤੀ ਹੈ ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਰੁਬਾਈ ਦੀ ਕਾਢ ਕੱਢ ਕੇ ਇਕੱਲੇ ਉਮਰੇ-ਖ਼ਿਆਮ ਦਾ ਹੀ ਨਹੀਂ ਸਗੋਂ ਈਰਾਨ ਦੇਸ਼ ਅਤੇ ਫ਼ਾਰਸੀ ਬੋਲੀ ਦਾ ਵੀ ਦੁਨੀਆਂ ਵਿਚ ਠੁੱਕ ਬਣਿਆਂ। ਉਮਰੇ-ਖ਼ਿਆਮ ਦੇ ਜਨਮ ਬਾਰੇ ਤਾਂ ਕੁਝ ਪਤਾ ਨਹੀਂ ਚਲਦਾ, ਹਾਂ ਉਸਦੀ ਮੌਤ 1123ਈ. ਦੇ ਨੇੜ-ਤੇੜ ਈਰਾਨ ਵਿਚ ਹੋਈ ਦੱਸੀ ਜਾਂਦੀ ਹੈ ਇਸ ਤੋਂ ਪਤਾ ਚਲਦਾ ਹੈ ਕਿ ਉਹ ਈਰਾਨ ਦੇਸ਼ ਦਾ ਹੀ ਜੰਮ-ਪਲ਼ ਸੀ।

ਜਿਵੇਂ ਗ਼ਜ਼ਲ ਨੇ ਹੁਸਨ-ਇਸ਼ਕ ਤੋਂ ਅਜੋਕੇ ਦੁਨਿਆਵੀ ਮਸਲਿਆਂ ਤੀਕ ਸਫ਼ਲਤਾ ਨਾਲ਼ ਸਫ਼ਰ ਤੈਅ ਕੀਤਾ ਹੈ ਬਿਲਕੁਲ ਏਸੇ ਤਰ੍ਹਾਂ ਹੀ ਉਮਰੇ-ਖ਼ਿਆਮ ਦੀ ਰੁਬਾਈ ਵੀ ਇਸ਼ਕ-ਮੁਸ਼ਕ ਦਾ ਗਾਡੀਰਾਹ ਛੱਡ ਕੇ ਅਜੋਕੇ ਸਾਰੇ ਦੁਨਿਆਵੀ ਮਸਲੇ ਆਪਣੇ ਵਿਚ ਸਮੋਈ ਬੈਠੀ ਹੈ। ਜੇ ਗ਼ਜ਼ਲ ਦੇ ਮਤਲੇ ਅਤੇ ਪਹਿਲੇ ਸ਼ਿਅਰ ਨੂੰ ਇਕੱਠੇ ਹੀ ਪੜ੍ਹੀਏ (ਕਈ ਵਾਰ ਮਤਲੇ ਅਤੇ ਮਕਤੇ ਨੂੰ) ਤਾਂ ਇਹ ਚਾਰੇ ਮਿਸਰੇ ਰੁਬਾਈ ਦਾ ਪ੍ਰਤੀਰੂਪ ਹੋ ਨਿਬੜਦੇ ਹਨ, ਭਾਵ ਤੀਜੇ ਮਿਸਰੇ ਨੂੰ ਛੱਡ ਕੇ ਪਹਿਲੇ, ਦੂਜੇ ਅਤੇ ਚੌਥੇ ਮਿਸਰੇ ਦਾ ਤੁਕਾਂਤ ਅਤੇ ਕਾਫ਼ੀਆ ਮਿਲਦਾ ਹੁੰਦਾ ਹੈ। ਉਰਦੂ ਵਿਚ ਰੁਬਾਈ ਨਾਲ਼ ਮਿਲ਼ਦਾ-ਜੁਲ਼ਦਾ ਇਕ ਰੂਪ ਹੋਰ ਵੀ ਹੈ, ਉਹ ਹੈ ਕਤੇਅ ਦਾ। ਕਤਅ ਵੀ ਕਈ ਵਾਰ

ਰੁਬਾਈ ਵਾਂਗ ਚਾਰ ਮਿਸਰਿਆਂ ਦਾ ਹੀ ਹੁੰਦਾ ਹੈ ਪਰ ਬਹੁਤੀ ਵਾਰ ਇਸਦੇ ਚਾਰੋਂ ਮਿਸਰਿਆਂ ਦਾ ਤੁਕਾਂਤ ਅਤੇ ਕਾਫ਼ੀਆ ਮਿਲ਼ਦਾ ਹੁੰਦਾ ਹੈ ਅਤੇ ਕਈ ਵਾਰ ਕਤਅ ਛੇ ਤੋਂ ਬਾਰਾਂ ਤੁਕਾਂ ਤੀਕ ਵੀ ਆਪਣਾ ਰੂਪ ਧਾਰੇ ਹੋਏ ਮਿਲ਼ਦਾ ਹੈ ਪਰ ਕਤੇਅ ਲਈ ਕੋਈ ਨਿਸਚਿਤ ਮੀਟਰ ਜਾਂ ਬਹਿਰ ਨਹੀਂ ਹੈ, ਕਿਸੇ ਵੀ ਮਨਭਾਉਂਦੇ ਮੀਟਰ ਵਿਚ ਕਤੇਅ ਨੂੰ ਨਜ਼ਮ ਕੀਤਾ ਜਾ ਸਕਦਾ ਹੈ ਅਤੇ ਕਤਅ ਹੁੰਦਾ ਵੀ ਕਿਸੇ ਇਕੋ ਖ਼ਿਆਲ ਉੱਪਰ ਹੀ ਨਿਰਭਰ ਹੈ। ਕਤੇਅ ਦੇ ਉਲਟ ਰੁਬਾਈ ਇੱਕੋ ਖ਼ਿਆਲ ਵਿਚ ਪਰੋਈ ਹੋਣ ਕਰਕੇ ਵੀ ਖ਼ਿਆਲ ਦੀ ਗੰਭੀਰਤਾ, ਵਰਣਨ, ਸ਼ਬਦ-ਚੋਣ ਅਤੇ ਕਿਸੇ ਖ਼ਾਸ ਬਹਿਰ ਜਾਂ ਮੀਟਰ ਵਿਚ ਪਰੋਈ ਹੋਈ ਹੋਣ ਕਰਕੇ ਵੱਖਰੀ ਅਤੇ ਵਿਲੱਖਣ ਹੁੰਦੀ ਹੈ। ਉਮਰੇ-ਖ਼ਿਆਮ ਵਾਲ਼ੀ ਪੁਰਾਤਨ ਢੰਗ ਵਾਲ਼ੀ ਰੁਬਾਈ ਦੇ ਉਸਤਾਦਾਂ ਨੇ ਚੌਵੀ ਵਜ਼ਨ ਮਿੱਥੇ ਹਨ ਜੋ ਬਾਰਾਂ ਇਕੋ ਹੀ ਰੁਕਨ **ਮਫ਼ਊਲ** ਤੋਂ ਸ਼ੁਰੂ ਹੁੰਦੇ ਹਨ ਅਤੇ ਦੂਜੇ ਬਾਰਾਂ **ਮਫ਼ਊਲੁਨ** ਰੁਕਨ ਤੋਂ ਸ਼ੁਰੂ ਹੁੰਦੇ ਹਨ। ਹਰ ਇਕ ਮਿਸਰੇ ਵਿਚ ਚਾਰ ਰੁਕਨ ਹੁੰਦੇ ਹਨ, ਪਹਿਲਾ ਰੁਕਨ ਮਫ਼ਊਲ ਜਾਂ ਮਫ਼ਊਲੁਨ ਹੋ ਕੇ ਬਾਕੀ ਦੇ ਤਿੰਨ ਰੁਕਨ ਕੋਈ ਵੀ ਹੋਰ ਤਿੰਨ ਹੋ ਸਕਦੇ ਹਨ। ਅਜੇਹੀ ਵਿਲੱਖਣਤਾ ਫ਼ਾਰਸੀ ਦੇ ਤਾਂ ਸ਼ਾਇਦ ਮੇਚ ਆਉਂਦੀ ਹੋਵੇ ਪਰ ਪੰਜਾਬੀ ਦੀ ਸ਼ਬਦ-ਟੋਨ ਦੇ ਅਨੁਸਾਰ ਇਹ ਫ਼ਿੱਟ ਨਾ ਹੋਣ ਕਾਰਨ ਬਹੁਤ ਪਹਿਲਾਂ ਇਨ੍ਹਾਂ ਵਜ਼ਨਾਂ ਦੀਆਂ ਬੰਦਿਸ਼ਾਂ ਤੋਂ ਛੋਟ ਲੈ ਕੇ ਨਿਰੋਲ ਪੰਜਾਬੀ ਸੁਭਾਅ ਅਨੁਸਾਰ ਗ਼ਜ਼ਲ ਦੀਆਂ ਮਨਭਾਉਂਦੀਆਂ ਬਹਿਰਾਂ ਜਿਵੇਂ ਹਜ਼ਜ਼, ਰਜ਼ਜ਼, ਰਮਲ, ਮੁਜ਼ਾਰਿਆ, ਫੇਲੁਨ ਆਦਿ ਨੂੰ ਵੀ ਵਰਤੋਂ ਵਿਚ ਲੈ ਲਿਆ ਗਿਆ ਹੈ ਜੋ ਕਿ ਕਾਫ਼ੀ ਮਕਬੂਲ ਵੀ ਹੋ ਰਿਹਾ ਹੈ। ਪੰਜਾਬੀ ਭਾਸ਼ਾ ਦੀ ਇਹੀ ਤਾਂ ਸਿਫ਼ਤ ਹੈ ਕਿ ਇਹ ਹਰ ਉਸ ਚੀਜ਼ ਨੂੰ ਜੋ ਇਸਦੇ ਅਨੁਕੂਲ ਨਹੀਂ ਵੀ ਹੁੰਦੀ ਆਪਣੇ ਸੁਭਾਅ ਅਨੁਸਾਰ ਢਾਲ਼ ਕੇ ਆਪਣਾ ਬਣਾ ਲੈਂਦੀ ਹੈ ਜਾਂ ਉਸ ਚੀਜ਼ ਅਨੁਸਾਰ ਖ਼ੁਦ ਨੂੰ ਢਾਲ਼ ਕੇ ਉਸੇ ਦਾ ਪ੍ਰਤੀਰੂਪ ਹੋ ਜਾਂਦੀ ਹੈ ਭਾਵ ਤੇਰ-ਮੇਰ ਖ਼ਤਮ ਕਰਕੇ ਮੈਂ ਤੋਂ ਤੂੰ ਅਤੇ ਤੂੰ ਤੋਂ ਮੈਂ ਹੋ ਜਾਂਦੀ ਹੈ। ਇਸੇ ਰੰਗੀਲੇ ਸੁਭਾਅ ਕਰਕੇ ਹੀ ਇਸ ਨੇ ਦੂਜੀਆਂ ਭਾਸ਼ਾਵਾਂ ਦੇ ਨਿਰੇ ਸ਼ਬਦ ਹੀ ਨਹੀਂ ਅਪਣਾਏ ਸਗੋਂ ਸਾਹਿਤ ਦੇ ਹੋਰ ਰੂਪਾਂ ਨੂੰ ਵੀ ਅਪਣਾਇਆ ਹੈ। ਅਮਰ ਰਹੇ ਸਾਡੀ ਪੰਜਾਬੀ ਮਾਂ-ਬੋਲੀ। ਆਮੀਨ!...!

## ਕਾਂਡ-6 - ਅ
## ਰੁਬਾਈ ਦੇ ਉਹ ਬਾਰਾਂ ਵਜ਼ਨ ਜੋ ਮਫ਼ਊਲ ਰੁਕਨ ਤੋਂ ਸ਼ੁਰੂ ਹੁੰਦੇ ਹਨ:

| | ਰੁਕਨ ਤੇ ਜ਼ਿਹਾਫ਼ | ਰੁਕਨ ਤੇ ਜ਼ਿਹਾਫ਼ | ਰੁਕਨ ਤੇ ਜ਼ਿਹਾਫ਼ | ਰੁਕਨ ਤੇ ਜ਼ਿਹਾਫ਼ |
|---|---|---|---|---|
| 1. | ਮਫ਼ਊਲ | ਮੁਫ਼ਾਈਲੁ | ਮੁਫ਼ਾਈਲੁਨ | ਫ਼ੇ |
| | (ਅਖ਼ਰਬ) | (ਮਕਫ਼ੂਫ਼) | (ਸਾਲਿਮ) | (ਅਬਤਰ) |
| 2. | ਮਫ਼ਊਲੁ | ਮੁਫ਼ਾਇਲਨ | ਮੁਫ਼ਾਈਲੁਨ | ਫ਼ੇ |
| | (ਅਖ਼ਰਬ) | (ਮਕਬੂਜ) | (ਸਾਲਿਮ) | (ਅਬਤਰ) |
| 3. | ਮਫ਼ਊਲੁ | ਮੁਫ਼ਾਇਲੁਨ | ਮਫ਼ਊਲੁਨ | ਫ਼ਿਅਲ |
| | (ਅਖ਼ਰਬ) | (ਮਕਬੂਜ) | (ਅਖ਼ਰਮ) | (ਮਜਬੂਬ) |
| 4. | ਮਫ਼ਊਲੁ | ਮੁਫ਼ਾਈਲੁਨ | ਮੁਫ਼ਾਈਲੁ | ਫ਼ਾਅ |
| | (ਅਖ਼ਰਬ) | (ਸਾਲਿਮ) | (ਮਕਫ਼ੂਫ਼) | (ਅਜ਼ਲ) |
| 5. | ਮਫ਼ਊਲੁ | ਮਫ਼ਾਈਲ | ਮੁਫ਼ਾਈਲੁਨ | ਫ਼ਾਅ |
| | (ਅਖ਼ਰਬ) | (ਮਕਫ਼ੂਫ਼) | (ਸਾਲਿਮ) | (ਅਜ਼ਲ) |
| 6. | ਮਫ਼ਊਲੁ | ਮੁਫ਼ਾਇਲੁਨ | ਮੁਫ਼ਾਈਲੁਨ | ਫ਼ਾਅ |
| | (ਮਫ਼ਊਲੁ) | (ਮਕਬੂਜ) | (ਸਾਲਿਮ) | (ਅਜ਼ਲ) |
| 7. | ਮਫ਼ਊਲੁ | ਮੁਫ਼ਾਈਲੁਨ | ਮੁਫ਼ਾਈਲੁ | ਫ਼ੇ |
| | (ਅਖ਼ਰਬ) | (ਸਾਲਿਮ) | (ਮਕਫ਼ੂਫ਼) | (ਅਬਤਰ) |
| 8. | ਮਫ਼ਊਲੁ | ਮੁਫ਼ਾਈਲੁਨ | ਮਫ਼ਊਲ | ਫ਼ਊਲ |
| | (ਅਖ਼ਰਬ) | (ਸਾਲਿਮ) | (ਅਖ਼ਰਬ) | (ਅਹਤਮ) |
| 9. | ਮਫ਼ਊਲੁ | ਮੁਫ਼ਾਈਲੁਨ | ਮਫ਼ਊਲੁਨ | ਫ਼ੇ |
| | (ਅਖ਼ਰਬ) | (ਸਾਲਿਮ) | (ਅਖ਼ਰਮ) | (ਅਬਤਰ) |
| 10. | ਮਫ਼ਊਲੁ | ਮੁਫ਼ਾਈਲੁ | ਮਫ਼ਊਲ | ਫ਼ਿਅਲ |
| | (ਅਖ਼ਰਬ) | (ਮਕਫ਼ੂਫ਼) | (ਅਖ਼ਰਬ) | (ਮਜਬੂਬ) |
| 11. | ਮਫ਼ਊਲੁ | ਮੁਫ਼ਾਇਲੁਨ | ਮੁਫ਼ਾਈਲੁ | ਫ਼ਊਲ |
| | (ਅਖ਼ਰਬ) | (ਮਕਬੂਜ) | (ਮਕਫ਼ੂਫ਼) | (ਅਹਤਮ) |
| 12. | ਮਫ਼ਊਲੁ | ਮੁਫ਼ਾਈਲੁ | ਮੁਫ਼ਾਈਲੁ | ਫ਼ਿਅਲ |
| | (ਅਖ਼ਰਬ) | (ਮਨਫ਼ੂਫ਼) | (ਮਕਫ਼ੂਫ਼) | (ਮਜਬੂਬ) |

**ਨੋਟ:-** ਹਰ ਰੁਕਨ ਦੇ ਥੱਲੇ ਬਰੈਕਟਾਂ ਵਿਚ ਉਸ ਰੁਕਨ ਨੂੰ ਲੱਗੇ ਜ਼ਿਹਾਫ਼ ਦਾ ਨਾਮ ਹੈ।

## ਕਾਂਡ-6 - ੲ
## ਰੁਬਾਈ ਦੇ ਉਹ ਬਾਰਾਂ ਵਜ਼ਨ ਜੋ ਮਫ਼ਊਲੁਨ ਰੁਕਨ ਤੋਂ ਸ਼ੁਰੂ ਹੁੰਦੇ ਹਨ:

| | ਰੁਕਨ ਤੇ ਜ਼ਿਹਾਫ਼ | ਰੁਕਨ ਤੇ ਜ਼ਿਹਾਫ਼ | ਰੁਕਨ ਤੇ ਜ਼ਿਹਾਫ਼ | ਰੁਕਨ ਤੇ ਜ਼ਿਹਾਫ਼ |
|---|---|---|---|---|
| 1. | ਮਫ਼ਊਲੁਨ | ਮਫ਼ਊਲੁ | ਮਫ਼ਊਲੁ | ਫ਼ਊਲੁ |
| | (ਅਖ਼ਰਮ) | (ਅਖ਼ਰਬ) | (ਅਖ਼ਰਬ) | (ਅਹਤਮ) |
| 2. | ਮਫ਼ਊਲੁਨ | ਮਫ਼ਊਲੁਨ | ਮੁਫ਼ਾਈਲੁ | ਫ਼ਊਲੁਨ |
| | (ਅਖ਼ਰਮ) | (ਅਖ਼ਰਮ) | (ਮਕਫ਼ੂਫ਼) | (ਮਹਿਜ਼ੂਫ਼) |
| 3. | ਮਫ਼ਊਲੁਨ | ਫ਼ਾਇਲੁਨ | ਮਫ਼ਊਲੁ | ਫ਼ਿਅਲ |
| | (ਅਖ਼ਰਮ) | (ਅਸ਼ਤਰ) | (ਅਖ਼ਰਬ) | (ਮਜ਼ਬੂਬ) |
| 4. | ਮਫ਼ਊਲੁਨ | ਮਫ਼ਊਲੁਨ | ਮੁਫ਼ਾਈਲੁ | ਫ਼ਊਲੁ |
| | (ਅਖ਼ਰਮ) | (ਅਖ਼ਰਮ) | (ਮਕਫ਼ੂਫ਼) | (ਅਹਤਮ) |
| 5. | ਮਫ਼ਊਲੁਨ | ਮਫ਼ਊਲੁ | ਮਫ਼ਊਲੁ | ਫ਼ਾਅ |
| | (ਅਖ਼ਰਮ) | (ਅਖ਼ਰਬ) | (ਅਖ਼ਰਬ) | (ਅਜ਼ਲ) |
| 6. | ਮਫ਼ਊਲੁਨ | ਮਫ਼ਊਲੁਨ | ਮੁਫ਼ਾਈਲੁਨ | ਫ਼ਾਅ |
| | (ਅਖ਼ਰਮ) | (ਅਖ਼ਰਮ) | (ਸਾਲਿਮ) | (ਅਜ਼ਲ) |
| 7. | ਮਫ਼ਊਲੁਨ | ਫ਼ਾਇਲੁਨ | ਮੁਫ਼ਾਈਲੁਨ | ਫ਼ਾਅ |
| | (ਅਖ਼ਰਮ) | (ਅਸ਼ਰਤ) | (ਸਾਲਿਮ) | (ਅਜ਼ਲ) |
| 8. | ਮਫ਼ਊਲੁਨ | ਫ਼ਾਇਲੁਨ | ਮੁਫ਼ਾਈਲੁ | ਫ਼ਿਅਲ |
| | (ਅਖ਼ਰਮ) | (ਅਸ਼ਤਰ) | (ਮਕਫ਼ੂਫ਼) | ਮਜਬੂਬ |
| 9. | ਮਫ਼ਊਲੁਨ | ਮਫ਼ਊਲੁ | ਮੁਫ਼ਾਈਲੁਨ | ਫ਼ਾਅ |
| | (ਅਖ਼ਰਮ) | (ਅਖ਼ਰਬ) | (ਸਾਲਿਮ) | (ਅਜ਼ਲ) |
| 10. | ਮਫ਼ਊਲੁਨ | ਮਫ਼ਓਲੂਲੁਨ | ਮਫ਼ਊਲੁਨ | ਫ਼ੇ |
| | (ਅਖ਼ਰਮ) | (ਅਖ਼ਰਮ) | (ਅਖ਼ਰਮ) | (ਅਬਤਰ) |
| 11. | ਮਫ਼ਊਲੁਨ | ਫ਼ਾਇਲੁਨ | ਮੁਫ਼ਾਈਲੁਨ | ਫ਼ਿਅਲ |
| | (ਅਖ਼ਰਮ) | (ਅਸ਼ਤਰ) | (ਸਾਲਿਮ) | (ਮਜਬੂਬ) |
| 12. | ਮਫ਼ਊਲੁਨ | ਮਫ਼ਊਲੁ | ਮੁਫ਼ਾਈਲੁ | ਫ਼ੇ |
| | (ਅਖ਼ਰਮ) | (ਅਖ਼ਰਬ) | (ਮਕਫ਼ੂਫ਼) | (ਅਬਤਰ) |



**ਨੋਟ:-** ਹਰ ਰੁਕਨ ਦੇ ਥੱਲੇ ਉਸ ਰੁਕਨ ਨੂੰ ਲੱਗੇ ਹੋਏ ਜ਼ਿਹਾਫ਼ ਦਾ ਨਾਮ ਬਰੈਕਟਾਂ ਵਿਚ ਲਿਖਿਆ ਹੋਇਆ ਹੈ।

ਸਿਖਿਆਰਥੀਓ! ਤੁਸੀਂ ਵੇਖਿਆ ਹੋਵੇਗਾ ਕਿ ਹਰ ਰੁਬਾਈ ਦੇ ਹਰ ਮਿਸਰੇ ਵਿਚ ਚਾਰ ਵੱਖ-ਵੱਖ ਰੁਕਨ ਹਨ, ਇਸ ਉਤੇ ਹੈਰਾਨੀ ਵਾਲ਼ੀ ਗੱਲ ਇਹ ਹੈ ਕਿ ਰੁਬਾਈ ਦੇ ਚੌਹਾਂ ਹੀ ਮਿਸਰਿਆਂ ਵਿਚ ਤੁਸੀਂ ਜਿਹੜੇ ਮਰਜ਼ੀ ਚਾਰ ਰੁਕਨ ਇਕ ਤੁਕ ਵਿਚ ਲਿਆ ਸਕਦੇ ਹੋ। ਕੋਈ ਪਾਬੰਦੀ ਜਾਂ ਬੰਦਿਸ਼ ਨਹੀਂ ਹੈ। ਇਕ ਤੁਕ ਦੇ ਚੌਹਾਂ ਹੀ ਰੁਕਨਾਂ ਦੇ ਵਜ਼ਨ ਨੂੰ ਚੌਹਾਂ ਹੀ ਮਿਸਰਿਆਂ ਵਿਚ ਨਿਭਾਉਣਾ ਤਾਂ ਗ਼ਜ਼ਲ ਵਰਗੀ ਪਾਬੰਦੀ ਹੈ ਪਰ ਏਸ ਰੁਬਾਈ ਦੇ ਰਚੇਤੇ ਉਸਤਾਦਾਂ ਨੇ ਤਾਂ ਸਾਰੇ ਰਾਹ ਹੀ ਖੁੱਲ੍ਹੇ ਅਤੇ ਮੋਕਲ਼ੇ ਕਰ ਦਿੱਤੇ ਹਨ। ਅਰਬੀ/ਫ਼ਾਰਸੀ ਵਿਚ ਤਾਂ ਸ਼ਾਇਦ ਇਨ੍ਹਾਂ ਦੇ ਸ਼ਬਦਾਂ ਦੀ ਬਣਤਰ ਕਰਕੇ ਅਜੇਹਾ ਹੋਣਾ ਸੰਭਵ ਹੁੰਦਾ ਹੋਵੇ ਪਰ ਪੰਜਾਬੀ ਵਿਚ ਤਾਂ ਸ਼ਾਇਦ ਹੀ ਕਿਸੇ (ਉਸਤਾਦ) ਨੇ ਇਸ ਫ਼ਾਰਮੂਲੇ ਨਾਲ਼ ਰੁਬਾਈ ਕਹੀ ਹੋਵੇ।

ਹਰ ਚੀਜ਼ ਵਿਚ ਸਮੇਂ ਅਨੁਸਾਰ ਤਬਦੀਲੀ ਹੁੰਦੀ ਰਹਿਣ ਕਰਕੇ ਗ਼ਜ਼ਲ ਦੀ ਕਿਸੇ ਵੀ ਬਹਿਰ ਵਿਚ ਰੁਬਾਈ ਕਹਿਣੀ ਯੋਗ ਹੈ। ਤੰਗ-ਦਿਲੀ ਛੱਡ ਕੇ ਖੁੱਲ੍ਹ-ਦਿਲੀ ਅਪਣਾਉਣ ਦੀ ਲੋੜ ਹੈ। ਗ਼ਜ਼ਲ਼ ਦੀ ਬਹਿਰ ਮੁਤਦਾਰਿਕ ਅਤੇ ਮੁਤਕਾਰਿਬ ਵੀ ਰੁਬਾਈ ਦੇ ਰੰਗੀਲੇਪਨ ਜਾਂ ਬਾਕਪਨ ਦੇ ਕਾਫ਼ੀ ਨੇੜ ਹਨ। ਇਨ੍ਹਾਂ ਦੇ ਜਿਹਾਫ਼ੇ ਰੂਪ ਫ਼ੇਲੁਨ ਵਿਚ ਰੁਬਾਈ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ। ਫ਼ੇਲੁਨ ਸਾਡੀ ਪੰਜਾਬੀਆਂ ਦੀ ਹਰਮਨ ਪਿਆਰੀ ਅਤੇ ਸਭ ਤੋਂ ਸੌਖੀ ਬਹਿਰ ਹੈ। ਸਮੇਂ ਅਨੁਸਾਰ ਬਦਲਣ ਵਿਚ ਹੀ ਭਲਾਈ ਹੈ, ਮੀਲ-ਪੱਥਰ ਵਾਂਗ ਇਕ ਹੀ ਥਾਂ ਗੱਡੇ ਰਹਿਣ ਵਿਚ ਨਹੀਂ। ਜੇ ਤੁਸੀਂ ਉੱਪਰ ਦਿੱਤੀਆਂ ਚੌਵੀ ਬਹਿਰਾਂ ਵਿਚੋਂ ਕਿਸੇ ਇਕ ਉੱਪਰ ਵੀ ਉਪਰੋਕਤ ਢੰਗ ਨਾਲ਼ ਰੁਬਾਈ ਕਹਿ ਸਕੋ ਤਾਂ ਇਹ ਤੁਹਾਡੀ ਮਿਹਨਤ ਦਾ ਮੂੰਹ ਬੋਲਦਾ ਸਬੂਤ ਅਤੇ ਬਾਬਾ-ਏ-ਰੁਬਾਈ ਜਨਾਬ ਉਮਰੇ-ਖ਼ਿਆਮ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਆਮੀਨ...!

## ਕਾਂਡ-7
## ਸ਼ਬਦ-ਭੰਡਾਰ:

ਪਿਆਰੇ ਸਿਖਿਆਰਥੀਓ! ਇਸ ਕਿਤਾਬ ਵਿਚ ਮੈਂ ਬਹੁਤ ਥਾਈਂ ਇਹ ਤਸਲੀਮ ਕੀਤਾ ਹੈ ਕਿ ਮੈਨੂੰ ਅਰਬੀ/ਫ਼ਾਰਸੀ ਅਤੇ ਉਰਦੂ ਭਾਸ਼ਾਵਾਂ ਦਾ ਗਿਆਨ ਨਹੀਂ ਹੈ ਭਾਵ ਮੈਂ ਇਹ ਭਾਸ਼ਾਵਾਂ ਪੜ੍ਹਨੀਆਂ, ਲਿਖਣੀਆਂ ਨਹੀਂ ਜਾਣਦਾ। ਗ਼ਜ਼ਲ ਦੇ ਅਰੂਜ਼ ਦਾ ਜੋ ਵੀ ਗਿਆਨ ਮੇਰੇ ਤੀਕ ਪਹੁੰਚਿਆ ਹੈ ਉਹ ਮੇਰੇ ਪਿਤਾ ਜੀ ਦੀ ਬਦੌਲਤ ਜਾਂ ਪੰਜਾਬੀ ਦੀਆਂ ਦੋ ਕਿਤਾਬਾਂ (ਜਿਨ੍ਹਾਂ ਦਾ ਜ਼ਿਕਰ ਮੈਂ ਪਿੱਛੇ ਕੀਤਾ ਹੈ) ਰਾਹੀਂ ਪਹੁੰਚਿਆ ਹੈ, ਜਾਂ ਫਿਰ ਵਕਤ ਦੇ ਤਜਰਬੇ ਨਾਲ਼ ਮੈਂ ਇਹ ਕਿਤਾਬ ਲਿਖਣ ਦੇ ਯੋਗ ਹੋਇਆ ਹਾਂ। ਏਸੇ ਲਈ ਸਵਰਗੀ ਸ੍ਰੀ ਦੀਪਕ ਜੈਤੋਈ ਜੀ ਦੀ ਰੂਹ ਦੇ ਧੰਨਵਾਦ ਨਾਲ਼ ਗ਼ਜ਼ਲ ਕੀ ਹੈ? ਵਿਚੋਂ ਤਿੰਨ ਅੱਖਰੇ ਸ਼ਬਦਾਂ ਦਾ ਪੂਰਾ ਕਾਂਡ ਤੁਹਾਡੀ ਜਾਣਕਾਰੀ ਲਈ ਦੇ ਰਿਹਾ ਹਾਂ ਤਾਂਕਿ ਤੁਹਾਡੇ ਗਿਆਨ ਵਿਚ ਵਾਧਾ ਹੋ ਸਕੇ। ਇਸ ਕਾਂਡ ਤੋਂ ਜੇ ਤੁਸੀਂ ਕੁਝ ਸਿਖ ਸਕੋ ਤਾਂ ਉਸ ਲਈ ਧੰਨਵਾਦ ਦੀਪਕ ਜੀ ਦੀ ਰੂਹ ਅਤੇ ਉਨ੍ਹਾਂ ਦੀ ਲਿਖੀ ਕਿਤਾਬ ਗ਼ਜ਼ਲ ਕੀ ਹੈ? ਦਾ ਹੀ ਕਰਨਾ ਅਤੇ ਮੇਰੇ ਇਸ ਹੀਲੇ ਨੂੰ ਕਬੂਲ ਕਰਨਾ। ਦੀਪਕ ਜੀ ਦੀ ਰੂਹ ਦਾ ਇਕ ਵਾਰ ਫੇਰ ਧੰਨਵਾਦ!

**-ਗੁਰਦਸ਼ਰਨ 'ਬਾਦਲ'**

## ਕਾਂਡ-7 - ੳ
## ਤਿੰਨ ਅੱਖਰੇ ਮੁਕਤੇ ਸ਼ਬਦਾਂ ਦਾ ਸਹੀ ਵਜ਼ਨ:

| ਲੜੀ ਨੰ. | ਸ਼ਬਦ | ਭਾਸ਼ਾ | ਕੀਮਤ | ਅਰਥ |
|---|---|---|---|---|
| 1. | ਉਪਜ | ਹਿ. | ਉ+ਪਜ | ਪੈਦਾਵਾਰ |
| 2. | ਉਨਸ | ਫ਼. | ਉਨ+ਸ | ਮੁਹੱਬਤ |



| | | | | |
|---|---|---|---|---|
| 3. | ਉਫ਼ਕ | ਫ਼. | ਉਫ਼+ਕ | ਅਸਮਾਨ ਦਾ ਕਿਨਾਰਾ |
| 4. | ਉਮਰ | ਫ਼. | ਉਮ+ਰ | ਆਯੂ |
| 5. | ਉਕਤ | ਹਿ. | ਉਕ+ਤ | ਫਲਾਨਾ |
| 6. | ਉਕਰ | ਪੰ. | ਉ+ਕਰ | ਆਦਰ |
| 7. | ਉਜ਼ਰ | ਫ਼ | ਉਜ਼+ਰ | ਬਹਾਨਾ |
| 8. | ਅਸ਼ਕ | ਫ਼ | ਅਸ਼+ਕ | ਹੰਝੂ |
| 9. | ਅਸਤ | ਫ਼. | ਅਸ+ਤ | ਹੈ |
| 10. | ਅਸਤ | ਹਿ. | ਅਸ+ਤ | ਛੁਪਣਾ |
| 11. | ਅਸਰ | ਫ਼. | ਅ+ਸਰ | ਤਾਸੀਰ |
| 12. | ਅਸਲ | ਫ਼. | ਅਸ+ਲ | ਜੜ੍ਹ-ਬੁਨਿਆਦ, ਅਸਲੀ |
| 13. | ਅਹਿਦ | ਫ਼. | ਅ+ਹਿਦ | ਵਚਨ-ਪੈਮਾਨ |
| 14. | ਅਹਿਮ | ਫ਼ | ਅਹਿਮ | ਜ਼ਰੂਰੀ |
| 15. | ਅਹਿਲ | ਫ਼ | ਅਹਿ+ਲ | ਯੋਗ-ਮਾਲਿਕ |
| 16. | ਅਕਸ | ਅ. | ਅਕ-ਸ | ਪਰਛਾਈਂ |
| 17. | ਅਕਲ | ਅ. | ਅਕ+ਲ | ਸਮਝ |
| 18. | ਅਗਨ | ਹਿ. | ਅਗ+ਨ | ਅੱਗ |
| 19. | ਅਗਰ | ਫ. | ਅ+ਗਰ | ਜੇਕਰ |
| 20. | ਅਚਲ | ਹਿ. | ਅ+ਚਲ | ਨਾ ਚਲਣ ਵਾਲਾ |
| 21. | ਅਜਬ | ਅ. | ਅ+ਜਬ | ਅਜੀਬ |
| 22. | ਅਜਰ | ਹਿ. | ਅ+ਜਰ | ਅਮਰ |
| 23. | ਅਜਲ | ਫ. | ਅ+ਜਲ | ਮੌਤ |
| 24. | ਅਜ਼ਲ | ਫ. | ਅ+ਜ਼ਲ | ਅਨਾਦੀ ਕਾਲ |
| 25. | ਅਜ਼ਮ | ਅ. | ਅਜ਼+ਮ | ਇਰਾਦਾ |
| 26. | ਅਟਕ | ਹਿ. | ਅ+ਟਕ | ਰੁਕਣ ਤੋਂ |
| 27. | ਅਟਲ | ਹਿ. | ਅ+ਟਲ | ਸਥਿਰ |
| 28. | ਅਦਦ | ਅ. | ਅ+ਦਦ | ਗਿਣਨਾ |
| 29. | ਅਦਬ | ਫ਼ | ਅ+ਦਬ | ਕਾਇਦਾ, ਤਰੀਕਾ, ਤਲੀਮ |
| 30. | ਅਦਲ | ਅ. | ਅ+ਦਲ | ਇਨਸਾਫ਼ |
| 31. | ਅਧਮ | ਹਿ. | ਅ+ਧਮ | ਨੀਚ |
| 32. | ਅਬਸ | ਅ. | ਅ+ਬਸ | ਖਾਹ ਮੁਖਾਹ |

| | | | | |
|---|---|---|---|---|
| 33. | ਅਬਦ | ਫ. | ਅ+ਬਦ | ਹਮੇਸ਼ਾ ਦੀ |
| 34. | ਅਬਰ | ਫ. | ਅਬ+ਰ | ਬੱਦਲ |
| 35. | ਅਮਰ | ਹਿ. | ਅ+ਮਰ | ਹਮੇਸ਼ਾ ਰਹਿਣ ਵਾਲਾ |
| 36. | ਅਰਸ਼ | ਅ. | ਅਰ+ਸ਼ | ਅਸਮਾਨ |
| 37. | ਅਰਜ਼ | ਅ. | ਅਰ+ਜ਼ | ਬੇਨਤੀ |
| 38. | ਅਰਕ | ਅ. | ਅਰ+ਕ | ਰਸ, ਜੌਹਰ, ਪਸੀਨਾ |
| 39. | ਅਰਬ | ਅ. | ਅਰ+ਬ | ਮਸ਼ਹੂਰ ਮੁਲਕ |
| 40. | ਅਲਗ | ਫ. | ਅ+ਲਗ | ਅੱਡ |
| 41. | ਅਲਮ | ਅ. | ਅ+ਲਮ | ਰੋਜ਼ |
| 42. | ਇਸ਼ਕ | ਅ. | ਇਸ਼+ਕ | ਅੱਤ ਦਰਜੇ ਦਾ ਪਿਆਰ |
| 43. | ਇਸ਼ਟ | ਹਿ. | ਇਸ਼+ਟ | ਦੇਵਤਾ |
| 44. | ਇਲਮ | ਅ. | ਇਲ+ਮ | ਗਿਆਨ |
| 45. | ਇਤਰ | ਅ. | ਇਤ+ਰ | ਖ਼ੁਸ਼ਬੂ |
| 46. | ਇਬਨ | ਅ. | ਇਬ+ਨ | ਪੁੱਤਰ |
| 47. | ਇਰਮ | ਅ. | ਇ+ਰਮ | ਬਹਿਸ਼ਤ |
| 48. | ਸਹਿਕ | ਪੰ. | ਸਹਿ+ਕ | ਤੜਪ |
| 49. | ਸਹਿਮ | ਪੰ. | ਸਹਿ+ਮ | ਡਰ |
| 50. | ਸਹਿਣ | ਹਿ. | ਸ+ਹਿਣ | ਬਰਦਾਸ਼ਤ ਕਰਨਾ |
| 51. | ਸਹਿਰ | ਅ. | ਸ+ਹਿਰ | ਸੁਬਹ |
| 52. | ਸਹਿਲ | ਹਿ. | ਸ+ਹਿਲ | ਆਸਾਨ, ਸੁਖਾਲ਼ਾ |
| 53. | ਸ਼ਹਿਦ | ਅ. | ਸ਼ਹਿ+ਦ | ਅਮਰਿਤ, ਮਾਖੋ, ਮਿੱਠਾ |
| 54. | ਸ਼ਖਸ | ਅ. | ਸ਼ਖ+ਸ | ਮਨੁੱਖ,ਆਦਮੀ |
| 55. | ਸਖ਼ਤ | ਅ. | ਸਖ਼+ਤ | ਮਜਬੂਤ, ਕਰੜਾ |
| 56. | ਸਖ਼ੁਨ | ਫ. | ਸ+ਖ਼ੁਨ | ਬਾਤ, ਕਲਾਮ |
| 57. | ਸੁਖ਼ਨ | ਫ. | ਸੁ+ਖ਼ਨ | ਸ਼ਿਅਰ, ਆਵਾਜ਼ |
| 58. | ਸ਼ਜ਼ਰ | ਅ. | ਸ਼+ਜ਼ਰ | ਦਰਖ਼ਤ |
| 59. | ਸ਼ਜ਼ਰ | ਅ. | ਸ਼ਜ+ਰ | ਮੂੰਹ |
| 60. | ਸਜਲ | ਹਿ. | ਸ+ਜਲ | ਭਿੱਜਿਆ |
| 61. | ਸਦਫ਼ | ਫ. | ਸ+ਦਫ਼ | ਸਿੱਪੀ |
| 62. | ਸਦਰ | ਅ. | ਸਦ+ਰ | ਪਰਧਾਨ |



| | | | | |
|---|---|---|---|---|
| 63. | ਸਨਦ | ਅ. | ਸ+ਨਦ | ਪਰਮਾਣ, ਨਵਿਸ਼ਤ |
| 64. | ਸਨਮ | ਅ. | ਸ+ਨਮ | ਮਾਸ਼ੂਕ, ਪਿਆਰਾ |
| 65. | ਸ਼ਫ਼ਕ | ਅ. | ਸ਼+ਫ਼ਕ | ਸ਼ਾਮੀਂ ਅਸਮਾਨ 'ਤੇ ਲਾਲੀ |
| 66. | ਸਿਫ਼ਤ | ਅ | ਸਿਫ਼+ਤ | ਖ਼ੂਬੀ, ਤਾਰੀਫ਼ |
| 67. | ਸਫ਼ਰ | ਅ. | ਸ+ਫ਼ਰ | ਪੰਧ |
| 68. | ਸਫ਼ਲ | ਹਿ. | ਸ+ਫ਼ਲ | ਕਾਮਯਾਬ |
| 69. | ਸੁਬਹ | ਅ. | ਸੁਬ+ਹ | ਪਰਭਾਤ |
| 70. | ਸਬਕ | ਅ. | ਸ+ਬਕ | ਜੋ ਮਾਸਟਰ ਤੋਂ ਵਿਦਿਆਰਥੀ ਪੜ੍ਹੇ, ਮਿਸਾਲ, ਤਾਜੁਰਬਾਕਾਰੀ |
| 71. | ਸ਼ਬਦ | ਹਿ. | ਸ਼ਬ+ਦ | ਲਫ਼ਜ਼ |
| 72. | ਸਤਨ | ਹਿ. | ਸ਼+ਤਨ | ਦੂਧੀਆਂ |
| 73. | ਸਿਤਮ | ਫ. | ਸਿ+ਤਮ | ਜ਼ੁਲਮ |
| 74. | ਸ਼ੁਤਰ | ਅ. | ਸ਼ੁ+ਤਰ | ਊਠ |
| 75. | ਸਬਬ | ਫ. | ਸ+ਬਬ | ਵਜ੍ਹਾ |
| 76. | ਸਬਬ | ਅ. | ਸ+ਬਬ | ਦੋ ਅੱਖਰੀ ਟੁਕੜੀ, ਇਲਮ ਅਰੂਜ਼ ਵਿਚ |
| 77. | ਸਬਰ | ਹਿ. | ਸਬ+ਰ | ਤਸੱਲੀ, ਸਾਰ ਲੈਣਾ |
| 78. | ਸਬਜ਼ | ਫ. | ਸਬ+ਜ਼ | ਹਰਾ |
| 79. | ਸ਼ਮਅ | ਫ. | ਸ਼ਮ+ਅ | ਮੋਮਬੱਤੀ |
| 80. | ਸ਼ਮਸ | ਅ. | ਸ਼ਮ+ਸ | ਸੂਰਜ |
| 81. | ਸ਼ਰਅ | ਅ. | ਸ਼ਰ+ਅ | ਇਸਲਾਮੀ ਕਾਨੂੰਨ |
| 82. | ਸਮਝ | ਹਿ. | ਸ+ਮਝ | ਸੂਝ |
| 83. | ਸੁਰਖ਼ | ਫ. | ਸੁਰ+ਖ਼ | ਲਾਲ |
| 84. | ਸ਼ੁਗਲ | ਅ. | ਸ਼ੁਗ+ਲ | ਕੰਮ, ਪੇਸ਼ਾ, ਮੌਜ-ਮਸਤੀ |
| 85. | ਸਿਮਰ | ਹਿ. | ਸਿਮ+ਰ | ਭਜਨ |
| 86. | ਸਮਰ | ਹਿ. | ਸ+ਮਰ | ਯੁਧ |
| 87. | ਸ਼ਰਤ | ਅ. | ਸ਼ਰ+ਤ | ਬਾਜ਼ੀ, ਅਹਿਦ-ਪੈਮਾਨ |
| 88. | ਸਰਦ | ਹਿ. | ਸਰ+ਦ | ਠੰਡਾ |
| 89. | ਸ਼ਰਨ | ਹਿ. | ਸ਼ਰ+ਨ | ਆਸਰਾ, ਓਟ |
| 90. | ਸ਼ਰਫ਼ | ਅ. | ਸ਼ਰ+ਫ਼ | ਬਜ਼ੁਰਗੀ, ਉਚਾਈ |

| | | | | |
|---|---|---|---|---|
| 91. | ਸਰਫ਼ | ਅ. | ਸਰ+ਫ਼ | ਖ਼ਰਚ, ਜ਼ੁਬਾਨ ਦੇ ਕਾਇਦੇ ਦੀ ਇਕ ਸ਼ਾਖ਼ |
| 92. | ਸਿਰਫ਼ | ਫ. | ਸਿਰ+ਫ਼ | ਕੇਵਲ, ਇਕੱਲਾ |
| 93. | ਸ਼ਰਮ | ਫ. | ਸ਼ਰ+ਮ | ਹਯਾ, ਗ਼ੈਰਤ |
| 94. | ਸ਼ਲਭ | ਹਿੰ. | ਸ਼+ਲਭ | ਪਤੰਗੇ, ਪਰਵਾਨੇ |
| 95. | ਸਰਲ | ਅ. | ਸ਼ਰ+ਲ | ਅਸਾਨ |
| 96. | ਸ਼ਰਰ | ਅ. | ਸ਼+ਰਰ | ਅੱਗ ਦੀ ਚੰਗਿਆੜੀ |
| 97. | ਹਸਤ | ਹਿੰ. | ਹਸ+ਤ | ਹੱਥ |
| 98. | ਹਸਦ | ਅ. | ਹ+ਸਦ | ਸੜੇਵਾਂ |
| 99. | ਹੁਸਨ | ਅ. | ਹੁਸ+ਨ | ਖ਼ੂਬਸੂਰਤੀ, ਨੇਕੀ, ਅਛਾਈ |
| 100. | ਹਸਬ | ਅ. | ਹਸ+ਬ | ਅੰਦਾਜ਼ਾ, ਗਿਣਤੀ |
| 101. | ਹਸ਼ਰ | ਅ. | ਹਸ਼+ਰ | ਕਿਆਮਤ |
| 102. | ਹਸ਼ਰ | ਅ. | ਹ+ਸ਼ਰ | ਗਿਰੋਹ, ਟੋਲਾ |
| 103. | ਹੁਕਮ | ਫ. | ਹੁਕ+ਮ | ਫ਼ਰਮਾਨ, ਫ਼ੈਸਲਾ |
| 104. | ਹਜ਼ਲ | ਅ. | ਹ+ਜ਼ਲ | ਬੇਹੂਦੇ ਸ਼ਿਅਰ |
| 105. | ਹਰਖ | ਹਿੰ. | ਹ+ਰਖ | ਖ਼ੁਸ਼ੀ |
| 106. | ਹਿਰਖ | ਪੰ. | ਹਿ+ਰਖ | ਗੁੱਸਾ |
| 107. | ਹਰਫ਼ | ਅ. | ਹ+ਰਫ਼ | ਅੱਖਰ |
| 108. | ਹਰਮ | ਅ. | ਹਰ+ਮ | ਜ਼ਨਾਨਖ਼ਾਨਾ, ਕਾਅਬੇ ਦੇ ਆਸੇ ਪਾਸੇ ਦਾ ਨਿਸਚਿਤ ਇਲਾਕਾ, ਬਾਂਦੀ ਜਿਹੜੀ ਬੀਵੀ ਬਣਾ ਲਈ ਹੋਵੇ। |
| 109. | ਕਤਲ | ਅ. | ਕਤ+ਲ | ਜਾਨ ਤੋਂ ਮਾਰ ਲੈਣਾ |
| 110. | ਕਦਰ | ਅ. | ਕਦ+ਰ | ਇੱਜ਼ਤ |
| 111. | ਕਨਕ | ਪੰ. | ਕ+ਨਕ | ਇਕ ਅਨਾਜ |
| 112. | ਕਨਕ | ਸੰ. | ਕ+ਨਕ | ਸੋਨਾ |
| 113. | ਕਨਕ | ਸੰ. | ਕ+ਨਕ | ਧਤੂਰਾ |
| 114. | ਕਪਟ | ਹਿੰ. | ਕ+ਪਟ | ਛਲ, ਫਰੇਬ, ਚਲਾਕੀ |
| 115. | ਕਬਰ | ਅੰ. | ਕਬ+ਰ | ਮੁਰਦੇ ਦੱਬਣ ਦਾ ਟੋਆ |
| 116. | ਕਬਲ | ਅ. | ਕਬ+ਲ | ਪਹਿਲਾਂ |
| 117. | ਕਮਰ | ਫ. | ਕ+ਮਰ | ਲੱਕ |



| | | | | |
|---|---|---|---|---|
| 118. | ਕਮਰ | ਅ. | ਕ+ਮਰ | ਚੰਦ |
| 119. | ਕਰਜ਼ | ਅ. | ਕਰ+ਜ਼ | ਉਧਾਰ |
| 120. | ਕੁਰਬ | ਅ. | ਕੁਰ+ਬ | ਨੇੜਤਾ |
| 121. | ਕਰਮ | ਅ. | ਕ+ਰਮ | ਮਿਹਰਬਾਨੀ |
| 122. | ਕਰਮ | ਹਿੰ. | ਕਰ+ਮ | ਪੁਰਸ਼ਾਰਥ |
| 123. | ਕਲਕ | ਅ. | ਕਲ+ਕ | ਰੰਜ |
| 124. | ਕਲਬ | ਅ. | ਕਲ+ਬ | ਦਿਲ |
| 125. | ਕਲਮ | ਅ. | ਕ+ਲਮ | ਲਿਖਣ ਦੀ ਕਾਨੀ |
| 126. | ਕਸ਼ਿਸ਼ | ਫ. | ਕ+ਸ਼ਿਸ਼ | ਖਿੱਚ, ਆਕਰਸ਼ਨ |
| 127. | ਕਸਕ | ਹਿੰ. | ਕ+ਸਕ | ਦਰਦ, ਪੀੜ |
| 128. | ਕਿਸ਼ਤ | ਅੰ. | ਕਿਸ਼+ਤ | ਹਿੱਸੇ ਵੰਡਣੇ |
| 129. | ਕਸ਼ਦ | ਅ. | ਕਸ਼+ਦ | ਇਰਾਦਾ |
| 130. | ਕਸਬ | ਅ. | ਕ+ਸਮ | ਪੇਸ਼ਾ,ਧੰਦਾ |
| 131. | ਕਸਮ | ਅ. | ਕ+ਸਮ | ਸੌਗੰਧ |
| 132. | ਕਸਰ | ਅ. | ਕਸ+ਰ | ਕਮੀ, ਇਕ ਹਰਕਤ |
| 133. | ਕਹਿਰ | ਫ. | ਕਹਿ+ਰ | ਅੱਤ ਦਾ ਜ਼ੁਲਮ |
| 134. | ਕਟਕ | ਹਿੰ. | ਕ+ਟਕ | ਫ਼ੌਜ |
| 135. | ਕਦਮ | ਫ. | ਕ+ਦਮ | ਪਲਾਂਘ |
| 136. | ਕਫ਼ਸ | ਅ. | ਕ+ਫਸ | ਪਿੰਜਰਾ |
| 137. | ਕਫ਼ਨ | ਅ. | ਕ+ਫ਼ਨ | ਖੱਫਨ |
| 138. | ਕੁਫ਼ਰ | ਅ. | ਕੁ+ਫ਼ਰ | ਰੱਬ ਤੋਂ ਇਨਕਾਰੀ |
| 139. | ਕੁਫਲ | ਅ. | ਕੁਫ+ਲ | ਜਿੰਦਰਾ |
| 140. | ਕਬਕ | ਫ. | ਕ+ਬਕ | ਚਕੌਰ |
| 141. | ਕਬਕ | ਫ. | ਕ+ਬਕ | ਚਾਲ, ਤੋਰ |
| 142. | ਕਮਕ | ਫ. | ਕ+ਮਕ | ਮਦਦ, ਸਹਾਰਾ |
| 143. | ਕਿਰਤ | ਪੰ. | ਕਿਰ+ਤ | ਮਿਹਨਤ, ਕਮਾਈ, ਕੰਮ |
| 144. | ਖ਼ੁਸ਼ਕ | ਫ. | ਖ਼ੁਸ਼+ਕ | ਸੁੱਕਾ |
| 145. | ਖ਼ਸਮ | ਅ. | ਖ਼ਸ+ਮ | ਮਾਲਿਕ, ਪਤੀ |
| 146. | ਖ਼ਤਰ | ਫ. | ਖ਼+ਤਰ | ਡਰ |
| 147. | ਖ਼ਬਤ | ਅ. | ਖ਼ਬ+ਤ | ਜਨੂੰਨ, ਸਿਰੜ |

| | | | | |
|---|---|---|---|---|
| 148. | ख़बर | फ. | ख़+बर | सूचना, पता लगाना |
| 149. | ख़लक | अ. | ख़ल+क | दुनीआं, ख़िलकत |
| 150. | गगन | हिं. | ग+गन | असमान |
| 151. | ग़ज़ब | अ. | ग़+ज़ब | कहिर, ज़ुलम |
| 152. | ग़ज़ल | अ. | ग़+ज़ल | महिबूब नाल़ गॅलां करनीआं |
| 153. | ग़दर | अ. | ग़द+र | फ़साद, इनकलाब, करांती, राज पलटा |
| 154. | ग़रज़ | फ. | ग़+रज़ | ज़रूरत, मतलब |
| 155. | गरद | फ. | गर+द | धूल |
| 156. | गरम | फ. | गर+म | तॅता |
| 157. | ग़लत | अ. | ग़+लत | झूठ |
| 158. | चुसत | पं. | चुस+त | चलाक, हुशिआर |
| 159. | चमक | हिं. | च+मक | रौशनी |
| 160. | चरस | हिं. | चर+स | इक नशा, चमड़े दा बॅकरा |
| 161. | चरच | इं. | चर+च | गिरजा घर |
| 162. | चलन | हिं. | च+लन | चरितर |
| 163. | छलक | हिं. | छ+लक | छल वजणी |
| 164. | जशन | फ. | जश+न | ख़ुशी दी महिफ़ल |
| 165. | ज़िहन | अ. | ज़िह+न | समझ, अकलमंदी, दिमाग़ |
| 166. | ज़हिर | फ. | ज़हि+र | जिस दे खाण तॅं मौत हॉ जावे |
| 167. | जहिल | फ. | जहि+ल | बेवकूफ़ी, नादानी |
| 168. | जकड़ | हिं. | ज+कड़ | मजबूत, पकड़ |
| 169. | ज़ख़म | फ. | ज़ख़+म | घाउ, फॅट |
| 170. | जज़ब | अ. | जज़+ब | कशिश, आपणे वॅल खिॅचणा |
| 171. | जटिल | हिं. | ज+टिल | मुशकिल |
| 172. | जफ़र | अ. | जफ़+र | इक ग़ैबी इलम |
| 173. | ज़फ़र | फ. | ज़+फ़र | कामजाबी, भारत दे आख़री बादशाह बहादर शाह दा तखॅलुस (उपनाम) |
| 174. | ज़बत | अ. | ज़ब+त | संजम, परबंध |



| | | | | |
|---|---|---|---|---|
| 175. | जबर | अ. | जब+र | ज़बरदसती, ज़ोरा-ज़बरी |
| 176. | जलद | फ. | जल+द | छेती, तेज़ी |
| 177. | ज़ुलम | फ. | ज़ुल+म | बे-इनसाफ़ी, ज़िआदती |
| 178. | जुरम | फ. | जुर+म | गुनाह, पाप |
| 179. | ज़रब | फ. | ज़र+ब | चॅट, सदमा, हिसाब दा तरीका |
| 180. | झपक | हिं. | झ+पक | पलकां दा झपकणा |
| 181. | टहिक | हिं. | टहि+क | खिड़णा |
| 182. | टहिल | पं. | टहि+ल | सेवा |
| 183. | ठहिर | हिं. | ठहि+र | रुक, रॉक |
| 184. | डल्ल्क | पं. | डल्ल्+क | लिशक |
| 185. | तहित | अ. | तहि+त | थॅले, कबज़ा, हेठला हिॅसा, रॉअब |
| 186. | तख़त | फ. | तख़+त | सिंघासन |
| 187. | तबक | अ. | तब+क | थाल, रकाबी, सरपॅोश, मंज़िल |
| 188. | तबर | फ. | त+बर | कुहाड़ी |
| 189. | तरस | हिं. | तर+स | दिआ |
| 190. | तरक | अ. | तर+क | तिआगणा |
| 191. | तुरक | अ. | तुर+क | तुरकी कौंम |
| 192. | तरज़ | अ. | तर+ज़ | ढंग, तरीका |
| 193. | तुरत | प. | तुर+त | छेती तॅं छेती |
| 194. | तरफ | फ. | तर+फ | दिशा, पासा |
| 195. | तलख़ | फ. | तल+ख़ | कौंड़ा-तेज़, नागवार |
| 196. | तलफ़ | अ. | तल+फ़ | तबाह, ज़ाइआ |
| 197. | तलब | अ. | त+लब | चाह, तनख़ाह |
| 198. | तड़प | हिं. | त+ड़प | बेकरारी, तड़फणा |
| 199. | दसत | फ. | दस+त | हॅथ |
| 200. | दहिर | | दहि+र | रुज़गार, ज़मानां |
| 201. | दफ़न | फ. | दफ़+न | धरती चि दॅबणा |
| 202. | दबश | | दब+श | रॉअब, ताड़ना |
| 203. | दमक | हिं. | द+मक | चमकीलापण |
| 204. | दमन | हिं. | द+मन | दबाउणा, मिटाउणा |

| | | | | |
|---|---|---|---|---|
| 205. | ਦਰਸ | ਹਿ. | ਦਰ+ਸ | ਦੀਦਾਰ, ਦਰਸ਼ਨ |
| 206. | ਦਰਦ | ਹਿ. | ਦਰ+ਦ | ਪੀੜ, ਦੁਖ |
| 207. | ਦਰਭ | ਹਿ. | | ਦੌਲਤ, ਧਨ |
| 208. | ਧਿਰਗ | ਹਿ. | ਧਿਰ+ਗ | ਲਾਅਨਤ |
| 209. | ਧਰਨ | ਪੰ. | ਧਰ+ਨ | ਢਿੱਡ ਦੀ ਨਾੜ ਚੜ੍ਹਨੀ |
| 210. | ਧਰਮ | ਹਿ. | ਧਰ+ਮ | ਮਨੁੱਖੀ ਫ਼ਰਜ਼, ਇਨਸਾਫ਼ |
| 211. | ਨਕਸ਼ | ਅ. | ਨਕ+ਸ਼ | ਚਿੰਨ੍ਹ, ਚਿਤਰਕਾਰੀ |
| 212. | ਨਕਤ | ਅ. | ਨਕ+ਤ | ਬਿੰਦੀ, ਵਿਚਕਾਰ |
| 213. | ਨਕਦ | ਅ. | ਨਕ+ਦ | ਰੋਕ, ਕੀਮਤਨ |
| 214. | ਨਕਬ | ਫ. | ਨਕ+ਬ | ਪਾੜ, ਸੁਰੰਗ, ਕੋਮਲ |
| 215. | ਨਕਲ | ਅ. | ਨਕ+ਲ | ਬਨੌਟੀ, ਰੀਸ ਕਰਨੀ, ਨਕਲ ਉਤਾਰਨੀ, ਨਮੂਨਾ, ਕੋਈ ਚੀਜ਼ ਇਕ ਥਾਂ ਤੋਂ ਦੂਜੀ ਥਾਂ ਲੈ ਜਾਣੀ |
| 216. | ਨੁਕਲ | ਅ. | ਨੁਕ+ਲ | ਸ਼ਰਾਬ ਨਾਲ਼ ਖਾਣ ਵਾਲ਼ੀ ਚੀਜ਼ |
| 217. | ਨਗਨ | ਹਿ. | ਨ+ਗਨ | ਨੰਗੀ |
| 218. | ਨਿਗਮ | ਹਿ. | ਨਿ+ਗਮ | ਮੁਕੱਦਸ ਕਿਤਾਬ, ਪਵਿੱਤਰ-ਲਿਖਤ, ਨਗਰ ਕਮੇਟੀ |
| 219. | ਨਗਰ | ਹਿ. | ਨ+ਗਰ | ਸ਼ਹਿਰ |
| 220. | ਨਜ਼ਦ | ਫ. | ਨਜ਼+ਦ | ਨੇੜੇ, ਕਰੀਬ |
| 221. | ਨਜ਼ਮ | ਫ. | ਨਜ਼+ਮ | ਕਵਿਤਾ, ਵਜ਼ਨ ਵਿਚ ਠੀਕ ਜਗ੍ਹਾ ਚੀਜ਼ਾਂ ਰਖਣੀਆਂ, ਸਜਾਵਟ |
| 222. | ਨਜ਼ਰ | ਅ. | ਨ+ਜ਼ਰ | ਨਿਗਾਹ, ਚਿਤਵਨ |
| 223. | ਨਜ਼ਰ | ਅ. | ਨਜ਼+ਰ | ਭੇਂਟ |
| 224. | ਨਿਡਰ | ਹਿ. | ਨਿ+ਡਰ | ਬੇਖ਼ੌਫ਼, ਬੇ-ਡਰ |
| 225. | ਨਿਧਨ | ਹਿ. | ਨਿ+ਧਨ | ਮਿਰਤੂ, ਮੌਤ |
| 226. | ਨਫ਼ਸ | ਅ. | ਨ+ਫ਼ਸ | ਸਾਹ |
| 227. | ਨਫਸ | ਅ. | ਨਫ+ਸ | ਜਾਨ, ਰੂਹ, ਖ਼ੂਨ, ਹਕੀਕਤ |
| 228. | ਨਫਸ (ਅੱਪਾਰਾ) | ਅ. | ਨਫ+ਸ | ਬੁਰੇ ਕੰਮ ਵੱਲ ਲੈ ਜਾਣ ਵਾਲ਼ੀ ਹੈਵਾਨੀ ਖ਼ਾਹਿਸ਼ |
| 229. | ਨਬਜ਼ | ਅ. | ਨਬ+ਜ਼ | ਹੱਥ ਦੀ ਨਾੜ, ਜਿਸ ਦੀ ਗਤੀ ਨਾਲ਼ ਬੰਦੇ ਦੀ ਬਿਮਾਰੀ ਦਾ ਪਤਾ ਲਗਦਾ ਹੈ। |
| 230. | ਨਮਕ | ਹਿ. | ਨ+ਮਕ | ਲੂਣ |
| 231. | ਨਿਮਖ | ਪੰ. | ਨਿਮ+ਖ | ਖਿਣ-ਮਾਤਰ |
| 232. | ਨਮਰ | ਹਿ. | ਨਮ+ਰ | ਨਿਮਰਤਾ ਵਾਲਾ |
| 233 | ਨਿਰਖ | ਹਿ. | ਨਿਰ+ਖ | ਪਛਾਣ, ਭਾਅ |
| 234. | ਨਿਰਤ | ਹਿ. | ਨਿਰ+ਤ | ਨਾਚ |
| 235. | ਨਰਦ | ਹਿ. | ਨਰ+ਦ | ਗੋਟ |
| 236. | ਨਿਰਪ | ਹਿ. | ਨਿਰ+ਪ | ਰਾਜਾ |
| 237. | ਨਰਮੇ | ਫ. | ਨਰ+ਮ | ਮੁਲਾਇਮ |
| 238. | ਨਰੜ | ਪੰ. | ਨਰ+ੜ | ਜੂੜ, ਕਸ ਕੇ ਬੰਨ੍ਹ ਦੇਣਾ |
| 239. | ਪੁਸ਼ਟ | ਹਿ. | ਪੁਸ਼+ਟ | ਮਜਬੂਤ |
| 240. | ਪੁਸ਼ਤ | ਫ. | ਪੁਸ਼+ਤ | ਕੰਡ, ਸਹਾਰਾ, ਪੀੜ੍ਹੀ ਦਰ ਪੀੜ੍ਹੀ |
| 241. | ਪੁਸ਼ਪ | ਹਿ. | ਪੁਸ਼+ਪ | ਫੁੱਲ |
| 242. | ਪਹਿਰ | ਹਿ. | ਪਹਿ+ਰ | ਸਮੇਂ ਦਾ ਹਿਸਾਬ |
| 243. | ਪਹਿਲ | ਪੰ. | ਪਹਿ+ਲ | ਪਹਿਲਾਂ, ਸ਼ੁਰੂਆਤ, ਆਰੰਭ |
| 244. | ਪਕਸ਼ | ਹਿ. | ਪਕ+ਸ਼ | ਤਰਫ਼ਦਾਰੀ, ਪੱਖ-ਪਾਤ |
| 245. | ਪਤਤ | ਪੰ. | ਪ+ਤਤ | ਭਰਿਸ਼ਟ |
| 246. | ਪਿਤਰ | ਹਿ. | ਪਿਤ+ਰ | ਬਜ਼ੁਰਗ, ਮਾਤਾ-ਪਿਤਾ, ਪੁਰਖਾ |
| 247. | ਪਦਕ | ਹਿ. | ਪ+ਦਕ | ਤਮਗਾ |
| 248. | ਪਦਮ | ਹਿ. | ਪ+ਦਮ | ਇਕ ਗਿਣਤੀ, ਪੈਰ ਦੀ ਖ਼ਾਸ ਲਕੀਰ |
| 249. | ਪਕੜ | ਪੰ. | ਪ+ਕੜ | ਕੁਸ਼ਤੀ ਲੜਣਾ, ਮਾਰ ਵਿਚ ਹੋਣਾ |
| 250. | ਪੁਨਰ | ਸੰ. | ਪੁ+ਨਰ | ਦੁਬਾਰਾ |
| 251. | ਪਲਕ | ਹਿ. | ਪ+ਲਕ | ਝਿਮਣੀ |
| 252. | ਫ਼ਸਲ | ਅ. | ਫ਼ਸ+ਲ | ਰੁਤ, ਹਿੱਸਾ, ਜੁਦਾਈ, ਖੇਤੀ |
| 253. | ਫ਼ਕਤ | ਅ. | ਫ਼+ਕਤ | ਕੇਵਲ, ਸਿਰਫ਼ |
| 254. | ਫ਼ਿਕਰ | ਅ. | ਫ਼ਿਕ+ਰ | ਗ਼ੌਰ, ਖ਼ਿਆਲ, ਚਿੰਤਾ, ਰੰਜ |
| 255. | ਫ਼ਖ਼ਰ | ਫ. | ਫ਼+ਖ਼ਰ | ਮਾਨ, ਘੁਮੰਡ, ਸ਼ੇਖੀ, ਨਾਜ਼ |
| 256. | ਫਤਿਹ | ਅ. | ਫ+ਤਹਿ | ਜਿੱਤ |
| 257. | ਫ਼ਰਕ | ਅ. | ਫ਼ਰ+ਕ | ਫ਼ਾਸਲਾ, ਵਿੱਥ, ਦਰੇਂਤ |
| 258. | ਫ਼ਰਜ਼ | ਅ. | ਫ਼ਰ+ਜ਼ | ਕਰਤੱਵ |
| 259. | ਫਰਦ | ਅ. | ਫਰ+ਦ | ਇਕੱਲਾ ਆਦਮੀ, ਕਾਗ਼ਜ਼ਾਂ ਦੀ |

| | | | | |
|---|---|---|---|---|
| | | | | ਇਕ ਪਰਤ |
| 260. | ਫਲਕ | ਅ. | ਫ+ਲਕ | ਅਸਮਾਨ |
| 261. | ਬਸਰ | ਅ. | ਬ+ਸਰ | ਗੁਜ਼ਰ |
| 262. | ਬੁਸਰ | ਅ. | ਬੁਸ+ਰ | ਕੱਚੀਆਂ ਖ਼ਜੂਰਾਂ |
| 263. | ਬਸ਼ਰ | ਅ. | ਬ+ਸ਼ਰ | ਆਦਮੀ |
| 264. | ਬਹਿਸ | ਫ. | ਬਹਿ+ਸ | ਦਲੀਲ ਨਾਲ਼ ਝਗੜਨਾ |
| 265. | ਬਹਿਕ | ਫ. | ਬਹਿ+ਕ | ਬਕਣਾ |
| 266. | ਬਹਿਰ | ਅ. | ਬਹਿ+ਰ | ਸਮੁੰਦਰ, ਵੱਡਾ ਦਰਿਆ, ਸ਼ਿਅਰਾਂ ਦਾ ਵਜ਼ਨ |
| 267. | ਬਖਸ਼ | ਫ. | ਬਖ਼+ਸ਼ | ਬਖ਼ਸ਼ਣ ਵਾਲਾ, ਮੁਆਫ਼ੀ, ਖ਼ਿਮਾ |
| 268. | ਬਖ਼ਤ | ਫ. | ਬਖ਼+ਤ | ਨਸੀਬ |
| 269. | ਬਿਖ਼ਰ | ਹਿੰ. | ਬਿ+ਖਰ | ਖਿੰਡਣ |
| 270. | ਬਦਨ | ਹਿੰ. | ਬ+ਦਨ | ਜਿਸਮ, ਪਿੰਡਾ |
| 271. | ਬਦਲ | ਅ. | ਬ+ਦਲ | ਬਦਲਣ ਤੋਂ ਉਸ ਵਰਗਾ |
| 272. | ਬਦਲ | ਪੰ. | ਬਦ+ਲ | |
| 273. | ਬਦਰ | ਅ. | ਬਦ+ਰ | ਪੂਰਾ ਚੰਦ, ਬਾਹਿਰ |
| 274. | ਬਰਸ | ਹਿੰ. | ਬਰ+ਸ | ਸਾਲ |
| 275. | ਬਰਸ | ਹਿੰ. | ਬ+ਰਸ | ਵੱਸਣਾ (ਮੀਂਹ ਪੈਣ ਤੋਂ) |
| 276. | ਬਰਕ | ਫ. | ਬਰ+ਕ | ਬਿਜਲੀ |
| 277. | ਬਰਗ | ਫ. | ਬਰ+ਗ | ਪੱਤੇ (ਪੱਤੀਆਂ) |
| 278. | ਬਲਮ | ਹਿੰ. | ਬ+ਲਮ | ਮਹਿਬੂਬ |
| 279. | ਭਸਮ | ਹਿੰ. | ਭਸ+ਮ | ਸੁਆਹ, ਸੁਆਹ ਹੋ ਜਾਣਾ |
| 280. | ਭਗਤ | ਹਿੰ. | ਭਗ+ਤ | ਈਸ਼ਵਰ-ਉਪਾਸ਼ਕ |
| 281. | ਭਜਨ | ਹਿੰ. | ਭ+ਜਨ | ਰੱਬੀ ਗੀਤ, ਸਿਮਰਨ |
| 282. | ਭਬਕ | ਹਿੰ. | ਭ+ਬਕ | ਦਹਾੜ, ਭੜਕ ਦੇ ਕੇ |
| 283. | ਭਮਕ | ਪੰ. | ਭਮ+ਕ | ਅੱਗ 'ਚ ਮਿਰਚਾਂ ਪੈ ਜਾਣ ਤੋਂ ਆਉਣ ਵਾਲ਼ੀ ਹਵਾੜ (ਬਦਬੂ) |
| 284. | ਭਰਤ | ਪੰ. | ਭਰ+ਤ | ਨੀਵੀਂ ਜਗ੍ਹਾ ਮਿੱਟੀ ਭਰ ਕੇ ਉੱਚੀ ਕਰਨੀ (ਭਰਤੀ ਤੋਂ ਮੁਰਾਦ) |
| 285. | ਭਲਕ | ਪੰ. | ਭਲ+ਕ | ਅਗਲਾ ਦਿਨ |



| | | | | |
|---|---|---|---|---|
| 286. | ਭੜਕ | ਪੰ. | ਭੜ+ਕ | ਚਮਕ, ਦਮਕ, ਤੇਜ਼ੀ |
| 287. | ਮਸ਼ਕ | ਫ. | ਮਸ਼+ਕ | ਰਿਆਜ਼, ਸਾਧਨਾ |
| 288. | ਮਸਤ | ਪੰ. | ਮਸ+ਤ | ਬੇਖ਼ੁਦ ਆਪਣੇ ਆਪ ਤੋਂ ਬੇਪ੍ਰਵਾਹ |
| 289. | ਮਿਸਰ | ਅ. | ਮਿਸ+ਰ | ਮਸ਼ਹੂਰ ਮੁਲਕ |
| 290. | ਮਸਲ | ਅ. | ਮਸ+ਲ | ਕਹਾਵਤ, ਅਖਾਣ |
| 291. | ਮਿਸਲ | ਅ. | ਮਿਸ+ਲ | ਮੁਕੱਦਮੇ ਦੇ ਕਾਗ਼ਜ਼ਾਤ |
| 292. | ਮਹਿਕ | ਹਿੰ. | ਮਹਿ+ਕ | ਖ਼ੁਸ਼ਬੂ |
| 293. | ਮਕਰ | ਪੰ. | ਮ+ਕਰ | ਪਾਖੰਡ |
| 294. | ਮੁਕਟ | ਹਿੰ. | ਮੁਕ+ਟ | ਤਾਜ |
| 295. | ਮਗਸ | ਹਿੰ. | ਮਗ+ਸ | ਮੱਖੀ (ਸ਼ਹਿਦ ਦੀ) |
| 296. | ਮਗਜ਼ | ਫ. | ਮਗ਼+ਜ਼ | ਭੇਜਾ |
| 297. | ਮਗਨ | ਹਿੰ. | ਮ+ਗਨ | ਮਸਤ, ਬੇਖ਼ੁਦ |
| 298. | ਮਗਰ | ਹਿੰ. | ਮ+ਗਰ | ਐਪਰ, ਸ਼ਾਇਦ |
| 299. | ਮਗਰ | ਹਿੰ. | ਮ+ਗਰ | ਪਾਣੀ ਦਾ ਜਾਨਵਰ, ਮਗਰਮੱਛ |
| 300. | ਮਗਰ | ਪੰ. | ਮਗ+ਰ | ਪਾਣੀ ਦਾ ਜਾਨਵਰ |
| 301. | ਮਜਲ | ਪੰ. | ਮ+ਜਲ | ਅਰਬੀ ਮਗ਼ਰ ਜਾਣ ਵਾਲੇ ਲੋਕ |
| 302. | ਮਦਦ | ਅ. | ਮ+ਦਦ | ਇਮਦਾਦ, ਸਹਾਰਾ |
| 303. | ਮਧੁਰ | ਹਿੰ. | ਮ+ਧੁਰ | ਲੁਭਾਵਨਾ, ਮਿਠਾਸ ਭਰਿਆ |
| 304. | ਮਰਜ਼ | ਅ. | ਮ+ਰਜ਼ | ਬਿਮਾਰੀ |
| 305. | ਮੁਲਕ | ਅ. | ਮੁਲ+ਕ | ਦੇਸ਼ |
| 306. | ਮਲਕ | ਅ. | ਮ+ਲਕ | ਫ਼ਰਿਸ਼ਤਾ |
| 307. | ਮਲਿਕ | ਅ. | ਮ+ਲਿਕ | ਬਾਦਸ਼ਾਹ |
| 308. | ਮਿਲਕ | ਅ. | ਮਿਲ+ਕ | ਜਾਗੀਰ, ਜ਼ਮੀਨ, ਜਾਇਦਾਦ, ਕਬਜ਼ੇ ਕੀਤਾ ਮਾਲ ਅਸਬਾਬ |
| 309. | ਮਿਲਨ | ਹਿੰ. | ਮਿ+ਲਨ | ਮਿਲਾਪ, ਵਸਲ |
| 310. | ਮਲਨ | ਪੰ. | ਮ+ਲਨ | ਲਿੱਪਣ ਵਾਲ਼ੀ ਮਿੱਟੀ ਵਿਚ ਪਾਉਣ ਵਾਲੀ ਪਲੋਂ, ਲਿੱਦ, ਤੂੜੀ ਦੀ ਗੀਣ |
| 311. | ਮੜਕ | ਪੰ. | ਮ+ੜਕ | ਆਕੜ, ਨਖ਼ਰਾ |
| 312. | ਯਕਸ਼ | ਹਿੰ. | ਯਕ+ਸ਼ | ਗੁਪਤ, ਰੂਹ |
| 313. | ਰਸਿਕ | ਹਿੰ. | ਰ+ਸਿਕ | ਰਸੀਆ, ਐਸ਼-ਪਰਸਤ |

| | | | | |
|---|---|---|---|---|
| 314. | ਰਸ਼ਕ | ਫ. | ਰਸ਼+ਕ | ਤੀਰ ਅੰਦਾਜ਼ੀ |
| 315. | ਰਸ਼ਕ | ਫ. | ਰਸ਼+ਕ | ਕਿਸੇ ਦੇ ਬਰਾਬਰ ਹੋਣ ਦੀ ਇੱਛਿਆ |
| 316. | ਰੁਸ਼ਕ | ਅ. | ਰੁਸ਼+ਕ | ਬਿਛੂ |
| 317. | ਰਿਸ਼ਕ | ਅ. | ਰਿਸ਼+ਕ | ਲੰਮੀ ਦਾੜ੍ਹੀ ਵਾਲੇ |
| 318. | ਰਸਦ | ਫ. | ਰ+ਸਦ | ਖਾਣ ਪੀਣ ਦਾ ਸਮਾਨ |
| 319. | ਰਸਨ | ਅ. | ਰ+ਸਨ | ਰੱਸੀ |
| 320. | ਰਸਮ | ਅ. | ਰਸ+ਮ | ਰਿਵਾਜ, ਰੀਤ |
| 321. | ਰਹਿਤ | ਹਿ. | ਰਹਿ+ਤ | ਮਰਿਯਾਦਾ |
| 322. | ਰਹਿਨ | ਹਿ. | ਰ+ਹਿਨ | ਗਿਰਵੀ, ਗਹਿਣੇ ਰੱਖਣਾ |
| 323. | ਰਹਿਮ | ਹਿ. | ਰਹਿ+ਮ | ਤਰਸ, ਮਿਹਰਬਾਨੀ |
| 324. | ਰਹਿਮ | ਅ. | ਰਹਿ+ਮ | ਬੱਚਾ ਦਾਨੀ |
| 325. | ਰਕਸ | ਅ. | ਰਕ+ਸ | ਨਾਚ |
| 326. | ਰਕਤ | ਹਿ. | ਰਕ+ਤ | ਖ਼ੂਨ, ਲਹੂ |
| 327. | ਰੁਕਨ | ਅ. | ਰੁਕ+ਨ | ਥੰਮ, ਅਰਬੀ ਪਿੰਗਲ (ਅਰੂਜ਼) ਦਾ ਗਣ |
| 328. | ਰਕਮ | ਅ. | ਰ+ਕਮ | ਲਿਖਤ, ਮੁਹਰ, ਨਿਸ਼ਾਨ, ਰੁਪਈਆ, ਪੈਸਾ |
| 329. | ਰਚਿਤ | ਹਿ. | ਰ+ਚਿਤ | ਰਚਿਆ ਗਿਆ |
| 330. | ਰਜ਼ਮ | ਫ. | ਰਜ਼+ਮ | ਜੰਗ, ਲੜਾਈ |
| 331. | ਰਿਜ਼ਕ | ਅ. | ਰਿਜ਼+ਕ | ਰੋਜ਼ੀ, ਖਾਣਾ, ਖੁਰਾਕ |
| 332. | ਰਖ਼ਤ | ਫ. | ਰਖ਼+ਤ | ਜਾਮਾ, ਅਸਬਾਬ |
| 333. | ਰਬਤ | ਅ. | ਰਬ+ਤ | ਮੇਲ, ਤਅਲੁਕ |
| 334. | ਰੜਕ | ਪੰ. | ਰ+ੜਕ | ਅੱਖਾਂ ਦੀ ਪੀੜਤ, ਖ਼ੋਰ |
| 335. | ਲਿਸ਼ਕ | ਪੰ. | ਲਿਸ਼+ਕ | ਚਮਕ |
| 336. | ਲਹਿਰ | ਹਿ. | ਲਹਿ+ਰ | ਦਰਿਆ ਦੀ ਛਲ, ਮਸਤੀ |
| 337. | ਲਕਸ਼ | ਹਿ. | ਲਕ+ਸ਼ | ਨਿਸ਼ਾਨਾ |
| 338. | ਲਕਬ | ਅ. | ਲ+ਕਬ | ਨਾਂ, ਜਿਹੜਾ ਕਿਸੇ ਖ਼ੂਬੀ ਕਾਰਨ ਰੱਖਿਆ ਗਿਆ ਹੋਵੇ। |
| 339. | ਲਿਖਤ | ਪੰ. | ਲਿਖ+ਤ | ਤਹਿਰੀਰ, ਲਿਖੀ ਹੋਈ |
| 340. | ਲਗਨ | ਹਿ. | ਲ+ਗਨ | ਧੁੰਨ, ਵਿਆਹ ਦਾ ਸਮਾਂ |
| 341. | ਲਖ਼ਤ | ਫ. | ਲਖ਼+ਤ | ਟੁਕੜਾ |
| 342. | ਵਫ਼ਦ | ਅ. | ਵਫ਼+ਦ | ਪਰਿਤਨਿਧੀ ਮੰਡਲ |



| | | | | |
|---|---|---|---|---|
| 343. | ਵਰਸ਼ | ਹਿ. | ਵਰ+ਸ਼ | ਸਾਲ, ਵਰ੍ਹਾ |
| 344. | ਵਰਕ | ਅ. | ਵਰ+ਕ | ਪੱਤਾ, ਕਾਗ਼ਜ਼ |
| 345. | ਵਰਗ | ਹਿ. | ਵਰ+ਗ | ਜੋਤਿਸ਼ ਵਿਚ ਅੱਠ ਵਰਗ ਹੁੰਦੇ ਹਨ ਸ਼ਰੇਣੀ, ਜਮਾਤ, ਚੌਕੋਰ |
| 346. | ਵਰਜ | ਹਿ. | ਵਰ+ਜ | ਰੋਕਣਾ |
| 347. | ਵਰਤ | ਹਿ. | ਵ+ਰਤ | ਉਪਵਾਸ, ਪਰਤਿੱਗਿਆ |
| 348. | ਵਰਨ | ਸੰ. | ਵ+ਰਨ | ਰੰਗ, ਜ਼ਾਤ ਮਨੂੰ ਦੇ ਬਣਾਏ ਚਾਰ ਵਰਨ |
| 349. | ਵਰਮ | ਪੰ. | ਵਰ+ਮ | ਛੇਕ |
| 350. | ਵਲਦ | ਅ. | ਵਲ+ਦ | ਪੁੱਤਰ |
| 351. | ਵਿਵਸ਼ | ਹਿ. | ਵਿ+ਵਸ਼ | ਮਜਬੂਰ |
| 352. | ਵਿਪਤ | ਹਿ. | ਵਿਪ+ਤ | ਮੁਸੀਬਤ |

## ਕਾਂਡ-7 - ਅ
## ਚਾਰ ਅੱਖਰੇ ਮੁਕਤੇ ਸ਼ਬਦਾਂ ਦਾ ਸਹੀ ਵਜ਼ਨ:

ਸਿਖਿਆਰਥੀਓ! ਕਾਂਡ- 7 (ਓ) ਵਿਚ ਤੁਸੀਂ ਤਿੰਨ ਅੱਖਰੇ ਮੁਕਤੇ ਸ਼ਬਦਾਂ ਦਾ ਸਹੀ ਵਜ਼ਨ ਅਤੇ ਉਚਾਰਣ ਪੜ੍ਹ ਚੁੱਕੇ ਹੋ। ਤਿੰਨ ਅੱਖਰੇ ਮੁਕਤੇ ਸ਼ਬਦਾਂ ਵਾਂਗ ਹੀ ਚਾਰ ਅੱਖਰੇ ਮੁਕਤੇ ਸ਼ਬਦ ਅਤੇ ਪੰਜ ਅੱਖਰੇ ਮੁਕਤੇ ਸ਼ਬਦ ਵੀ ਹੁੰਦੇ ਹਨ। ਜਿਨ੍ਹਾਂ ਦਾ ਸਹੀ ਵਜ਼ਨ ਅਤੇ ਉਚਾਰਣ ਜਾਣਨਾ ਵੀ ਜ਼ਰੂਰੀ ਹੈ।

ਚਾਰ ਅੱਖਰੇ ਮੁਕਤੇ ਸ਼ਬਦ ਬਹੁਤ ਥੋੜ੍ਹੇ ਜਿਹੇ ਹਨ। ਕਈ ਸ਼ਬਦਾਂ ਵਿਚ ਪਹਿਲੇ ਅੱਖਰ ਨੂੰ ਕੋਈ ਛੋਟੀ ਜਾਂ ਲਘੂ ਲਗ ਲੱਗੀ ਹੁੰਦੀ ਹੈ। ਅਜਿਹੇ ਸ਼ਬਦਾਂ ਦਾ ਵਜ਼ਨ ਨਿਰਧਾਰਿਤ ਕਰਨਾ ਕੋਈ ਔਖਾ ਨਹੀਂ ਹੈ। <u>ਅਕਸਰ</u> ਅਜਿਹੇ ਸ਼ਬਦ ਜੋ ਸਬੱਬ-ਖ਼ਫ਼ੀਫਾਂ 'ਤੇ ਅਧਾਰਤ ਹੁੰਦੇ ਹਨ ਜੋ ਇਕ ਫ਼ੇਲੁਨ ਦੇ ਬਰਾਬਰ ਹੁੰਦੇ ਹਨ। ਕੁਝ ਸ਼ਬਦ ਪਿੱਛੇ ਇਕ ਵਾਕ ਵਿਚ ਮੈਂ <u>ਅਕਸਰ</u> ਸ਼ਬਦ ਵਰਤਿਆ ਹੈ। <u>ਅਕਸਰ</u> ਸ਼ਬਦ ਦੋ ਸਬੱਬ-ਖ਼ਫ਼ੀਫ਼ਾਂ ਜਾਂ ਇਕ ਫ਼ੇਲੁਨ ਉੱਪਰ ਅਧਾਰਤ ਹੈ। ਇਸਦੇ ਟੋਟੇ ਇਉਂ ਹੋਣਗੇ: ਅਕ+ਸਰ=S S=ਇਕ ਫ਼ੇਲੁਨ ਚਾਰ ਅਖਰੇ ਮੁਕਤੇ ਸ਼ਬਦਾਂ ਦੇ ਪਹਿਲੇ ਅੱਖਰ

ਨੂੰ ਕੋਈ ਛੋਟੀ ਲਗ ਕਈ ਵਾਰ ਲੱਗੀ ਹੁੰਦੀ ਹੈ। ਛੋਟੀ ਲਗ ਭਾਵ ਔਂਕੜ ਜਾਂ ਸਿਹਾਰੀ ਵਿਚੋਂ ਕੋਈ ਵੀ ਲਗ ਹੋ ਸਕਦੀ ਹੈ। ਸਿਹਾਰੀ ਵਾਲ਼ੇ ਸ਼ਬਦਾਂ ਵਿਚੋਂ <u>ਕਿਸਮਤ</u> ਸ਼ਬਦ ਦਾ ਮਿਸਾਲ ਆਪਾਂ ਲੈਂਦੇ ਹਾਂ ਜਿਸਦੇ ਟੋਟੇ ਵੀ ਉਪਰੋਕਤ ਅਕਸਰ ਸ਼ਬਦ ਵਾਂਗ ਹੀ ਹੋਣਗੇ ਜਿਵੇਂ:- ਕਿਸ+ਮਤ=SS=ਇਕ ਫ਼ੇਲੁਨ

ਤੁਹਾਨੂੰ ਪਤਾ ਹੀ ਹੈ ਕਿ ਛੋਟੀਆਂ ਲਗਾਂ ਦਾ ਕਿਸੇ ਸ਼ਬਦ ਵਿਚ ਕੋਈ ਮੁੱਲ ਜਾਂ ਵਜ਼ਨ ਨਹੀਂ ਹੁੰਦਾ ਇਸ ਲਈ ਕਿਸਮਤ ਸ਼ਬਦ ਦੇ ਪਹਿਲੇ ਅੱਖਰ ਕੱਕੇ ਨੂੰ ਲੱਗੀ ਸਿਹਾਰੀ ਵੀ ਕੱਕੇ ਦੇ ਵਜ਼ਨ ਜਾਂ ਮੁੱਲ ਵਿਚ ਕੋਈ ਫ਼ਰਕ ਨਹੀਂ ਪਾਉਂਦੀ ਅਤੇ ਕਿਸਮਤ ਸ਼ਬਦ ਵੀ ਅਕਸਰ ਸ਼ਬਦ ਵਾਂਗ ਹੀ ਦੋ ਸਬੱਬ-ਖ਼ਫ਼ੀਫ਼ਾਂ ਜਾਂ ਇਕ ਫ਼ੇਲੁਨ ਦੇ ਬਰਾਬਰ ਹੀ ਗਿਣਿਆ ਜਾਵੇਗਾ।

ਪਿੱਛੇ ਤੁਸੀਂ ਚਾਰ ਅੱਖਰੇ ਮੁਕਤੇ ਸ਼ਬਦਾਂ ਦੀਆਂ ਦੋ ਵੰਨਗੀਆਂ ਵੇਖ ਚੁੱਕੇ ਹੋ, ਹੁਣ ਤੀਸਰੀ ਅਤੇ ਮਹੱਤਵਪੂਰਨ ਵੰਨਗੀ ਬਾਰੇ ਜਾਣੋ। ਚਾਰ ਅੱਖਰੇ ਮੁਕਤੇ ਸ਼ਬਦਾਂ ਵਿਚ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਵਜ਼ਨ ਫ਼ਊਲ ਦੇ ਬਰਾਬਰ ਹੁੰਦਾ ਹੈ, ਅਜਿਹੇ ਸ਼ਬਦ ਹੀ ਭੁਲੇਖਾ ਪਾਊ ਹਨ ਜਿਨ੍ਹਾਂ ਤੋਂ ਚੁਕੰਨੇ ਰਹਿਣ ਦੀ ਲੋੜ ਹੈ ਜਿਵੇਂ ਅਨਰਥ ਸ਼ਬਦ ਦੇ ਟੁਕੜੇ ਇਉਂ ਹੋਣਗੇ:-

ਅ+ਨਰ+ਥ=I+S+I=ਫ਼ਊਲ

ਅਜਿਹੇ ਸ਼ਬਦਾਂ ਵਿਚ ਜੋ ਬਹੁਤ ਥੋੜ੍ਹੇ ਜਿਹੇ ਹੀ ਹਨ ਪਹਿਲਾਂ ਮੁਕਤਾ ਅੱਖਰ ਇਕੱਲਾ ਹੁੰਦਾ ਹੈ ਜੋ ਮੁਤਹਰਕ ਜਾਂ ਭਾਰਾ ਅੱਖਰ ਹੁੰਦਾ ਹੈ, ਅਗਲੇ ਦੋ ਅੱਖਰ ਜੁੜਵੇਂ ਰੂਪ ਵਿਚ ਹੁੰਦੇ ਹਨ ਭਾਵ ਪਹਿਲਾ ਅੱਖਰ ਭਾਰਾ ਅਤੇ ਦੂਸਰਾ ਅੱਖਰ ਹੌਲ਼ਾ ਭਾਵ ਪਹਿਲਾ ਮੁਤਹਰਕ ਅਤੇ ਦੂਜਾ ਸਾਕਿਨ ਹੁੰਦਾ ਹੈ ਜੋ ਮਿਲ਼ ਕੇ ਇਕ ਸਬੱਬ-ਖ਼ਫ਼ੀਫ਼ ਭਾਵ ਐਸ (S) ਦੇ ਬਰਾਬਰ ਹੁੰਦੇ ਹਨ। ਆਖ਼ਰੀ ਜਾਂ ਚੌਥਾ ਅੱਖਰ ਫੇਰ ਅਰੂਜ਼ ਦੇ ਅਸੂਲ ਅਨੁਸਾਰ ਸਾਕਿਨ ਹੀ ਹੁੰਦਾ ਹੈ ਪਰ ਬਹਿਰ ਦੀ ਲੋੜ ਅਨੁਸਾਰ ਆਪਣੇ ਤੋਂ ਅਗਲੇ ਸ਼ਬਦ ਨਾਲ਼ ਮਿਲ਼ ਕੇ ਮੁਤਹਰਕ ਦੀ ਵੰਨਗੀ ਵਿਚ ਆ ਜਾਂਦਾ ਹੈ। ਏਸੇ ਵੰਨਗੀ ਵਿਚ ਪ੍ਰਸ਼ਨ ਜਾਂ ਕ੍ਰਿਸ਼ਨ ਸ਼ਬਦ ਵੀ ਆਉਂਦੇ ਹਨ ਜੋ ਹਿੰਦੀ ਜਾਂ ਸੰਸਕਰਿਤ ਤੋਂ ਲਈ ਹੋਈ ਗ਼ਲਤ ਪਿਰਤ ਅਨੁਸਾਰ ਪੈਰ ਵਿਚ ਅੱਧਾ ਰਾਰਾ ਪਾ ਕੇ ਲਿਖੇ ਜਾਂਦੇ ਹਨ, ਜਦਕਿ ਉਪਰੋਕਤ ਸ਼ਬਦਾਂ ਦਾ ਰਾਰਾ ਪੰਜਾਬੀ ਵਿਚ ਪੂਰਾ ਬੋਲਦਾ ਹੈ ਫੇਰ ਇਸ ਰਾਰੇ ਨੂੰ ਪੂਰਾ ਕਿਉਂ ਨਾ ਲਿਖਿਆ ਜਾਵੇ ? ਰਾਰਾ ਪੂਰਾ ਲਿਖਣ ਨਾਲ਼ ਇਨ੍ਹਾਂ ਸ਼ਬਦਾਂ ਦੀ ਬਣਤਰ ਅਤੇ ਸ਼ਬਦ-ਜੋੜ ਇਉਂ ਹੋ ਜਾਣਗੇ:-

ਕ੍ਰਿਸ਼ਨ = ਕਰਿਸ਼ਨ

ਪ੍ਰਸ਼ਨ = ਪਰਸ਼ਨ

ਹੁਣ ਤੁਸੀਂ ਪਰਸ਼ਨ ਨੂੰ ਅੰਗਰੇਜ਼ੀ ਸ਼ਬਦ ਪਰ+ਸਨ (Person) ਦੇ ਬਰਾਬਰ ਪੜ੍ਹੋ ਜਾਂ ਪ੍ਰਸ਼ਨ=ਸਵਾਲ ਦੇ ਅਰਥਾਂ ਵਿਚ ਉਚਾਰੋ, ਇਹ ਤੁਹਾਡੀ ਸੂਝ 'ਤੇ ਨਿਰਭਰ



ਹੈ। ਮੈਂ ਵਿਅਕਤੀਗਤ ਤੌਰ ਉਤੇ ਪੈਰਾਂ ਵਿਚਲੇ ਅੱਧੇ ਅੱਖਰਾਂ ਨੂੰ ਪੂਰਾ ਲਿਖਣ ਦਾ ਕਾਇਲ ਹਾਂ।

## ਕਾਂਡ-7 - ੲ
## ਪੰਜ ਅੱਖਰੇ ਮੁਕਤੇ ਸ਼ਬਦਾਂ ਦਾ ਸਹੀ ਵਜ਼ਨ:

ਸਿਖਿਆਰਥੀਓ ! ਪੰਜ ਅੱਖਰੇ ਮੁਕਤੇ ਸ਼ਬਦਾਂ ਦੀ ਬੰਦਿਸ਼ ਜਾਂ ਵਜ਼ਨ ਵਾਲੇ ਸ਼ਬਦ ਵੀ ਜ਼ਿਆਦਾ ਨਹੀਂ ਹਨ। ਇਨ੍ਹਾਂ ਦਾ ਵਜ਼ਨ ਨਿਸਚਿਤ ਕਰਨ ਲਈ ਤੁਹਾਨੂੰ ਤਿੰਨ ਅੱਖਰੇ ਸ਼ਬਦਾਂ ਦੀ ਬੰਦਿਸ਼ ਜਾਂ ਵਜ਼ਨ ਦਾ ਸਹਾਰਾ ਲੈਣਾ ਪਵੇਗਾ ਕਿਉਂਕਿ ਬਹੁਤੇ ਪੰਜ ਅੱਖਰੇ ਸ਼ਬਦ ਤਿੰਨ ਅੱਖਰੇ ਸ਼ਬਦਾਂ ਦੇ ਅੱਗੇ ਜਾਂ ਪਿੱਛੇ ਹੋਰ ਦੋ ਅੱਖਰ ਜੋੜ ਕੇ (ਭਾਵ ਇਕ ਸਬੱਬ-ਖ਼ਫ਼ੀਫ਼ ਜੋੜ ਕੇ) ਬਣੇ ਹੋਏ ਹਨ। ਸਾਡੇ ਕੋਲ਼ ਤਿੰਨ ਅੱਖਰੇ ਮੁਕਤੇ ਸ਼ਬਦਾਂ ਦਾ ਵਜ਼ਨ ਜਾਂ ਤੋਲ ਪਹਿਲਾਂ ਹੀ ਹੈ, ਉਸੇ ਤੋਲ ਅਨੁਸਾਰ ਦੋ ਮਾਤਰਾ ਹੋਰ ਜੋੜ ਕੇ ਵਜ਼ਨ ਨਿਸਚਿਤ ਕਰ ਲਵੋ। ਮਿਸਾਲ ਵਜੋਂ ਸਾਡੇ ਕੋਲ਼ ਸ਼ਕਲ ਸ਼ਬਦ ਹੈ ਜਿਸਦਾ ਵਜ਼ਨ 2+1=S+1=ਫ਼ਾਇ ਦੇ ਬਰਾਬਰ ਹੈ। ਸ਼ਕਲ ਦਾ ਉਲਟ ਸ਼ਬਦ ਬਦਸ਼ਕਲ ਹੈ ਜੋ ਜ਼ਾਹਿਰ ਹੈ ਕਿ ਬਦ ਵਾਲ਼ਾ ਹਿੱਸਾ ਸ਼ਕਲ ਵਾਲ਼ੇ ਹਿੱਸੇ ਤੋਂ ਪਹਿਲਾਂ ਲੱਗੇਗਾ ਅਤੇ ਬਦਸ਼ਕਲ ਦਾ ਵਜ਼ਨ ਬਦ ਸ਼ਕਲ=S+SI ਹੋਵੇਗਾ ਭਾਵ ਮਫ਼ਊਲ ਦੇ ਬਰਵਜ਼ਨ ਹੋਵੇਗਾ। ਏਸੇ ਤਰ੍ਹਾਂ ਕਿਸੇ ਤਿੰਨ ਅੱਖਰੇ ਸ਼ਬਦ ਪਿੱਛੇ ਦੋ ਹੋਰ ਮਾਤਰਾਵਾਂ ਭਾਵ ਇਕ ਸਬੱਬ-ਖ਼ਫ਼ੀਫ਼ ਹੋਰ ਲਗ ਕੇ ਜੋ ਵਜ਼ਨ ਬਣੇਗਾ ਉਹ ਫ਼ਾਇਲੁਨ ਦੇ ਬਰਾਬਰ ਹੋਵੇਗਾ ਜਿਵੇਂ ਸਾਡੇ ਹੱਥਾਂ ਨੂੰ ਸੰਸਕਰਿਤ ਵਿਚ ਦਸਤ ਕਿਹਾ ਜਾਂਦਾ ਹੈ ਅਤੇ ਦਸਤ ਦੇ ਪਿੱਛੇ ਦੋ ਮਾਤਰਾਵਾਂ ਹੋਰ ਲਗਾ ਕੇ ਦਸਤਖ਼ਤ ਬਣ ਜਾਵੇਗਾ ਜਿਸ ਦਾ ਅਰਥ ਸਹੀ ਜਾਂ ਗਵਾਹੀ ਜਾਂ ਅੰਗਰੇਜ਼ੀ ਵਿਚ Signature ਜਾਂ Sign ਹੁੰਦਾ ਹੈ। ਦਸਤ ਤੋਂ ਦਸਤਖ਼ਤ ਇਉਂ ਬਣੇਗਾ:-

ਦਸਤ+ਖ਼ਤ=SIS=ਫ਼ਾਇਲੁਨ

**ਨੋਟ:-** ਦਸਤ ਨਾਮ ਦੀ ਇਕ ਪੇਟ ਦੀ ਬਿਮਾਰੀ ਵੀ ਹੈ ਜਿਸ ਵਿਚ ਚੇਤੇ ਰਹੇ ਪਾਣੀ ਵਰਗਾ ਪਤਲਾ ਪਖ਼ਾਨਾ ਆਉਂਦਾ ਹੈ ਪਰ ਇਸ ਦਸਤ ਤੋਂ ਦਸਤਖ਼ਤ ਸ਼ਬਦ ਨਹੀਂ ਬਣਦਾ। ਦਸਤਖ਼ਤ ਸ਼ਬਦ ਬਣਾਉਣ ਲਈ ਹੱਥ ਦੇ ਅਰਥਾਂ ਵਾਲ਼ਾ ਦਸਤ ਸ਼ਬਦ (ਸੰਸਕਰਿਤ) ਹੀ ਵਰਤੋਂ ਅਤੇ ਸਮਝ ਵਿਚ ਰਖਣਾ ਪਵੇਗਾ।

## ਕਾਂਡ-8
## ਇਕੋ ਅਰਥ ਵਾਲ਼ੇ ਵੱਖ-ਵੱਖ ਵਜ਼ਨਾਂ ਵਾਲੇ ਸ਼ਬਦ:

ਸਿਖਿਆਰਥੀਓ! ਪਿੱਛੇ ਕਿਸੇ ਕਾਂਡ ਵਿਚ ਮੈਂ ਕਿਸੇ ਸ਼ਾਇਰ ਕੋਲ਼ ਵੱਖ-ਵੱਖ ਅਰਥਾਂ ਵਾਲ਼ੇ ਬਹੁਤ ਸਾਰੇ ਸ਼ਬਦਾਂ ਦੀ ਗੱਲ ਕੀਤੀ ਸੀ। ਸ਼ਾਇਰ ਨੂੰ ਸ਼ਬਦਾਵਲੀ ਪੱਖੋਂ ਬਹੁਤ ਅਮੀਰ ਹੋਣਾ ਚਾਹੀਦਾ ਹੈ ਤਾਂਕਿ ਇਕ ਸ਼ਬਦ ਜੋ ਬਹਿਰ ਵਿਚ ਠੀਕ ਨਾ ਬੈਠਦਾ ਹੋਵੇ ਉਸ ਦੀ ਥਾਂ ਝੱਟ ਦੂਸਰਾ ਸ਼ਬਦ ਵਰਤ ਕੇ ਪਈ ਗੁੰਝਲ਼ ਵਿਚੋਂ ਨਿਕਲ਼ ਸਕੇ। ਇਹ ਤਦੇ ਹੀ ਸੰਭਵ ਹੈ ਜੇ ਸ਼ਾਇਰ ਕੋਲ਼ ਬਹੁਤ ਸਾਰੇ ਸਮਅਰਥੀ ਸ਼ਬਦ ਹੋਣ। ਬੇ-ਬਹਿਰੇ ਹੋਣ ਨਾਲ਼ੋਂ ਕਿਸੇ ਦੂਜੀ ਭਾਸ਼ਾ ਦਾ ਸਹੀ ਅਤੇ ਆਮ ਵਰਤਿਆ ਜਾਂਦਾ ਸ਼ਬਦ ਵਰਤ ਲੈਣਾ ਚੰਗਾ ਹੈ। ਸਾਡੀ ਰੋਜ਼ਾਨਾ ਵਰਤੋਂ ਵਿਚ ਬਹੁਤ ਸਾਰੇ ਸ਼ਬਦ ਦੂਜੀਆਂ ਭਾਸ਼ਾਵਾਂ ਦੇ ਹਨ। ਹੁਣ ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ-ਫ਼ਾਰਸੀ ਵਿਚ ਬੋਲਣ ਪੱਖੋਂ ਕੋਈ ਓਪਰਾਪਨ ਨਹੀਂ ਹੈ। ਇਹ ਸਾਰੀਆਂ ਭਾਸ਼ਾਵਾਂ ਇੰਝ ਰਲ਼ਗੱਡ ਹਨ ਕਿ ਸਾਰੀਆਂ ਪੰਜਾਬੀ ਦਾ ਹੀ ਪਰਤੀਰੂਪ ਲਗਦੀਆਂ ਹਨ। ਹਾਂ ਇਨ੍ਹਾਂ ਸ਼ਬਦਾਂ ਨੂੰ ਵਰਤੋਂ ਤਤਸਮ (ਇੰਨ-ਬਿੰਨ) ਰੂਪ ਵਿਚ ਹੀ।

ਜਦੋਂ ਮੈਂ ਇਸ ਕਾਂਡ ਨੂੰ ਲਿਖਣ ਲੱਗਾ ਤਾਂ ਸਰੀਰ ਨੂੰ ਇਕ ਭਿਆਨਕ ਬਿਮਾਰੀ ਪਰੋਸਟੇਟ ਕੈਂਸਰ (Prostate cancer) ਨੇ ਘੇਰ ਲਿਆ ਅਤੇ ਸਰਜਰੀ ਕਰਵਾਉਣੀ ਪਈ। ਮੇਰੀ ਚਾਹਤ ਇਹ ਸੀ ਕਿ ਇਸ ਸੁਖ਼ੈਨ-ਗ਼ਜ਼ਲ ਨਾਮੀ ਪੁਸਤਕ ਨੂੰ ਜਲਦੀ ਤੋਂ ਜਲਦੀ ਤੁਹਾਡੇ ਤੀਕ ਪੁਚਾਵਾਂ, ਇਸ ਲਈ ਆਪਣੇ ਅਜ਼ੀਜ਼ ਅਤੇ ਉਭਰਦੇ ਗ਼ਜ਼ਲਗੋ ਸ਼ਿਰੀ ਦਵਿੰਦਰ ਪੂਨੀਆਂ (ਜੋ ਖ਼ੁਦ ਇਕ ਸੁਲਝੇ ਹੋਏ ਗ਼ਜ਼ਲਗੋ ਤੇ ਕਈ ਗ਼ਜ਼ਲ ਸੰਗਰਹਿਆਂ ਦੇ ਲੇਖਕ ਵੀ ਹਨ) ਨੂੰ ਹੱਥ ਵਟਾਉਣ ਲਈ ਕਿਹਾ ਜੋ ਉਨ੍ਹਾਂ ਨੇ ਬਿਨਾਂ ਕਿਸੇ ਝਿਝਕ ਦੇ ਮੇਰੀ ਬੇਨਤੀ ਕਬੂਲ ਕਰਕੇ ਮੇਰਾ ਹੱਥ ਵਟਾਇਆ। ਇਸ ਕਾਂਡ ਅਧੀਨ ਆਉਣ ਵਾਲੇ ਕਾਫ਼ੀ ਸਾਰੇ ਸ਼ਬਦ ਉਨ੍ਹਾਂ ਦੇ ਹੀ ਸੁਝਾਏ ਹੋਏ ਹਨ। ਇਨ੍ਹਾਂ ਸਮਅਰਥੀ ਸ਼ਬਦਾਂ ਵਿਚ ਰੋਜ਼ਾਨਾ ਬੋਲੇ ਜਾਂਦੇ ਦੂਜੀਆਂ ਭਾਸ਼ਾਵਾਂ ਦੇ ਵੀ ਸ਼ਬਦ ਹਨ ਜੋ ਨਿਰਸੰਦੇਹ ਹੁਣ ਪੰਜਾਬੀ ਦਾ ਹੀ ਰੂਪ ਹੋ ਨਿਬੜੇ ਹਨ। ਅਜ਼ੀਜ਼ ਦਵਿੰਦਰ ਪੂਨੀਆਂ ਜੀ ਦਾ ਸ਼ੁਕਰੀਆ ਸਦਾ ਮੇਰੇ ਸਿਰ ਹੀ ਰਹੇਗਾ। ਉਨ੍ਹਾਂ ਦੀ ਮਦਦ ਬਿਨਾਂ ਸ਼ਾਇਦ ਇਹ ਕਾਂਡ ਅਧੂਰਾ, ਛੋਟਾ, ਬੇ-ਰਸਾ ਅਤੇ



ਅਹਿਮੀਅਤ ਤੋਂ ਹੀਣਾ ਰਹਿ ਜਾਂਦਾ। ਭਾਵੇਂ ਪੂਰਨ ਤਾਂ ਇਹ ਕਾਂਡ ਅਜੇ ਵੀ ਨਹੀਂ ਹੈ। ਸੈਂਕੜੇ ਅਜੇਹੇ ਹੋਰ ਸ਼ਬਦ ਹਨ ਜਿਨ੍ਹਾਂ ਨੂੰ ਮੈਂ ਤੁਹਾਡੇ ਤੀਕ ਚਾਹੁੰਦਾ ਹੋਇਆ ਵੀ ਪੁਚਾ ਨਹੀਂ ਸਕਿਆ, ਪਰ ਨਾ ਹੋਣ ਨਾਲ਼ੋਂ ਏਨਾ ਹੀ ਕਾਫ਼ੀ ਹੈ।

## ਕਾਂਡ-8 - ੳ
## ਸਮਅਰਥੀ ਸ਼ਬਦ-ਭੰਡਾਰ:

ਊਸ਼ਾ : ਸਵੇਰ, ਫ਼ਜ਼ਰ, ਸੁਬਹ
ਉਮਰ : ਅਰਜਾ, ਆਯੂ
ਉਦੇਸ਼ : ਟੀਚਾ, ਨਿਸ਼ਾਨਾ
ਉਪਹਾਰ : ਭੇਟ, ਤੋਹਫ਼ਾ
ਉਪਾਧੀ : ਖ਼ਿਤਾਬ
ਉਸਤਤ : ਜਸ, ਵਡਿਆਈ, ਕੀਰਤੀ, ਸਿਫ਼ਤ-ਸਲਾਹ
ਅਸਮਾਨ : ਅੰਬਰ, ਗਗਨ, ਫ਼ਲਕ, ਅਕਾਸ਼, ਆਕਾਸ਼, ਆਸਮਾਨ, ਅਰਸ਼
ਅਜਨਬੀ : ਓਪਰਾ, ਅਨਜਾਣਾ, ਪਰਦੇਸੀ
ਅਜ਼ਾਦ : ਸੁਤੰਤਰ
ਅੱਡ : ਅਲੱਗ, ਵੱਖ
ਅਧਿਕਾਰ : ਹੱਕ
ਅੰਮੜੀ : ਅੰਮਾਂ, ਮਾਂ, ਝਾਈ, ਬੀਬੀ, ਬੇਬੇ, ਮਾਤਾ
ਅਬੂਰ : ਮੁਹਾਰਤ, ਪ੍ਰਬੀਨਤਾ, ਅਕਲ, ਸਮਝ, ਸੂਝ
ਅਭਿਆਸ : ਰਿਆਜ਼, ਮਸ਼ਕ
ਅਸ਼ਕ : ਹੰਝੂ
ਅਰਜ਼ : ਬੇਨਤੀ, ਅਰਜ਼ੋਈ, ਜੋਦੜੀ, ਅਰਦਾਸ
ਅਲਪ : ਛੋਟਾ, ਸੰਖੇਪ, ਮਾਮੂਲੀ
ਆਸ : ਉਮੀਦ, ਆਸ਼ਾ
ਅਕਾਲ-ਪੁਰਖ਼ : ਰੱਬ, ਈਸ਼ਵਰ, ਪਰਮਾਤਮਾ, ਅੱਲਾ, ਖ਼ੁਦਾ
ਅਰਮਾਨ : ਰੀਝ, ਖ਼ਾਹਿਸ਼, ਇੱਛਾ
ਆਦਮੀ : ਬੰਦਾ, ਬਸ਼ਰ, ਮਰਦ

ਅਚਵੀਂ : ਤੋੜ, ਬੇਚੈਨੀ
ਅਣਖ਼ : ਸਵੈਮਾਣ
ਆਉਧ : ਉਮਰ, ਆਯੂ, ਆਰਯੂ
ਆਬ : ਜਲ, ਪਾਣੀ, ਨੀਰ
ਆਲਮ : ਦੁਨੀਆਂ, ਸੰਸਾਰ, ਜਗਤ, ਜਹਾਨ
ਐਬ : ਨੁਕਸ, ਦੋਸ਼, ਘਾਟ
ਔਸ਼ਧੀ : ਦਵਾਈ, ਦਾਰੂ
ਔਲਾਦ : ਸੰਤਾਨ, ਉੱਮਤ
ਇਸ਼ਕ : ਪਿਆਰ, ਮੁਹੱਬਤ, ਚਾਹਤ, ਪਰੇਮ, ਪਰੀਤ
ਇੱਛਾ : ਆਰਜ਼ੂ, ਚਾਹ, ਤਮੰਨਾ, ਸੱਧਰ, ਖ਼ਾਹਸ਼
ਇੱਜ਼ਤ : ਆਬਰੂ, ਮਾਣ, ਆਦਰ, ਸਤਿਕਾਰ
ਸਹਿਮ : ਡਰ, ਖ਼ੌਫ਼, ਆਤੰਕ
ਸਦਰ : ਪ੍ਰਧਾਨ, ਮੁਖੀ
ਸ਼ੱਕ : ਸੰਦੇਹ, ਸ਼ੁਬ੍ਹਾ
ਸਫ਼ਰ : ਯਾਤਰਾ
ਸਫ਼ਾ : ਪੰਨਾ, ਅੰਕ
ਸਬਕ : ਹਿਦਾਇਤ, ਪਾਠ
ਸਬਜ਼ : ਹਰਾ, ਸਾਵਾ
ਸਿਮਰਨ : ਪਾਠ, ਜਾਪ
ਸਿਮਰਨਾ : ਮਾਲ਼ਾ, ਤਸਬੀ
ਸਕੀਮ : ਤਰੀਕਾ, ਢੰਗ, ਸਾਜਿਸ਼, ਜੁਗਤ
ਸਕੀਮੀ : ਜੁਗਤੀ, ਸਾਜਿਸ਼ੀ
ਸਰਦ : ਠੰਢਾ
ਸਥਿਤੀ : ਹਾਲਾਤ, ਮੌਕਾ, ਸਮਾਂ, ਵਕ਼ਤ
ਸੰਤੁਸ਼ਟ : ਸੰਤੋਖ, ਸਬਰ
ਸਮੀਪ : ਕਰੀਬ, ਨਜ਼ਦੀਕ, ਨੇੜੇ, ਲਾਗੇ
ਸਹਾਇਤਾ : ਮਦਦ
ਸਾਹਿਲ : ਕੰਢਾ, ਕਿਨਾਰਾ
ਸ਼ਾਤਰ : ਚਲਾਕ, ਚਤੁਰ, ਚੁਸਤ, ਤਿੱਖਾ
ਸਾਖੀ : ਗਵਾਹੀ, ਕਹਾਣੀ



ਸੁਵਿਧਾ : ਸਹੂਲਤ
ਸੋਹਣਾ : ਹੁਸੀਨ, ਖ਼ੂਬਸੂਰਤ, ਸੁੰਦਰ
ਸਹਾਰਾ : ਆਸਰਾ, ਟੇਕ
ਸੌਖਾ : ਅਸਾਨ, ਸੁਖਾਲ਼ਾ
ਸ਼ਾਮ : ਆਥਣ, ਤਰਕਾਲਾਂ
ਸਵੱਛ : ਸੁੱਚਾ, ਪਾਕ, ਪਵਿੱਤਰ
ਸੂਖ਼ਮ : ਬਾਰੀਕ, ਹਲਕਾ, ਭੇਦਪੂਰਨ
ਸੂਰਜ : ਰਵੀ, ਆਫ਼ਤਾਬ, ਭਾਨ
ਸੌੜਾ : ਤੰਗ, ਭੀੜਾ
ਸ਼ਹਿਦ : ਮਧੂ, ਮਖ਼ਿਆਲ, ਮਾਖਿਉਂ
ਸ਼ਕਤੀ : ਤਾਕਤ, ਜ਼ੋਰ
ਸ਼ਹਿਰ : ਨਗਰ
ਸਮਤੋਲ : ਬਰਾਬਰੀ, ਸੰਤੁਲਨ
ਸ਼ਰਨ : ਪਨਾਹ
ਸ਼ਲਾਘਾ : ਤਾਰੀਫ਼, ਸਿਫ਼ਤ
ਸ਼ਾਦ : ਖ਼ੁਸ਼, ਪਰਸੰਨ
ਸ਼ਿਕਸਤ : ਹਾਰ, ਮਾਤ
ਸ਼ੀਸ਼ਾ : ਆਈਨਾ, ਆਰਸੀ, ਦਰਪਣ
ਸ਼ੈਲੀ : ਅੰਦਾਜ਼, ਢੰਗ
ਸ਼ੌਹਰ : ਪਤੀ, ਖ਼ਾਵੰਦ, ਕੰਤ
ਹਯਾਤ : ਹਯਾਤੀ, ਜੀਵਨ, ਜ਼ਿੰਦਗੀ
ਹਰਖ਼ : ਗੁੱਸਾ, ਰੋਹ, ਕ੍ਰੋਧ
ਹਰਾਮੀ : ਬੇਰੜਾ, ਨਾਜਾਇਜ਼
ਹੱਲਾ : ਹਮਲਾ, ਧਾਵਾ
ਹਿੱਤ : ਹੱਕ
ਹਵਾ : ਵਾ, ਪੌਣ, ਪਵਨ, ਸਮੀਰ
ਹੁਸ਼ਿਆਰ : ਤੇਜ਼, ਚੁਸਤ, ਚਲਾਕ
ਹਿਫ਼ਾਜ਼ਤ : ਰੱਖਿਆ, ਬਚਾਅ
ਕਸ਼ਿਸ਼ : ਖਿੱਚ, ਅਕਰਸ਼ਣ
ਕਲੇਸ਼ : ਕਲਹਾ, ਲੜਾਈ, ਝਗੜਾ

ਕਜ਼ਾ : ਮੌਤ, ਮਿਰਤੂ
ਕਠਿਨ : ਮੁਸ਼ਕਿਲ, ਔਖਾ, ਸਖ਼ਤ
ਕਿਰਤ : ਕਾਰਜ, ਕੰਮ, ਮਜ਼ਦੂਰੀ, ਘਾਲ, ਕਾਰ, ਕਾਜ
ਕਠੋਰ : ਕਰੜਾ, ਸਖ਼ਤ, ਪੱਕਾ
ਕਦਰ : ਕੀਮਤ, ਆਦਰ, ਮਹੱਤਤਾ
ਕਿਨਾਰਾ : ਕੰਢਾ, ਤੀਰ
ਕੰਦਰ : ਗੁਫ਼ਾ
ਕੋਲ਼ : ਪਾਸ, ਨੇੜੇ, ਨਜ਼ਦੀਕ
ਕੰਧ : ਦੀਵਾਰ, ਫ਼ਸੀਲ
ਕਿਸ਼ਤੀ : ਕਸ਼ਤੀ, ਬੇੜੀ, ਨੈਂ, ਨਈਆ
ਕਿਸਮਤ : ਨਸੀਬ, ਤਕਦੀਰ, ਮੁਕੱਦਰ, ਭਾਗ, ਲੇਖ
ਕੁਸ਼ਲ : ਮਾਹਿਰ, ਯੋਗ
ਕਤਰਾ : ਬੂੰਦ
ਕੇਸ : ਵਾਲ਼, ਜ਼ੁਲਫ਼ਾਂ, ਲਟਾਂ
ਕੋਮਲ : ਨਾਜ਼ੁਕ, ਕੂਲ਼ਾ, ਨਰਮ
ਖ਼ਾਕ : ਮਿੱਟੀ, ਧੂੜ
ਖ਼ਲੂਸ : ਅਪਣੱਤ, ਸ਼ਿਸ਼ਟਾਚਾਰ
ਖ਼ਾਬ : ਸੁਪਨਾ
ਖੁਣਸ : ਖਾਰ, ਕੀਨਾ, ਕਦੂਰਤ, ਦੋਖ, ਨਫ਼ਰਤ
ਖ਼ਿਆਲ : ਸੋਚ, ਵਿਚਾਰ
ਖ਼ਾਲਸ : ਸ਼ੁੱਧ, ਪਵਿੱਤਰ
ਖਿਣ : ਛਿਣ, ਪਲ
ਖਿਤਿਜ : ਦੁਮੇਲ
ਖ਼ਿਮਾ : ਮੁਆਫ਼ੀ
ਖ਼ੂਨ : ਲਹੂ, ਰਕਤ, ਰੱਤ
ਖ਼ੂਬੀ : ਗੁਣ, ਯੋਗਤਾ, ਸੁਹੱਪਣ
ਗਹਿਰਾ : ਡੂੰਘਾ
ਗੁਰੂ : ਪੀਰ, ਪਰੰਬਰ, ਪੈਗ਼ੰਬਰ
ਗ਼ਰੂਰ : ਮਾਣ, ਆਕੜ, ਹੰਕਾਰ, ਹੈਂਕੜ, ਘੁਮੰਡ
ਗੀਦੀ : ਕਾਇਰ, ਡਰਪੋਕ, ਬੁਜ਼ਦਿਲ, ਕਮਦਿਲਾ



ਘਾਇਲ : ਜ਼ਖ਼ਮੀ, ਫੱਟੜ
ਘਾਟੀ : ਵਾਦੀ
ਚਕਿਤ : ਹੈਰਾਨ, ਹਰਾਨ, ਦੰਗ
ਚੂੜੀਆਂ : ਵੰਗਾਂ
ਚੰਗਾ : ਵਧੀਆ, ਅੱਛਾ, ਭਲਾ
ਚਿੰਤਾ : ਫ਼ਿਕਰ
ਚਰਾਗ਼ : ਦੀਵਾ, ਦੀਪ, ਦੀਪਕ
ਚਾਲ : ਤੋਰ, ਗਤੀ, ਢੰਗ, ਸਾਜਿਸ਼
ਚੌਕਸ : ਸਤਰਕ, ਸਾਵਧਾਨ, ਸਚੇਤ, ਹੁਸ਼ਿਆਰ, ਚੁਕੰਨਾ, ਖ਼ਬਰਦਾਰ
ਜ਼ਖ਼ੀਰਾ : ਭੰਡਾਰ, ਖ਼ਜ਼ਾਨਾ
ਜਦੀਦ : ਅਜੋਕਾ, ਨਵਾਂ, ਆਧੁਨਿਕ, ਨਵੀਨ
ਜੰਨਤ : ਸਵਰਗ, ਬਹਿਸ਼ਤ
ਜ਼ਿੰਦਗੀ : ਜੀਵਨ
ਜ਼ਿਦ : ਹਠ, ਅੜੀ
ਜ਼ਖ਼ਮ : ਘਾਉ, ਫੱਟ
ਜੁਦਾ : ਅਲੱਗ, ਅਲਹਿਦਾ, ਵੱਖ
ਝੰਜਟ : ਮੁਸ਼ਕਿਲ, ਸਮੱਸਿਆ, ਔਕੜ, ਝਮੇਲਾ
ਠੀਕ : ਸਹੀ, ਦਰੁਸਤ
ਠੌਰ : ਕਮਰਾ, ਰਿਹਾਇਸ਼, ਪਨਾਹ, ਟਿਕਾਣਾ, ਅੱਡਾ, ਢੋਈ
ਢਾਰਸ : ਧੀਰਜ, ਹੌਸਲਾ, ਦਿਲਾਸਾ, ਧਰਵਾਸਾ
ਢੌਂਗ : ਦੰਭ, ਭੇਖ
ਤਅਲੁੱਕ : ਸੰਬੰਧ, ਰਿਸ਼ਤਾ, ਨਾਤਾ
ਤਸ਼ੱਦਦ : ਜ਼ੁਲਮ, ਜਬਰ, ਧੱਕਾ, ਹਿੰਸਕ-ਵਿਹਾਰ, ਤਸੀਹਾ
ਤਸ਼ਬੀਹ : ਉਪਮਾ, ਮੁਕਾਬਲਾ
ਤਸੱਲੀ : ਭਰੋਸਾ, ਯਕੀਨ
ਤਸੱਵਰ : ਕਲਪਨਾ, ਸੋਚ, ਖ਼ਿਆਲ, ਵਿਚਾਰ
ਤਹਿਜ਼ੀਬ : ਸਭਿਆਚਾਰ, ਸਭਿਅਤਾ, ਰਹਿਣ-ਸਹਿਣ, ਵਿਹਾਰ
ਤਕਰਾਰ : ਝਗੜਾ, ਰੌਲ਼ਾ, ਬਹਿਸ
ਤਕਲੀਫ਼ : ਮੁਸ਼ਕਿਲ, ਔਕੜ, ਔਖ, ਪੀੜ, ਕਸ਼ਟ
ਤਕਾਲਾਂ : ਸ਼ਾਮ, ਤਰਕਾਲਾਂ, ਸੰਧਿਆ, ਆਥਣ

ਤਤਪਰ : ਕਾਹਲਾ, ਤਿਆਰ, ਸਤਰਕ, ਚੌਕੰਨਾ
ਤਮ੍ਹਾ : ਲਾਲਚ, ਲੋਭ
ਤਿਆਗ : ਕੁਰਬਾਨੀ
ਤਲਖ਼ : ਕੌੜਾ, ਕੁਸੈਲ਼ਾ
ਤਾਬਿਆ : ਹਜ਼ੂਰੀ, ਹਾਜ਼ਰੀ, ਸੇਵਾ
ਤਲਾਸ਼ : ਭਾਲ਼, ਖੋਜ
ਤੈਸ਼ : ਗੁੱਸਾ, ਕ੍ਰੋਧ, ਰੋਹ
ਤਮੀਜ਼ : ਖ਼ਲੂਸ, ਸਲੀਕਾ
ਤੋਹਫ਼ਾ : ਭੇਟਾ, ਉਪਹਾਰ
ਯਸ : ਰੇਤ, ਸਹਿਰਾ, ਮਾਰੂਥਲ
ਥੁੜ੍ਹ : ਤੋਟ, ਕਮੀ, ਘਾਟ
ਦਸਤੂਰ : ਰਿਵਾਜ, ਨਿਯਮ, ਨੇਮ
ਦਗ਼ਾ : ਧੋਖਾ, ਗ਼ਦਾਰੀ, ਧਰੋਹ
ਦੰਡ : ਸਜ਼ਾ, ਡੰਨ
ਦਵੈਖ : ਦੁਰਭਾਵਨਾ, ਈਰਖਾ, ਸਾੜਾ
ਦਰਪਣ : ਸ਼ੀਸ਼ਾ, ਆਈਨਾ, ਆਰਸੀ
ਦਾਈਆ : ਨਿਸ਼ਾਨਾ, ਟੀਚਾ, ਲਕਸ਼
ਦੋਸਤ : ਯਾਰ, ਮਿੱਤਰ, ਸੰਗੀ, ਸਾਥੀ, ਸਖ਼ਾ, ਹਬੀਬ
ਦੋਜ਼ਖ਼ : ਨਰਕ, ਜਹੰਨੁਮ
ਧੰਦਾ : ਕੰਮ, ਕਸਬ, ਕਾਰੋਬਾਰ, ਵਪਾਰ
ਨਫ਼ਸ : ਹੰਕਾਰ, ਖ਼ੁਦੀ, ਕਾਮਨਾ
ਨਟਖਟ : ਸ਼ਰਾਰਤੀ
ਨਾਦਾਨ : ਬੇਅਕਲ, ਮੂਰਖ, ਅਣਭੋਲ
ਨਿਸ਼ਠਾ : ਵਿਸ਼ਵਾਸ, ਭਰੋਸਾ, ਯਕੀਨ
ਨੇਕੀ : ਪਰਉਪਕਾਰ, ਭਲਾਈ
ਪਾਣੀ : ਨੀਰ, ਜਦ, ਆਬ
ਨਿਯਮ : ਅਸੂਲ, ਨੇਮ, ਕਾਨੂੰਨ, ਆਦਰਸ਼
ਪਦਵੀ : ਉਪਾਧੀ, ਖ਼ਿਤਾਬ
ਪੱਧਤੀ : ਢੰਗ, ਤਰੀਕਾ, ਰੀਤ, ਵਿਧੀ
ਪਰਕਾਸ਼ : ਰੌਸ਼ਨੀ, ਨੂਰ, ਉਜਾਲਾ, ਚਾਨਣਾ



ਪਰਤੀਕ : ਚਿੰਨ੍ਹ, ਨਿਸ਼ਾਨ, ਚਿਹਨ
ਪਰੰਪਰਾ : ਰਵਾਇਤ, ਰਿਵਾਜ, ਸਭਿਆਚਾਰਕ ਰੀਤ
ਪਰਿਣਾਮ : ਨਤੀਜਾ, ਸਿੱਟਾ, ਫ਼ਲ
ਪਰਿੰਦਾ : ਪੰਛੀ, ਪੰਖੇਰੂ, ਪਾਖੀ
ਪਲੀਤ : ਮੈਲ਼ਾ, ਗੰਦਾ, ਦਾਗ਼ੀ, ਪਤਿਤ, ਨਾਪਾਕ
ਪਰਣ : ਨਿਸ਼ਠਾ, ਇਰਾਦਾ, ਵਾਅਦਾ, ਕਸਮ, ਪਰਤਿੱਗਿਆ
ਪਾਕ : ਪਵਿੱਤਰ, ਨਿਰਮਲ, ਸਾਫ਼, ਮੁਕੱਦਸ, ਬੇਦਾਗ਼, ਪਾਵਨ
ਪੁਲਾੜ : ਖ਼ਲਾਅ, ਬ੍ਰਹਿਮੰਡ
ਪਰੇਮ : ਮੁਹੱਬਤ, ਉਲਫ਼ਤ, ਉਣਸ, ਮੋਹ, ਹੇਜ, ਪਿਆਰ
ਪਾਗਲ : ਬਾਵਰਾ, ਬਾਵਲਾ, ਸ਼ੁਦਾਈ, ਦੀਵਾਨਾ, ਕਮਲ਼ਾ
ਪੂਜਾ : ਆਰਤੀ
ਪਿਰਤ : ਰੀਤ, ਰਿਵਾਜ, ਲੀਹ
ਪੁਸ਼ਪ : ਫੁੱਲ, ਗੁਲ
ਪਰਿਵਰਤਨ : ਤਬਦੀਲੀ, ਬਦਲਾਅ
ਪੁਰਨੂਰ : ਉੱਜਲਾ, ਰੌਸ਼ਨ, ਚਮਕੀਲਾ
ਫ਼ਸੀਲ : ਕੰਧ, ਦੀਵਾਰ
ਫ਼ਕਤ : ਸਿਰਫ਼, ਮਹਿਜ਼, ਕੇਵਲ
ਫ਼ਖ਼ਰ : ਮਾਣ, ਗੌਰਵ
ਫ਼ਜਰ : ਸਵੇਰ, ਊਸ਼ਾ, ਪ੍ਰਭਾਤ
ਫ਼ਜ਼ਲ : ਕਿਰਪਾ, ਮਿਹਰ, ਕਰਮ
ਬਦਨ : ਜਿਸਮ, ਪਿੰਡਾ, ਸਰੀਰ
ਬੱਦਲ : ਮੇਘ, ਮੇਘਲ, ਅਬਰ, ਬਾਦਲ
ਬਨਸਪਤੀ : ਹਰੇਵਾਈ, ਹਰਿਆਲੀ, ਹਰਿਆਈ, ਸਬਜ਼ਾ
ਬਾਤਨ : ਅੰਤਰਮਨ
ਬੰਦਿਸ਼ : ਰੋਕ, ਰੁਕਾਵਟ, ਮਨਾਹੀ, ਅੰਕਸ
ਬਾਬਤ : ਬਾਰੇ
ਬਿਸਮਿਲ : ਜ਼ਖ਼ਮੀ, ਫੱਟੜ, ਘਾਇਲ
ਬਿਖਮ : ਕਠਿਨ, ਔਖਾ, ਮੁਸ਼ਕਿਲ, ਜਟਿਲ
ਬੁਨਿਆਦ : ਮੁੱਢ, ਨੀਂਹ, ਜੜ੍ਹ
ਬੇਲੀ : ਆੜੀ, ਸਖ਼ਾ, ਦੋਸਤ, ਮਿੱਤਰ, ਯਾਰ

ਭਵਨ : ਘਰ, ਇਮਾਰਤ, ਮਹਿਲ, ਕੋਠੀ
ਭੁਚਾਲ : ਭੂਕੰਪ, ਜ਼ਲਜ਼ਲਾ
ਭੂਸ਼ਨ : ਗਹਿਣਾ, ਟੂੰਬ, ਜ਼ੇਵਰ, ਟੂਮ
ਭੂਰ : ਬੂੰਦਾਬਾਂਦੀ, ਕਿਣਮਿਣ
ਭਗਤ : ਤਪੱਸਵੀ
ਮਸ਼ਕ : ਰਿਆਜ਼, ਅਭਿਆਸ
ਮਹਿਫ਼ੂਜ਼ : ਸੁਰੱਖਿਅਤ
ਮੜ੍ਹੀਮਾ : ਮੁੰਹਾਂਦਰਾ, ਨੈਣ-ਨਕਸ਼, ਸ਼ਕਲ, ਦਿੱਖ
ਮਸਕੀਨ : ਨਿਮਾਣਾ, ਨਿਮਰ
ਮਸ਼ਕੂਰ : ਧੰਨਵਾਦੀ, ਸ਼ੁਕਰਗੁਜ਼ਾਰ
ਮਸਨੂਈ : ਬਣਾਉਟੀ, ਨਕਲੀ
ਮਸ਼ਵਰਾ : ਰਾਏ, ਸਲਾਹ
ਮੁਹਾਲ : ਔਖਾ, ਮੁਸ਼ਕਿਲ, ਕਠਿਨ
ਮਕਸਦ : ਨਿਸ਼ਾਨਾ, ਮੰਤਵ
ਮਖੀਰ : ਸ਼ਹਿਦ, ਮਧੂ, ਮਖਿਆਲ, ਮਾਖੀ
ਮਨਸ਼ਾ : ਇੱਛਾ, ਤਮੰਨਾ, ਮੰਤਵ
ਮਲਾਲ : ਉਦਾਸੀ, ਗ਼ਮ, ਦੁੱਖ
ਮਲੂਕ : ਨਾਜ਼ੁਕ, ਨਰਮ, ਕੋਮਲ
ਮਾਹੌਲ : ਫ਼ਜ਼ਾ, ਚੌਗਿਰਦਾ, ਆਲ਼ਾ-ਦੁਆਲ਼ਾ, ਦਸ਼ਾ, ਹਾਲਤ
ਮਾਤਮ : ਸੋਗ
ਮੁਕਤੀ : ਮੋਕਸ਼
ਮਾਰਗ : ਰਾਹ, ਰਸਤਾ, ਪਥ, ਲੀਹ
ਮਹਿਕ : ਖ਼ੁਸ਼ਬੂ, ਸੁਗੰਧ, ਵਾਸ਼ਨਾ
ਮਸੱਰਤ : ਖ਼ੁਸ਼ੀ, ਪਰਸੰਨਤਾ
ਮੁਸਲਸਲ : ਲਗਾਤਾਰ, ਨਿਰੰਤਰ
ਮੁਕੰਮਲ : ਪੂਰਾ, ਪੂਰਨ, ਸੰਪੂਰਨ
ਮੌਜ : ਲਹਿਰ, ਤਰੰਗ, ਅਨੰਦ, ਮਜ਼ਾ, ਮਸਤੀ
ਯਸ਼ : ਪਰਭਾਵ, ਅਸਰ
ਰਸਮ : ਜਸ, ਪਰਸਿੱਧੀ, ਮਸ਼ਹੂਰੀ, ਕੀਰਤੀ, ਵਡਿਆਈ, ਸਿਫ਼ਤ-ਸਲਾਹ
ਯਕੀਨ : ਵਿਸ਼ਵਾਸ, ਭਰੋਸਾ, ਇਤਵਾਰ, ਦੇਤਵਾਰ



ਯਖ਼ : ਠੰਢਾ, ਸੀਤਲ, ਸੀਤ
ਯਤਨ : ਕੋਸ਼ਿਸ਼, ਹੰਭਲਾ
ਯਾਤਰਾ : ਸਫ਼ਰ
ਯੋਗ : ਕਾਬਿਲ
ਯਾਤਰੀ : ਸੈਲਾਨੀ, ਘੁਮੱਕੜ
ਰਈਸ : ਅਮੀਰ, ਧਨੀ
ਰੁਦਨ : ਵਿਰਲਾਪ, ਰੋਣਾ-ਧੋਣਾ
ਰਸੂਖ਼ : ਰੀਤ, ਰਿਵਾਜ, ਰਵਾਇਤ, ਰਹੁਰੀਤ
ਰਹੱਸ : ਭੇਦ, ਭੇਤ, ਰਾਜ਼, ਬਾਤਨ
ਰੋਬ੍ਹ : ਜਥ੍ਥਾ
ਰਵੱਈਆ : ਵਿਵਹਾਰ
ਰਾਹ : ਰਸਤਾ, ਰਾਸਤਾ, ਡਗਰ
ਰਾਏ : ਸਲਾਹ, ਮਸ਼ਵਰਾ, ਸੁਝਾਅ, ਤਜਵੀਜ਼, ਮਤ
ਰਹਿਜ਼ਨ : ਡਾਕੂ, ਲੁਟੇਰਾ, ਠੱਗ
ਰਾਹਤ : ਅਰਾਮ, ਚੈਨ
ਰਹਿਬਰ : ਰਹਿਨੁਮਾ, ਆਗੂ, ਨੇਤਾ (ਸਲਾਹਕਾਰ)
ਰਾਤ : ਰੈਣ, ਰਾਤਰੀ, ਸ਼ਬ
ਰਾਬਤਾ : ਤਾਅਲੁੱਕ, ਸੰਪਰਕ, ਜੋੜ
ਰੌਲ਼ਾ : ਸ਼ੋਰ, ਰਾੜ, ਰਾਰ, ਰ੍ਹਾਟ, ਖੱਪ, ਵਿਵਾਦ
ਰਿਸ਼ਤਾ : ਨਾਤਾ, ਨੇੜ
ਰੁਖ਼ : ਦਿਸ਼ਾ, ਮੁੱਖ, ਚਿਹਰਾ, ਪਾਸਾ
ਰੁਚੀ : ਦਿਲਚਸਪੀ, ਸ਼ੌਕ, ਇੱਛਾ
ਰੂਹ : ਆਤਮਾ
ਲਸ਼ਕਰ : ਫ਼ੌਜ, ਸੈਨਾ, ਬਲ
ਲਹਿਜਾ : ਢੰਗ, ਤਰੀਕਾ, ਅੰਦਾਜ਼
ਲਕਬ : ਉਪਾਧੀ, ਖ਼ਿਤਾਬ
ਲੱਜ਼ਤ : ਸੁਆਦ, ਜ਼ਾਇਕਾ
ਲੱਭਤ : ਖੋਜ, ਕਾਢ
ਲਰਜ਼ਿਸ਼ : ਕੰਬਣੀ, ਕਪਕਪੀ
ਲਾਜ਼ਿਮ : ਜ਼ਰੂਰੀ

ਲਾਭ : ਫ਼ਾਇਦਾ, ਮੁਨਾਫ਼ਾ
ਲਿਆਕਤ : ਅਕਲ, ਵਿਵੇਕ, ਬੁੱਧੀ, ਬੋਧ, ਸੂਝ, ਸਿਆਣਪ
ਲੁਤਫ਼ : ਅਨੰਦ, ਮਜ਼ਾ, ਸੁਆਦ, ਰਸ
ਲੇਖਕ : ਲਿਖਾਰੀ, ਅਦੀਬ, ਕਲਮਕਾਰ
ਵਸਤ : ਵਸਤੂ, ਚੀਜ਼
ਵਸਤਰ : ਪਹਿਰਾਵਾ, ਲਿਬਾਸ, ਕੱਪੜਾ
ਵਸਲ : ਵਿਸਾਲ, ਮੇਲ, ਮਿਲਾਪ, ਮਿਲਣ
ਵਕਾਰ : ਰਸੂਖ਼, ਇੱਜ਼ਤ, ਆਬਰੂ, ਆਦਰ, ਮਾਣ, ਗੌਰਵ
ਵਜ੍ਹਾ : ਕਾਰਨ, ਮੰਤਵ
ਵਜੂਦ : ਹੋਂਦ
ਵਿਵਸਥਾ : ਇੰਤਜ਼ਾਮ, ਪਰਬੰਧ
ਵਾਕਿਆ : ਘਟਨਾ
ਵਾਜਬ : ਸਹੀ, ਠੀਕ, ਜਾਇਜ਼
ਵਿਕਟ : ਮੁਸ਼ਕਿਲ, ਸਖ਼ਤ
ਵਿਕਾਰ : ਘਾਟ, ਬੁਰਾਈ, ਦੋਸ਼, ਔਗੁਣ
ਵਿਗੋਚਾ : ਕਮੀ, ਘਾਟ, ਕਸਰ
ਵਿਵਾਦ : ਰੌਲ਼ਾ, ਲਫ਼ੜਾ
ਗ਼ੈਰ : ਹੋਰ, ਪਰਾਇਆ, ਬੇਗ਼ਾਨਾ
ਗ਼ਰੀਬ : ਨਿਰਧਨ, ਮੁਫ਼ਲਿਸ
ਗ਼ਾਇਬ : ਅਲੋਪ
ਗ਼ਾਫ਼ਿਲ : ਅਣਭੋਲ, ਭੋਲ਼ਾ



# ਅੰਤਿਕਾ

ਪਿਆਰੇ ਸਿਖਿਆਰਥੀਓ! ਇਸ 'ਸੁਖ਼ੈਨ ਗ਼ਜ਼ਲ' ਨਾਮ ਛੋਟੀ ਜਿਹੀ ਪੁਸਤਕ ਨੂੰ ਤੁਸੀਂ ਧਿਆਨ ਨਾਲ਼ ਪੜ੍ਹਦੇ ਆ ਰਹੇ ਹੋ। ਇਸ ਵਿਚ ਤੁਹਾਡੀ ਜਾਣਕਾਰੀ ਲਈ ਦਰਕਾਰ ਕਰ ਛੋਟੀ ਤੋਂ ਛੋਟੀ ਚੀਜ਼ ਭਾਵ ਹਰ ਛੋਟੇ ਤੋਂ ਛੋਟਾ ਨੁਕਤਾ ਵੀ ਬੜੇ ਸੌਖੇ ਅਤੇ ਸਾਦੇ ਲਫ਼ਜ਼ਾਂ ਵਿਚ ਵਿਚਾਰਿਆ ਗਿਆ ਹੈ। ਹਰ ਲੋੜੀਂਦੀ ਚੀਜ਼ ਨੂੰ **'ਸੁਖ਼ੈਨ ਗ਼ਜ਼ਲ'** ਦੇ ਘੇਰੇ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੇਰਾ ਮਕਸਦ ਸਿਰਫ਼ ਤੇ ਸਿਰਫ਼ ਤੁਹਾਨੂੰ ਸਾਰੀ ਜ਼ਰੂਰੀ ਅਤੇ ਬਹੁਤੀ ਅਹਿਮੀਅਤ ਵਾਲ਼ੀ ਜਾਣਕਾਰੀ ਦੇਣਾ ਹੀ ਸੀ। ਇਸ ਕਿਤਾਬ ਵਿਚੋਂ ਉਹ ਸਾਰਾ ਕੁਝ ਜੋ ਨਾ-ਕੇਵਲ ਬੇਲੋੜਾ ਹੀ ਹੈ ਸਗੋਂ ਸਿਖਿਆਰਥੀ ਨੂੰ ਗ਼ਜ਼ਲ-ਗਿਆਨ ਤੋਂ ਦੂਰ ਰੱਖ ਕੇ ਉਲਝਾਉਣ ਵਾਲ਼ਾ ਵੀ ਹੈ, ਛੱਡ ਦਿੱਤਾ ਗਿਆ ਹੈ। ਕੇਵਲ ਸਹੀ ਅਤੇ ਜ਼ਰੂਰੀ ਨੁਕਤੇ ਹੀ ਵਿਚਾਰੇ ਗਏ ਹਨ, ਜਿਸ ਨਾਲ਼ ਤੁਹਾਨੂੰ ਗ਼ਜ਼ਲ ਦੇ ਰੂਪ-ਵਿਧਾਨ ਦਾ ਪਤਾ ਤਾਂ ਲੱਗੇ ਹੀ, ਨਾਲ਼ ਹੀ ਤੁਹਾਡੇ ਵਿਚ ਗ਼ਜ਼ਲ ਕਹਿਣ ਦੀ ਪੈਦਾ ਹੋਈ ਚਿੰਗਾਰੀ ਨੂੰ ਹਵਾ ਮਿਲ਼ੇ ਅਤੇ ਉਹ ਚਿੰਗਾਰੀ ਸਿਰਫ਼ ਚਿੰਗਾਰੀ ਹੀ ਨਾ ਰਹਿ ਕੇ ਇਕ ਭਾਂਬੜ ਬਣ ਕੇ ਗ਼ਜ਼ਲ-ਆਕਾਸ਼ ਨੂੰ ਛੂਹੇ ਅਤੇ ਤੁਹਾਨੂੰ ਗ਼ਜ਼ਲ ਦੇ ਖ਼ਲਾਅ ਵਿਚੋਂ ਅਮੁੱਲ ਹੀਰੇ-ਮੋਤੀ ਭਾਲ਼ ਕੇ ਮਾਂ-ਬੋਲੀ ਪੰਜਾਬੀ ਦੇ ਭੰਡਾਰ ਨੂੰ ਹੋਰ ਭਰਪੂਰ ਕਰਨ ਵਿਚ ਸਹਾਈ ਹੋਵੇ। ਹੁਣ ਮੈਂ ਤੁਹਾਨੂੰ ਆਖ਼ਰੀ ਅਤੇ ਜ਼ਰੂਰੀ ਆਪਣੀ ਰਾਇ ਦੇਣ ਜਾ ਰਿਹਾ ਹਾਂ ਪਰ ਉਸ ਤੋਂ ਪਹਿਲਾਂ ਇਕ ਛੋਟੀ ਜਿਹੀ ਕਹਾਣੀ ਤੁਹਾਡੇ ਨਾਲ਼ ਸਾਂਝੀ ਕਰਨੀ ਚਾਹਾਂਗਾ।

ਤੁਹਾਨੂੰ ਰਾਜਾ ਸਿਕੰਦਰ (ਸਿੰਕਦਰ ਮਹਾਨ) ਦੀ ਕਹਾਣੀ ਦਾ ਤਾਂ ਪਤਾ ਹੀ ਹੋਵੇਗਾ, ਜਦੋਂ ਉਹ ਆਪਣੇ ਵਿਰੋਧੀ ਰਾਜੇ ਤੋਂ ਹਾਰ ਖਾ ਕੇ ਮਾਯੂਸੀ ਵਿਚ ਭਟਕਦਾ ਫਿਰ ਰਿਹਾ ਸੀ ਤਾਂ ਅੱਤ ਭੁੰਖ ਦੀ ਹਾਲਤ ਵਿਚ ਉਹ ਇਕ ਗ਼ਰੀਬ ਮਾਈ ਦੀ ਝੁੱਗੀ ਵਿਚ ਚਲਾ ਗਿਆ ਅਤੇ ਉਸ ਮਾਤਾ ਤੋਂ ਆਪਣੀ ਭੁੱਖ ਮਿਟਾਉਣ ਲਈ ਖਾਣ ਵਾਸਤੇ ਕੁਝ ਮੰਗਿਆ ਉਸ ਗ਼ਰੀਬ ਅਤੇ ਰਹਿਮ-ਦਿਲ ਮਾਈ ਨੇ ਸਿਕੰਦਰ ਨੂੰ ਕੁਝ ਦੇਰ ਉਡੀਕ ਕਰਨ ਲਈ ਕਿਹਾ ਅਤੇ ਜੋ ਕੁਝ ਉਸਦੀ ਝੁੱਗੀ ਵਿਚ ਉਸ ਵੇਲੇ ਹਾਜ਼ਿਰ ਸੀ ਉਸ ਨਾਲ਼ ਖਿੱਚੜੀ ਵਰਗਾ ਕੋਈ ਪਦਾਰਥ ਬਣਾ ਕੇ ਮਿੱਟੀ ਦੇ

ਬਰਤਨ ਵਿਚ ਪਰੋਸ ਦਿੱਤਾ। ਖਿਚੜੀ ਪਰੋਸਣ ਦੀ ਦੇਰ ਹੀ ਸੀ ਕਿ ਭੁੱਖੇ ਸਿਕੰਦਰ ਨੇ ਪਰੋਸੇ ਗਏ ਬਰਤਨ ਦੇ ਵਿਚਾਲਿਓਂ ਵੱਡੀ ਸਾਰੀ ਬੁਰਕੀ ਭਰ ਕੇ ਮੂੰਹ ਵਿਚ ਪਾ ਲਈ ਅਤੇ ਆਪਣਾ ਮੂੰਹ ਗਰਮ ਖਿਚੜੀ ਨਾਲ਼ ਸਾੜ ਲਿਆ। ਉਹ ਮਾਈ ਕੋਲ਼ ਬੈਠੀ ਇਹ ਸਾਰਾ ਕੁਝ ਵੇਖ ਰਹੀ ਸੀ। ਉਸ ਨੇ ਟੋਕਦੇ ਹੋਏ ਸਿਕੰਦਰ ਨੂੰ ਕਿਹਾ ਕਿ ਤੂੰ ਵੀ ਰਾਜੇ ਸਿਕੰਦਰ ਵਾਂਗ ਕਰਦਾ ਹੈਂ। ਇਹ ਸੁਣ ਕੇ ਸਿਕੰਦਰ ਦੇ ਕੰਨ ਖੜ੍ਹੇ ਹੋ ਗਏ ਅਤੇ ਉਸ ਨੇ ਖਾਣਾ ਛੱਡ ਕੇ ਮਾਈ ਨੂੰ ਪੁੱਛਿਆ ਕਿ ਸਿਕੰਦਰ ਵਾਂਗ? ਉਹ ਕਿਵੇਂ? ਸਿਖਿਆਰਥੀਓ! ਏਥੇ ਉਸ ਮਾਈ ਦੀ ਥਾਂ 'ਤੇ ਮੈਂ ਤੁਹਾਨੂੰ ਉੱਤਰ ਦਿੰਦਾ ਹਾਂ। ਦਰਅਸਲ ਸਿਕੰਦਰ ਨੇ ਆਪਣੀ ਫ਼ੌਜੀ ਤਾਕਤ ਦੇ ਗ਼ਰੂਰ ਵਿਚ ਵਿਰੋਧੀ ਰਾਜੇ ਦੇ ਰਾਜ ਦੇ ਗੜ੍ਹ ਵਿਚ ਹਮਲਾ ਕਰ ਦਿੱਤਾ ਅਤੇ ਉਸ ਨੂੰ ਹਾਰ ਕੇ ਭੱਜਣਾ ਪਿਆ। ਉਸ ਮਾਈ ਦੇ ਕਹਿਣ ਦਾ ਤਾਤਪਰਯ ਇਹ ਸੀ ਕਿ ਖਾਣੇ ਨੂੰ ਕਿਨਾਰੇ ਤੋਂ ਖਾਣਾ ਸ਼ੁਰੂ ਕਰੋ ਨਾ ਕਿ ਵਿਚਾਲਿਓਂ ਕਿਉਂਕਿ ਖਾਣਾ ਕਿਨਾਰਿਆਂ ਤੋਂ ਜਲਦੀ ਠੰਢਾ ਹੋ ਕੇ ਖਾਣਯੋਗ ਹੋ ਜਾਂਦਾ ਹੈ ਜਦਕਿ ਵਿਚਾਲ਼ਿਓਂ ਖਾਣੇ ਦੀ ਪਰਤ ਮੋਟੀ ਹੋਣ ਕਰਕੇ ਜਲਦੀ ਠੰਢੀ ਨਹੀਂ ਹੁੰਦੀ। ਸਿਕੰਦਰ ਉਸ ਮਾਈ ਤੋਂ ਉਸ ਦਿਨ ਦੋ ਮਹੱਤਵਪੂਰਨ ਚੀਜ਼ਾਂ ਲੈ ਕੇ ਗਿਆ ਅਤੇ ਜ਼ਿੰਦਗੀ ਵਿਚ ਕਾਮਯਾਬ ਹੋਇਆ। ਇਕ ਤਾਂ ਉਸ ਨੇ ਖਿਚੜੀ ਨਾਲ਼ ਆਪਣੀ ਭੁੱਖ ਮਿਟਾਈ, ਦੂਸਰੇ ਉਸ ਨੇ ਮਾਈ ਕੋਲੋਂ ਜੰਗ ਲੜਨ ਦਾ ਬੇਸ਼ਕੀਮਤੀ ਤਰੀਕਾ ਹਾਸਿਲ ਕਰ ਲਿਆ। ਉਸ ਨੇ ਦੁਬਾਰਾ ਆਪਣੀ ਖਿੰਡੀ-ਪੁੰਡੀ ਤਾਕਤ ਇਕੱਠੀ ਕਰਕੇ ਵਿਰੋਧੀ ਰਾਜਿਆਂ ਦੇ ਛੋਟੇ-ਛੋਟੇ ਰਾਜਾਂ ਨੂੰ ਜਿੱਤਣਾ ਸ਼ੁਰੂ ਕੀਤਾ ਅਤੇ ਅੱਗੇ ਵਧਦਾ-ਵਧਦਾ ਅਖ਼ੀਰ ਇਕ ਅਜਿੱਤ ਤੇ ਮਹਾਨ ਰਾਜਾ ਹੋ ਨਿਬੜਿਆ ਅਤੇ ਸਿਕੰਦਰ ਮਹਾਨ ਕਹਿਲਾਇਆ। ਮੇਰੇ ਇਹ ਸਾਰੀ ਕਹਾਣੀ ਏਥੇ ਲਿਖਣ ਤੋਂ ਸਿਰਫ਼ ਇਹੀ ਭਾਵ ਹੈ ਕਿ ਤੁਸੀਂ ਪੂਰੀ ਮਿਹਨਤ ਨਾਲ਼ ਪਹਿਲਾਂ ਸਾਲਮ ਬਹਿਰਾਂ ਉਪਰ ਆਪਣੀ ਕਲਮ ਅਜ਼ਮਾਈ ਕਰਨਾ (ਜ਼ੋਰ ਅਜ਼ਮਾਈ ਨਹੀਂ) ਜੋ ਸੌਖਿਆਂ ਹੀ ਇਕ ਸਿਖਿਆਰਥੀ ਦੀ ਪਕੜ ਵਿਚ ਆ ਜਾਂਦੀਆਂ ਹਨ। ਫੇਰ ਹੌਲ਼ੀ-ਹੌਲ਼ੀ ਜ਼ਿਹਾਫ਼ੀਆਂ ਬਹਿਰਾਂ ਵੱਲ ਵਧਣਾ ਜਦੋਂ ਇਨ੍ਹਾਂ ਦੋਹਾਂ ਤਰੀਕਿਆਂ ਵਿਚ ਪਰਪੱਕ ਹੋ ਜਾਉ ਤਾਂ ਹੀ ਤਜਰਬੇ ਕਰਨ ਦੇ ਰਾਹ ਪੈਣਾ। ਜੇ ਤੁਸੀਂ ਸਿੱਧੇ ਹੀ ਤਜਰਬਿਆਂ ਦੇ ਰਾਹ ਪੈ ਗਏ ਤਾਂ ਤੁਹਾਡਾ ਹਾਲ ਵੀ ਹਾਰੇ ਸਿਕੰਦਰ ਵਰਗਾ ਹੀ ਹੋਵੇਗਾ। ਮੇਰੀ ਦਿਲੀ ਇੱਛਾ ਹੈ ਕਿ ਤੁਸੀਂ ਹਾਰੇ ਹੋਏ ਸਿਕੰਦਰ ਨਹੀਂ ਸਗੋਂ ਅਜਿੱਤ ਸਿਕੰਦਰ ਬਣੋ ਭਾਵ ਸਿਕੰਦਰ ਮਹਾਨ ਬਣੋ ਇਸ ਲਈ ਤੁਹਾਨੂੰ ਉਸ ਮਾਈ ਦਾ ਸਿਕੰਦਰ ਨੂੰ ਦੱਸਿਆ ਤਰੀਕਾ ਵਰਤੋਂ ਵਿਚ ਲਿਆਉਣਾ ਪਵੇਗਾ। ਇਹ ਤਰੀਕਾ ਸਦੀਆਂ ਤੋਂ ਹੋਂਦ ਵਿਚ ਹੈ ਅਤੇ ਤੁਹਾਨੂੰ ਇਸ ਦਾ ਪਤਾ ਵੀ ਹੋਵੇਗਾ। ਪਰ ਮੈਂ ਏਥੇ ਸਿਰਫ਼ ਏਸ ਲਈ ਲਿਖਿਆ ਹੈ ਕਿ ਜੇ ਤੁਹਾਡੀ ਯਾਦਦਾਸ਼ਤ ਕਮਜ਼ੋਰ



ਹੁੰਦੀ ਦਿਸੇ ਤਾਂ ਉਪਰੋਕਤ ਕੁਝ ਕੁ ਵਾਕ ਤੁਹਾਨੂੰ ਫਿਰ ਤੋਂ ਰਾਹ ਦਿਖਾ ਸਕਣ ਅਤੇ ਤੁਸੀਂ ਰਾਹੋਂ ਥਿੜਕ ਨਾ ਸਕੋਂ ਅਤੇ ਗ਼ਜ਼ਲ ਦੀ ਮੰਜ਼ਿਲੇ-ਮਕਸੂਦ ਪਾ ਸਕੋ। ਆਮੀਨ...!

ਪਿਆਰੇ ਸਿਖਿਆਰਥੀਓ! ਪੰਦਰਾਂ ਜੂਨ ਮੇਰਾ ਬਰਥ-ਡੇ ਹੈ। ਇਸੇ ਦਿਨ ਸੰਨ 1944 ਵਿਚ ਪਰਮਾਤਮਾ ਨੇ ਮੈਨੂੰ ਇਹ ਜੀਵਨ-ਰੂਪੀ ਅਮੁੱਲ ਤੁਹਫ਼ਾ ਦਿੱਤਾ ਸੀ ਅਤੇ ਅੱਜ ਸੰਨ 2012 ਦੀ ਪੰਦਰਾਂ ਜੂਨ ਨੂੰ ਆਪਣੇ 69ਵੇਂ ਜਨਮ-ਦਿਨ ਉਪਰ ਮੈਂ ਇਹ **'ਸੁਖ਼ੈਨ ਗ਼ਜ਼ਲ'** ਨਾਮੀਂ ਕਿਤਾਬ ਦਾ ਤੁਹਫ਼ਾ ਤੁਹਾਨੂੰ ਭੇਟ ਕਰ ਰਿਹਾ ਹਾਂ। ਜਿਵੇਂ ਪਰਮਾਤਮਾ ਦਾ ਦਿੱਤਾ ਹੋਇਆ ਇਹ ਜੀਵਨ-ਤੁਹਫ਼ਾ ਮੈਨੂੰ ਹਮੇਸ਼ਾ ਮੁਸ਼ਕਿਲਾਂ ਨਾਲ਼ ਲੜਨ ਦੀ ਅਤੇ ਹਮੇਸ਼ਾ ਅੱਗੇ ਵਧਣ ਦੀ ਪਰੇਰਨਾ ਦਿੰਦਾ ਰਿਹਾ ਹੈ ਉਸੇ ਤਰ੍ਹਾਂ ਇਹ **'ਸੁਖ਼ੈਨ ਗ਼ਜ਼ਲ'** ਤੁਹਾਨੂੰ ਗ਼ਜ਼ਲ ਦੇ ਰਾਹ ਵਿਚ ਆਉਂਦੀ ਹਰ ਚਿੰਤਾ, ਹਰ ਸੋਚ, ਹਰ ਰੁਕਾਵਟ ਨੂੰ ਦੂਰ ਕਰਨ ਵਿਚ ਸਹਾਈ ਹੋਵੇ, ਇਹੀ ਮੇਰੀ ਦਿਲੀ ਕਾਮਨਾ ਹੈ, ਇਹੀ ਮੇਰੀ ਪਰੇਰਨਾ ਹੈ, ਇਹੀ ਦੁਆ ਹੈ ਅਤੇ ਇਹ ਉਤਸ਼ਾਹ ਹੈ। ਆਮੀਨ...!

ਗੁਰਦਰਸ਼ਨ 'ਬਾਦਲ'
15 ਜੂਨ 2012

♦♦♦